ਕੈਨੇਡਾ ਦਰਪਣ

ਅਗਸਤ 16, 1984

August 16, 1984

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ।

AUGUST 16, 1984

Second Class Mail - Reg. No. 5991 ਕੀਮਤ 30¢

Out of Greater Vancouver Price 40¢

ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 3 No. 30 August 16, 1984
Editor's Res. PHONE. (604)321-6360

THE CANADA DARPAN
Punjabi Fortnightly Newspaper

2 ਸਤੰਬਰ ਨੂੰ ਸਿੱਖ ਕਾਨਫਰੰਸ

'ਸਰਬੱਤ ਖਾਲਸਾ' ਦੇ ਨਾਂ ਹੇਠ ਕਾਨਫਰੰਸ ਦਾ ਵਿਰੋਧ

ਅੰਮ੍ਰਿਤਸਰ - ਪੰਜ ਸਿੰਘ ਸਾਹਿਬਾਨ ਨੇ 11 ਅਗਸਤ ਨੂੰ ਹੋਈ ਕਾਨਫਰੰਸ ਨੂੰ ਸਰਕਾਰੀ ਕਾਨਫਰੰਸ ਦਾ ਨਾਂ ਦਿੱਤਾ ਹੈ। ਇਸ ਕਾਨਫਰੰਸ ਨੂੰ ਰੱਦ ਕਰਦੇ ਹੋਏ ਪੰਜ ਸਿੰਘ ਸਾਹਿਬਾਨ ਨੇ ਸੰਸਾਰ ਭਰ ਦੇ ਸਿੱਖ ਲੀਡਰਾਂ ਦੀ ਇੱਕ ਕਾਨਫਰੰਸ 2 ਸਤੰਬਰ ਨੂੰ ਬੁਲਾਈ ਹੈ।

11 ਅਗਸਤ ਨੂੰ ਹੋਈ ਕਾਨਫਰੰਸ

11 ਅਗਸਤ ਨੂੰ ਹੋਈ 'ਸਰਬੱਤ ਖਾਲਸਾ' ਦੇ ਨਾਂ ਥੱਲੇ ਕਾਨਫਰੰਸ ਦਾ ਅੰਮ੍ਰਿਤਸਰ ਵਿੱਚ ਸਿੱਖਾਂ ਵੱਲੋਂ ਬਾਈਕਾਟ ਕੀਤਾ ਗਿਆ ਪਰ ਪੰਜਾਬ ਦੇ ਵੱਖ ਵੱਖ ਥਾਵਾਂ ਤੋਂ ਅਤੇ ਦੂਜੇ ਸੂਬਿਆਂ ਤੋਂ ਟਰੱਕਾਂ, ਬੱਸਾਂ, ਟਰਾਲੀਆਂ ਤੇ ਲਿਆਂਦੇ ਗਏ 75,000 ਸਿੱਖਾਂ ਨੇ ਇਸ ਕਾਨਫਰੰਸ ਵਿੱਚ ਹਿੱਸਾ ਲਿਆ। ਕਈਆਂ ਅਖਬਾਰ ਏਜੰਸੀਆਂ ਨੇ ਇਹ ਗਿਣਤੀ 50,000 ਵੀ ਦੱਸੀ ਹੈ। ਪੀ. ਟੀ. ਆਈ. ਅਨੁਸਾਰ ਇਹ ਗਿਣਤੀ ਇੱਕ ਲੱਖ ਤੋਂ ਉਪਰ ਦੱਸੀ ਗਈ ਹੈ।

ਪ੍ਰਤੀਨਿਧ ਅਨੁਸਾਰ ਇਸ ਨੂੰ 'ਸਰਬੱਤ ਖਾਲਸਾ ਕਾਨਫਰੰਸ' ਦਾ ਨਾਂ ਦਿੱਤਾ ਗਿਆ। ਜਦ ਕਿ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਸਰਕਾਰੀ ਕਾਨਫਰੰਸ ਦਾ ਨਾਂ ਦਿੱਤਾ ਹੈ।

ਇਸ ਕਾਨਫਰੰਸ ਦੀ ਪ੍ਰਧਾਨਗੀ ਪਟਨਾ ਸਾਹਿਬ ਦੇ ਜਥੇਦਾਰ ਮਾਨ ਸਿੰਘ ਨੇ ਕੀਤੀ ਅਤੇ ਬੁੱਢਾ ਦਲ ਦੇ ਨਿਹੰਗ ਆਗੂ ਬਾਬਾ ਸੰਤਾ ਸਿੰਘ ਨੂੰ 'ਕਾਰ ਸੇਵਾ' ਸੰਭਾਲਣ ਤੇ 'ਸਿਰੋਪਾ' ਦਿੱਤਾ ਗਿਆ। ਯਾਦ ਰਹੇ ਕਿ ਸਭ ਵਿਰੋਧੀ ਪਾਰਟੀਆਂ ਨੇ ਵੀ ਬਾਬਾ ਸੰਤ ਸਿੰਘ ਵੱਲੋਂ 1 ਅਗਸਤ ਤੋਂ ਸ਼ੁਰੂ ਕੀਤੀ 'ਕਾਰ ਸੇਵਾ' ਦਾ ਵਿਰੋਧ ਕੀਤਾ ਹੈ। ਕਾਨਫਰੰਸ ਦੇ ਬੁਲਾਰਿਆਂ ਨੇ ਸਿੰਘ ਸਾਹਿਬਾਨ ਦੇ ਬਿਆਨਾਂ ਦੀ ਆਲੋਚਨਾ ਕੀਤੀ ਅਤੇ ਜਥੇਦਾਰ ਟੌਹੜਾ ਅਤੇ ਸੰਤ ਲੌਂਗੋਵਾਲ ਨੂੰ ਇਸ ਸਥਿਤੀ ਦਾ 'ਦੋਸ਼ੀ' ਗਰਦਾਨਿਆ।

ਪਹਿਲਾਂ ਫੌਜ ਬਾਹਰ ਨਿਕਲੇ

ਸਿੰਘ ਸਾਹਿਬਾਨਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜਿੰਨਾ ਚਿਰ ਫੌਜ ਕੰਪਲੈਕਸ ਵਿੱਚੋਂ ਬਾਹਰ ਨਹੀਂ ਕੱਢੀ ਜਾਂਦੀ ਉਨ੍ਹਾਂ ਚਿਰ 'ਕਾਰ ਸੇਵਾ' ਨਹੀਂ ਕਰਨ ਦਿੱਤੀ ਜਾਵੇਗੀ।


ਨਿਹੰਗ ਸਿੰਘਾਂ ਨੂੰ ਕਾਂਗਰਸੀ ਆਸ਼ੀਰਵਾਦ

ਨਿਹੰਗ ਬਾਬਾ ਸੰਤਾ ਸਿੰਘ ਨੂੰ ਕੇਂਦਰ ਸਰਕਾਰ ਦੇ ਕਾਂਗਰਸੀ ਲੀਡਰਾਂ ਦੀ ਥਾਪਨਾ ਪ੍ਰਾਪਤ ਦੱਸੀ ਜਾਂਦੀ ਹੈ। ਪੰਜਾਬ ਦੇ ਲੋਕਾਂ ਵਿੱਚ ਪਹਿਲਾਂ ਹੀ ਗੁੱਸੇ ਦੀ ਭਾਵਨਾ ਪ੍ਰਬਲ ਹੋਣ ਕਾਰਨ ਹਥਿਆਰਬੰਦ ਨਿਹੰਗ ਜਦੋਂ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਘੁੰਮਦੇ ਹਨ ਤਾਂ ਅਕਸਰ ਲੋਕ ਸਵਾਲ ਪੁੱਛਦੇ ਹਨ ਕਿ ਹੁਣ ਕੇਂਦਰ ਦਾ ਇਹ ਦੋਸ਼ ਕਿ ਇਥੇ ਹਥਿਆਰ ਨਹੀਂ ਲਿਜਾਏ ਜਾ ਸਕਦੇ, ਬਿਲਕੁੱਲ ਥੋਥਾ ਸਾਬਤ ਹੁੰਦਾ ਹੈ। ਕਈ ਰਾਜਸੀ ਲੋਕਾਂ ਦਾ ਵਿਚਾਰ ਹੈ ਕਿ ਇੰਨ੍ਹਾਂ ਹਥਿਆਰਬੰਦ ਨਿਹੰਗ ਜੱਥਿਆਂ ਦੇ ਇੱਥੇ ਰਹਿਣ ਨਾਲ ਲੋਕਾਂ ਵਿੱਚ ਗੁੱਸਾ ਹੋਰ ਵੀ ਭੜਕੇਗਾ।

ਬਾਕੀ ਸਫਾ 7 ਤੇ

ਘੱਲੂਘਾਰਾ ਅੰਕ

ਫੌਜੀ ਕਾਰਵਾਈ ਤੋਂ ਬਾਅਦ ਦਰਬਾਰ ਸਾਹਿਬ ਅੰਮ੍ਰਿਤਸਰ ਜਿਥੇ ਹਰ ਸਮੇਂ ਸੰਗਤਾਂ ਦੀ ਗਹਿ-ਮਾਗਹਿਮੀ ਰਹਿੰਦੀ ਸੀ ਤੇ ਰਸ ਭਿੰਨਾ ਕੀਰਤਨ ਵਾਤਾਵਰਨ ਵਿਚ ਗੂੰਜਦਾ ਰਹਿੰਦਾ ਸੀ।



ਭਾਰਤ ਓਲਿੰਪਕ ਹਾਕੀ ਵਿੱਚ ਪੰਜਵੇਂ ਨੰਬਰ ਤੇ

ਲਾਸ ਏਂਜਲਸ - ਪਾਕਿਸਤਾਨ 1968 ਤੋਂ ਪਿੱਛੋਂ ਦੁਬਾਰਾ ਸੋਨੇ ਦਾ ਤਗਮਾ ਲੈ ਗਿਆ ਹੈ ਜਦ ਕਿ ਭਾਰਤ ਪੰਜਵੇਂ ਨੰਬਰ ਤੇ ਚਲਾ ਗਿਆ ਹੈ। ਭਾਰਤ 1980 ਵਿੱਚ ਓਲਿੰਪਕ ਚੈਂਪੀਅਨ ਸੀ।

ਹਾਕੀ ਵਿੱਚ ਪਾਕਿਸਤਾਨ ਨੇ ਪਹਿਲਾ ਸਥਾਨ ਪੱਛਮੀਂ ਜਰਮਨੀ ਨੂੰ ਓਵਰਟਾਈਮ ਵਿੱਚ 2 - 1 ਦੇ ਮੁਕਾਬਲੇ ਨਾਲ ਹਰਾ ਕੇ ਜਿੱਤਿਆ। ਇਸ ਤਰ੍ਹਾਂ ਚਾਂਦੀ ਦਾ ਤਗਮਾ ਪੱਛਮੀਂ ਜਰਮਨੀ ਨੇ ਹਾਸਲ ਕੀਤਾ ਤੇ ਪਿੱਤਲ ਤਾ ਤਗਮਾ ਇੰਗਲੈਂਡ ਨੂੰ ਮਿਲਿਆ ਜਿਸ ਨੇ ਆਸਟਰੇਲੀਆ ਨੂੰ 3 2 ਦੇ ਮੁਕਾਬਲੇ ਨਾਲ ਹਰਾਇਆ। ਇਸ ਤਰ੍ਹਾਂ ਆਸਟਰੇਲੀਆ ਚੌਥੇ ਨੰਬਰ ਤੇ ਰਿਹਾ।

ਹਾਲੈਂਡ ਨੂੰ 5 - 2 ਦੇ ਮੁਕਾਬਲੇ ਨਾਲ ਹਰਾ ਕੇ ਭਾਰਤ ਪੰਜਵੇਂ ਨੰਬਰ ਤੇ ਰਿਹਾ।

ਓਲਿੰਪਕ ਵਿੱਚ ਚਾਰ ਸੌ ਮੀਟਰ ਦੀ ਹਰਡਲ ਵਿੱਚ ਭਾਰਤ ਦੀ ਦੌੜਾਕ ਊਸ਼ਾ ਚੌਥੇ ਨੰਬਰ ਤੇ ਰਹੀ। ਇਸ ਤਰ੍ਹਾਂ ਬਹੁਤ ਦੇਰ ਬਾਅਦ ਮਿਲਖਾ ਸਿੰਘ ਵਾਲੀ ਥਾਂ ਊਸ਼ਾ ਨੇ ਵੀ ਮੱਲ ਲਈ ਹੈ। ਮਿਲਖਾ ਸਿੰਘ ਵੀ ਓਲਿੰਪਕ ਵਿੱਚ 400 ਮੀਟਰ ਦੀ ਦੌੜ ਵਿੱਚ ਚੌਥੇ ਨੰਬਰ ਤੇ ਰਿਹਾ ਸੀ।

ਸਭ ਤੋਂ ਵੱਧ ਤਗਮੇ ਅਮਰੀਕਾ ਨੇ ਜਿੱਤੇ। ਦੂਜੇ ਨੰਬਰ ਤੇ ਰੁਮਾਨੀਆ, ਤੀਜੇ ਉਤੇ ਪੱਛਮੀ ਜਰਮਨੀ ਅਤੇ ਚੌਥੇ ਨੰਬਰ ਤੇ ਚੀਨ ਰਿਹਾ। ਕੈਨੇਡਾ ਨੇ 43 ਤਗਮੇ ਜਿੱਤੇ ਤੇ ਛੇਵਾਂ ਨੰਬਰ ਹਾਸਲ ਕੀਤਾ।

ਸਿਆਟਲ ਨੇੜੇ ਤਿੰਨ ਭਾਰਤੀ ਕਤਲ

ਸਿਆਟਲ - ਪਹਿਲੀ ਅਗਸਤ ਨੂੰ ਸਿਆਟਲ ਲਾਗੇ ਟੈਕੋਮਾ ਸ਼ਹਿਰ ਵਿੱਚ ਮਹਾਂਰਾਸ਼ਟਰ ਦੇ ਰਹਿਣ ਵਾਲੇ ਪ੍ਰਮੋਦ ਗਾਦਰੇ, ਉਨ੍ਹਾਂ ਦੀ ਪਤਨੀ ਅਤੇ ਇੱਕ ਸਰਕਾਰੀ ਸਾਇੰਸਦਾਨ ਲੀਲਾ ਨਵਾਸਕਰ ਦਾ ਕਤਲ ਕਰ ਦਿੱਤਾ। ਉਨ੍ਹਾਂ ਤੇ ਉਸ ਵੇਲੇ ਗੋਲੀਆਂ ਚਲਾਈਆਂ ਗਈਆਂ ਜਦੋਂ ਉਹ ਸ਼ਾਪਿੰਗ ਕਰਕੇ ਘਰ ਮੁੜੇ ਟੈਕੋਮਾ ਪੁਲਿਸ ਦਾ ਕਹਿਣਾ ਹੈ ਕਿ ਉਸ ਨੇ ਕੋਈ ਸ਼ੱਕੀ ਆਦਮੀ ਅਜੇ ਨਹੀਂ ਫੜਿਆ। ਇਸ ਤੀਹਰੇ ਕਤਲ ਦੀ ਪੜਤਾਲ ਐਫ. ਬੀ. ਆਈ ਕਰ ਰਹੀ ਹੈ।

ਸਨਫਰਾਂਸਿਸਕੋ ਤੋਂ ਮਿਲੀਆਂ ਖਬਰਾਂ ਅਨੁਸਾਰ ਪੋਰਟਲੈਂਡ ਵਿੱਚ ਵੀ ਇੱਕ ਮੰਦਰ ਤੇ ਬੰਬ ਸੁੱਟਿਆ ਗਿਆ। ਕੰਨਸਾਸ ਸਿਟੀ ਵਿੱਚੋਂ ਇੱਕ ਭਾਰਤੀ ਡਾਕਟਰ ਵੀ ਅਗਵਾ ਕਰ ਲਿਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਹੋ ਸਕਦਾ ਹੈ ਕਿ ਇਹ ਤਿੰਨੇ ਘਟਨਾਵਾਂ ਪਿੱਛੇ ਇੱਕੋ ਹੀ ਕਾਰਨ ਹੋਵੇ। ਪੋਰਟਲੈਂਡ ਪੁਲਿਸ ਦਾ ਕਹਿਣਾ ਹੈ ਕਿ ਮੰਦਰ ਤੇ ਬੰਬ ਸੁੱਟਣ ਵਾਲਾ ਵਿਅਕਤੀ ਇੱਕ ਦੋ ਦਿਨ ਅੰਦਰ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ ਪਰ ਹੋ ਸਕਦਾ ਹੈ ਕਿ ਟੈਕੋਮਾ ਦੇ ਕਤਲਾਂ ਅਤੇ ਡਾਕਟਰ ਦੇ ਅਗਵਾ ਹੋਣ ਵਿੱਚ ਉਸ ਵਿਅਕਤੀ ਦਾ ਹੱਥ ਨਾ ਹੋਵੇ। ਜਿਸ ਮੰਦਰ ਤੇ ਬੰਬ ਸੁੱਟਿਆ ਗਿਆ ਸੀ ਉਹ ਅਮਰੀਕਨਾਂ ਵੱਲੋਂ ਹੀ ਬਣਾਇਆ ਗਿਆ ਹੈ ਜੋ ਵੇਦਾਂਤਕ ਕਹਾਉਂਦੇ ਹਨ।

ਸਟੇਟ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੁੱਝ ਲੋਕਾਂ ਨੂੰ ਮੌਤ ਦੀਆਂ ਧਮਕੀਆਂ ਦੇ ਪੱਤਰ ਮਿਲੇ ਹਨ ਅਤੇ ਐਫ. ਬੀ. ਆਈ. ਇਨ੍ਹਾਂ ਦੀ ਸਰਗਰਮੀ ਲਾਲ ਪੜਤਾਲ ਕਰ ਰਹੀ ਹੈ। ਪ੍ਰਮੋਦ ਗਾਦਰੇ ਭਾਵੇਂ ਮਹਾਂਰਾਸ਼ਟਰ ਵਿੱਚ ਹਿੰਦੂ ਪ੍ਰਵਾਰ ਵਿੱਚ ਪੈਦਾ ਹੋਏ ਪਰ ਉਨ੍ਹਾਂ ਈਸਾਈ ਧਰਮ ਅਪਣਾ ਲਿਆ ਹੋਇਆ ਸੀ। ਲੀਨਾ ਨਵਾਸਕਰ ਪ੍ਰਮੋਦ ਗਾਦਰੇ ਦੀ ਘਰ ਵਾਲੀ ਦੀ ਭੈਣ ਸੀ, ਪਰ ਉਹ ਈਸਾਈ ਨਹੀਂ ਸੀ ਬਣੀ। ਉਹ ਸੰਸਾਰ ਸਿਹਤ ਕਾਨਫਰੰਸ ਵਿੱਚ ਹਿੱਸਾ ਲੈਣ ਆਈ ਹੋਈ ਸੀ। ਕਤਲਾਂ ਦੀ ਕਹਾਣੀ ਇਸ ਤਰ੍ਹਾਂ ਦੱਸੀ ਜਾਂਦੀ ਹੈ ਕਿ ਇਹ ਤਿੰਨੇ ਜਦ ਸ਼ਾਪਿੰਗ ਕਰਕੇ ਵਾਪਸ ਆਏ ਤਾਂ ਪ੍ਰਮੋਦ ਗਾਦਰੇ ਕਾਰ ਪਾਰਕ ਕਰ ਰਿਹਾ ਸੀ ਜਦ ਕਿ ਦੋਵੇਂ ਭੈਣਾਂ ਘਰ ਅੰਦਰ ਦਾਖਲ ਹੋਈਆਂ। ਕਾਤਲ ਪਹਿਲਾਂ ਹੀ ਘਰ ਵਿੱਚ ਮੌਜੂਦ ਸੀ ਅਤੇ ਇਨ੍ਹਾਂ ਦੀ ਉਡੀਕ ਕਰ ਰਿਹਾ ਸੀ। ਉਸ ਨੇ ਗੋਲੀਆਂ ਚਲਾ ਕੇ ਉਹ ਤਾਂ ਉਥੇ ਹੀ ਢੇਰੀ ਕਰ ਦਿੱਤੀਆਂ ਅਤੇ ਉਸ ਨੇ ਬਾਹਰ ਆ ਕੇ ਪ੍ਰਮੋਦ ਗਾਦਰੇ ਨੂੰ ਮਜਬੂਰ ਕੀਤਾ ਕਿ ਉਹ ਕਾਰ ਵਿੱਚ ਉਸ ਨੂੰ ਕਿਤੇ ਛੱਡ ਕੇ ਆਵੇ।

ਪ੍ਰਮੋਦ ਗਾਦਰੇ ਬਾਰੇ ਦੱਸਿਆ ਗਿਆ ਹੈ ਕਿ ਉਸ ਦਾ ਟੈਕੋਮਾ ਵਿੱਚ ਰੈਸਟੋਰਾਂ ਸੀ ਅਤੇ ਉਹ ਵੈਨਕੂਵਰ ਆਪਣੀ ਗਰੋਸਰੀ ਲੈਣ ਲਈ ਅਕਸਰ ਆਉਂਦਾ ਸੀ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਹਿਲੇ ਮੁੱਖ ਵਾਕ ਬਾਰੇ

ਸਤੰਬਰ 1983 ਦੇ ਸਿੱਖ ਸਮਾਚਾਰ ਦੇ ਸੰਪਾਦਕੀ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਹਿਲੇ ਮੁੱਖ ਵਾਕ ਬਾਰੇ ਜ਼ਿਕਰ ਸੀ। ਦਾਸ ਵੱਲੋਂ ਲੇਖਕ ਪ੍ਰੋ: ਸਰਦੂਲ ਸਿੰਘ ਜੀ ਗਿਆਨੀ ਦਾ ਹਵਾਲਾ ਦੇਣ ਤੋਂ ਗਲਤੀ ਹੋ ਗਈ ਸੀ। ਇਸ ਸਾਰੇ ਭੁਲੇਖੇ, ਭੁੱਲ ਦੀ ਸੋਧ ਅਤੇ ਸਪੱਸ਼ਟੀਕਰਨ ਸਿੱਖ ਸਮਾਚਾਰ ਦੇ ਨਵੰਬਰ 1983 ਦੇ ਸਫਾ 15 ਉਪਰ ਬੜੇ ਸਪੱਸ਼ਟ ਅਤੇ ਮੋਟੇ ਅੱਖਰਾਂ ਵਿੱਚ ਐਡੀਟਰ ਸਿੱਖ ਸਮਾਚਾਰ ਰਾਜਿੰਦਰ ਸਿੰਘ ਪੰਧੇਰ ਵੱਲੋਂ ਛਾਪਿਆ ਗਿਆ।

ਨਾਲ ਹੀ ਦਾਸ ਨੇ ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਸਕੱਤਰ ਧਰਮ ਪ੍ਰਚਾਰ ਕਮੇਟੀ, ਨੂੰ ਪੱਤਰ ਲਿਖਿਆ। ਜਿਸ ਦਾ ਉਤਰ ਸੰਪਾਦਕ 'ਗੁਰਮੱਤ ਪ੍ਰਕਾਸ਼' (ਸ਼੍ਰੋ: ਕਮੇਟੀ ਦਾ ਆਫੀਸ਼ਲ ਧਾਰਮਿਕ ਰਸਾਲਾ) ਨਜ਼ ਸਿੱਖ ਸਮਾਚਾਰ ਨੂੰ ਭੇਜਿਆ ਜੋ ਕਿ ਅਪਰੈਲ 1984 ਦੇ ਸਿੱਖ ਸਮਾਚਾਰ ਵਿੱਚ ਸਫਾ 34 ਤੇ ਹੂ ਬਹੂ ਛਾਪਿਆ ਗਿਆ। ਤਾਂ ਕਿ ਸਭ ਭੁਲੇਖੇ ਦੂਰ ਹੋ ਸਕਣ ਅਤੇ ਵਾਦ ਵਿਵਾਦ ਖਤਮ ਹੋ ਜਾਵੇ। ਦਾਸ ਵੱਲੋਂ ਹੋਈ ਭੁੱਲ ਦੀ ਮੁਆਫੀ ਪਹਿਲਾਂ ਹੀ ਮੰਗੀ ਜਾ ਚੁੱਕੀ ਸੀ। (ਨਵੰਬਰ 1983 ਦੇ ਸਿੱਖ ਸਮਾਚਾਰ ਸਫਾ 15 ਤੇ)

ਮੇਰਾ ਹਵਾਲਾ ਗੁਰਮੱਤ ਪ੍ਰਕਾਸ਼ ਵਿੱਚੋ ਸੀ, ਦਾਸ ਨੇ ਕਦੇ ਕਿਸੇ ਕਿਸਮ ਦਾ ਦਾਅਵਾ ਜਾਂ ਜ਼ਿਦ ਨਹੀਂ ਕੀਤੀ। ਪਰ ਹੈਰਾਨੀ ਦੀ ਗੱਲ ਹੈ ਕਿ ਸਿੱਖ ਸਮਾਚਾਰ ਦੇ ਸਹਾਇਕ ਐਡੀਟਰ ਸ: ਪੂਰਨ ਸਿੰਘ ਗਿੱਲ ਨੇ ਇੰਨ੍ਹਾਂ ਸਭ ਹਵਾਲਿਆਂ, ਅੰਮ੍ਰਿਤਸਰ ਦੇ ਖੱਤ ਅਤੇ ਮੇਰੇ ਸਪੱਸ਼ਟੀਕਰਨ ਦੇ ਬਾਵਜੂਦ ਵੀ ਪਹਿਲੀ ਜੂਨ 1984 ਦੇ 'ਕੈਨੇਡਾ ਦਰਪਣ' ਵਿੱਚ ਸ਼ਾਇਦ ਆਪਣੀ ਅਖੌਤੀ ਉਚਤਾ ਜਾਂ ਈਰਖਾ ਦਾ ਇਜ਼ਹਾਰ ਕਰਨ ਲਈ ਐਵੇਂ ਫਜ਼ੂਲ ਸਪੱਸ਼ਟੀਕਰਨ ਦੇ ਮਾਰਿਆ ਜੋ ਕਿ ਬੇਲੋੜਾ ਸੀ। ਕਿਉਂਕਿ ਇਸ ਤੋਂ ਪਹਿਲਾਂ ਸਿੱਖ ਸਮਾਚਾਰ ਦੇ ਦੋ ਐਡੀਸ਼ਨਾਂ 132 ਅਤੇ 136 ਵਿੱਚ ਸਭ ਕੁੱਝ ਸਪੱਸ਼ਟ ਕੀਤਾ ਜਾ ਚੁੱਕਾ ਸੀ।

ਐਸਾ ਲੱਗਦਾ ਹੈ ਜਾਂ ਤਾਂ ਸ: ਪੂਰਨ ਸਿੰਘ ਗਿੱਲ ਹੋਰਾਂ ਨੇ ਉਹ ਸਭ ਕੁੱਝ ਸਿੱਖ ਸਮਾਚਾਰ ਦੇ ਸਹਾਇਕ ਐਡੀਟਰ ਹੁੰਦੇ ਹੋਏ ਧਿਆਨ ਅਤੇ ਜ਼ੁੰਮੇਵਾਰੀ ਨਾਲ ਨਹੀਂ ਪੜ੍ਹਿਆ ਜਾਂ ਫਿਰ ਐਵੇਂ ਖਾਹ-ਮਖਾਹ ਨੁਕਤਾਚੀਨੀ ਕਰਨ ਕਰਕੇ ਹੀ ਕੀਤਾ ਹੈ। ਇੱਕ ਵਾਰੀ ਫੋਨ ਤੇ ਵੀ ਦਾਸ ਨੇ ਉਨ੍ਹਾਂ ਨਾਲ ਸਾਰੀ ਗੱਲ ਸਾਫ ਕਰ ਦਿੱਤੀ ਸੀ। ਪਤਾ ਨਹੀਂ ਫਿਰ ਇੰਨ੍ਹਾਂ ਨੂੰ ਇਸ ਗੱਲ ਨੂੰ ਦੁਬਾਰਾ ਤੋਰਨ ਦਾ ਸ਼ੌਕ ਕਿਵੇਂ ਜਾਗਿਆ? ਕਿੰਨਾ ਚੰਗਾ ਹੁੰਦਾ ਜੇ ਲਿਖਣ ਤੋਂ ਪਹਿਲਾਂ ਇਹ ਫਿਰ ਮੇਰੇ ਨਾਲ ਗੱਲ ਕਰ ਲੈਂਦੇ।

ਅੰਤ ਵਿੱਚ ਵਾਹਿਗੁਰੂ ਅੱਗੇ ਇਹੀ ਅਰਦਾਸ ਹੈ ਕਿ ਦਾਤਾ ਸਭ ਨੂੰ ਸੂਝ ਅਤੇ ਬਲ ਬਖਸ਼ੇ ਤਾਂ ਕਿ ਸਾਫ ਦਿਲ ਨਾਲ ਪੰਥਕ ਸੇਵਾ ਕਰਦੇ ਰਹੀਏ। ਪੰਥ ਉਪਰ ਇਸ ਵੇਲੇ ਬਹੁਤ ਹੀ ਭੀੜ ਦਾ ਸਮਾਂ ਹੈ। ਹੁਣ ਸਵਾਲ ਸਿੱਖੀ ਨੂੰ ਖਤਮ ਕਰਨ ਲਈ ਕੇਂਦਰੀ ਸਰਕਾਰ ਵੱਲੋਂ ਸਿੱਖੀ ਦੇ ਧੁਰੇ ਉਪਰ ਕੀਤੇ ਸ਼ਰਮਨਾਕ ਫੌਜੀ ਹਮਲੇ ਵਜੋਂ ਪੈਦਾ ਹੋਏ ਹਾਲਾਤ ਦਾ ਏਕੇ ਨਾਲ ਮੁਕਾਬਲਾ ਕਰਨ ਦਾ ਹੈ ਨਾ ਕਿ ਆਪਸ ਵਿੱਚ ਲੜਨਾ ਜਾਂ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਦਾ। ਵਾਹਿਗੁਰੂ ਸਭ ਹੈ ਸੁਮੱਤ ਬਖਸ਼ੇ।

ਗੁਰੂ ਪੰਥ ਦਾ ਦਾਸ
ਰਾਜਿੰਦਰ ਸਿੰਘ ਪੰਧੇਰ
ਐਡੀਟਰ 'ਸਿੱਖ ਸਮਾਚਾਰ' ਵੈਨਕੋਵਰ

ਗਿਆਨੀ ਜ਼ੈਲ ਸਿੰਘ ਦਾ ਸਮਾਜਿਕ ਬਾਈਕਾਟ

ਨਵੀਂ ਦਿੱਲੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਗਿਆਨੀ ਜ਼ੈਲ ਸਿੰਘ, ਕੇਂਦਰੀ ਮੰਤਰੀ ਬੂਟਾ ਸਿੰਘ, ਜਨਰਲ ਰਣਜੀਤ ਸਿੰਘ ਦਿਆਲ ਤੇ ਕੇ. ਐਸ. ਬਰਾੜ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ।

ਲੋਕ ਸਭਾ ਵਿੱਚ ਮਨੀਰਾਮ ਬਾਗੜੀ ਨੇ ਇਹ ਸਵਾਲ ਉਠਾਇਆ ਕਿ ਲੋਕ ਸਭਾ ਫੌਜੀ ਅਫਸਰਾਂ ਦੀ ਮਾਣ ਮਰਿਆਦਾ ਕਾਇਮ ਰੱਖੇ। ਲੋਕ ਸਭਾ ਦੇ ਸਪੀਕਰ ਬਲਰਾਮ ਜਾਖੜ ਨੇ ਕਿਹਾ ਕਿ 'ਕੁੱਝ ਲੋਕ ਪਤਾ ਨਹੀਂ ਕਿਹੜੀ ਸਦੀ ਵਿੱਚ ਰਹਿ ਰਹੇ ਹਨ।'

ਫੌਜ ਛੱਡਣ ਵਾਲੇ ਸਿੱਖ ਫੌਜੀਆਂ ਨੂੰ ਦੁਬਾਰਾ ਨੌਕਰੀ

ਨਵੀਂ ਦਿੱਲੀ - 25 ਵਿਸ਼ੇਸ਼ ਵਿਅਕਤੀਆਂ ਵੱਲੋਂ ਇਹ ਮੰਗ ਕੀਤੀ ਗਈ ਹੈ ਕਿ ਜੋ ਵੀ ਸਿੱਖ ਫੌਜੀ ਫੌਜ ਛੱਡ ਕੇ ਗਏ ਹਨ ਉਨ੍ਹਾਂ ਨੂੰ ਦੁਬਾਰਾ ਉਨ੍ਹਾਂ ਦੀਆਂ ਨੌਕਰੀਆਂ ਤੇ ਬਹਾਲ ਕੀਤਾ ਜਾਵੇ। ਇਹ ਅਪੀਲ ਵੀ ਕੀਤੀ ਗਈ ਹੈ ਕਿ ਸਰਕਾਰ ਸਾਰੇ ਅਕਾਲੀ ਲੀਡਰਾਂ ਨੂੰ ਰਿਹਾ ਕਰੇ ਅਤੇ ਉਨ੍ਹਾਂ ਨਾਲ ਰਾਜਸੀ ਪੱਧਰ ਤੇ ਗੱਲਬਾਤ ਕਰੇ।

ਅਪੀਲ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਤੁਰੰਤ ਹਵਾਲੇ ਕੀਤਾ ਜਾਵੇ। ਇੰਨ੍ਹਾਂ ਵਿਅਕਤੀਆਂ ਵਿੱਚ ਪੱਤਰਕਾਰ, ਧਾਰਮਿਕ ਵਿਅਕਤੀ, ਪ੍ਰੋਫੈਸਰ ਅਤੇ ਸਮਾਜਿਕ ਕੰਮਾਂ ਵਿੱਚ ਕੰਮ ਕਰਨ ਵਾਲੇ ਵਿਅਕਤੀ ਸ਼ਾਮਲ ਹਨ।

ਰਾਜ ਨਰਾਇਣ ਚੰਦਰ ਸ਼ੇਖਰ ਤੇ ਵਰ੍ਹਿਆ

ਪਟਨਾ - ਜਨਤਾ ਪਾਰਟੀ ਲੀਡਰ ਰਾਜ ਨਰਾਇਣ ਨੇ ਏਥੇ ਕਿਹਾ ਕਿ ਉਹ ਚੰਦਰ ਸ਼ੇਖਰ ਵਿਰੁੱਧ ਉਨ੍ਹਾਂ ਚਿਰ ਆਪਣਾ ਪ੍ਰਚਾਰ ਜਾਰੀ ਰੱਖਣਗੇ ਜਿੰਨ੍ਹਾਂ ਚਿਰ ਤੱਕ ਉਹ ਜਨਤਾ ਪਾਰਟੀ ਦੇ ਲੀਡਰ ਵਜੋਂ ਅਸਤੀਫਾ ਨਹੀਂ ਦੇ ਜਾਂਦਾ। ਰਾਜ ਨਰਾਇਣ ਨੇ ਦੋਸ਼ ਲਾਇਆ ਕਿ ਵਿਰੋਧੀ ਪਾਰਟੀਆਂ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਕਰਨ ਵਿੱਚ ਚੰਦਰ ਸ਼ੇਖਰ ਨਾਕਾਮਯਾਬ ਹੋਇਆ ਹੈ।

'ਸਰਬੱਤ ਖਾਲਸਾ' ਕਾਨਫਰੰਸ ਤੋਂ ਪਹਿਲਾਂ 'ਅਰਦਾਸ'

ਅੰਮ੍ਰਿਤਸਰ - 9 ਅਗਸਤ ਨੂੰ ਬੁੱਢਾ ਦਲ ਦੇ ਨਿਹੰਗ ਬਾਬਾ ਸੰਤਾ ਸਿੰਘ ਵੱਲੋਂ 'ਸਰਬੱਤ ਖਾਲਸਾ' ਕਾਨਫਰੰਸ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਇਸ 'ਅਰਦਾਸ' ਸਮੇਂ ਹਜ਼ੂਰ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਮੋਨੀ ਨਹੀਂ ਪੁੱਜੇ, ਜਿੰਨ੍ਹਾਂ ਦੀ ਉਡੀਕ ਕੀਤੀ ਜਾ ਰਹੀ ਸੀ।

ਬਾਬਾ ਸੰਤਾ ਸਿੰਘ ਨੇ ਕਿਹਾ ਕਿ ਉਸ ਨੇ ਦੋ ਸੇਵਾਦਾਰ ਜਥੇਦਾਰ ਸਾਹਿਬ ਨੂੰ ਸੱਦਾ ਪੱਤਰ ਦੇਣ ਲਈ ਭੇਜੇ ਸਨ। ਬਾਬਾ ਜੀ ਦਾ ਸੰਦੇਸ਼ਾ ਪਹੁੰਚਾਣ ਵਾਲੇ ਸੇਵਾਦਾਰਾਂ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਤਿੰਨ ਆਗੂ ਅਤੇ ਹਰਿਮੰਦਰ ਸਾਹਿਬ ਦੇ ਹੈਡ ਗਰੰਥੀ ਬੰਬਈ ਅਤੇ ਪਟਨਾ ਲਈ ਰਵਾਨਾਂ ਹੋਏ ਤਾਂ ਕਿ ਜਥੇਦਾਰ ਸਾਹਿਬਾਨਾਂ ਨੂੰ ਬੇਨਤੀ ਕੀਤੀ ਜਾਵੇ ਕਿ ਉਹ ਬਾਬਾ ਸੰਤਾ ਸਿੰਘ ਵੱਲੋਂ ਬੁਲਾਈ ਕਾਨਫਰੰਸ ਵਿੱਚ ਸ਼ਾਮਲ ਨਾ ਹੋਣ। ਖਬਰਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਪਹਿਲਾਂ ਹੀ ਫੜ ਲਿਆ ਗਿਆ।

'ਅਰਦਾਸ' ਵਿੱਚ ਕਾਂਗਰਸੀ ਵਜ਼ੀਰ ਸ: ਬੇਅੰਤ ਸਿੰਘ, ਕਾਂਗਰਸੀ ਵਿਧਾਇਕ ਜਗਦੇਵ ਸਿੰਘ ਜੱਸੋਵਾਲ ਸ਼ਾਮਿਲ ਹੋਏ। ਕੇਂਦਰੀ ਕਾਂਗਰਸੀ ਵਜ਼ੀਰ ਬੂਟਾ ਸਿੰਘ ਵੀ ਉਸ ਸਮੇਂ ਅੰਮ੍ਰਿਤਸਰ ਵਿੱਚ ਹੀ ਸਨ।

ਹਰੀਆਂ ਵੇਲਾਂ ਵਾਲੇ ਸੰਤ ਦੇ ਸੰਬੰਧ ਵਿਗੜੇ

ਕੁੱਝ ਸੂਤਰਾਂ ਅਨੁਸਾਰ ਸੰਤ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ ਦੇ ਸੰਬੰਧ ਵੀ ਬਾਬਾ ਸੰਤ ਸਿੰਘ ਨਾਲ ਵਿਗੜ ਗਏ ਹਨ।

ਮਦਰਾਸ ਹਵਾਈ ਅੱਡੇ ਤੇ ਬੰਬ ਸੁੱਟਣ ਵਾਲੇ ਫੜੇ ਗਏ।

ਨਵੀਂ ਦਿੱਲੀ - ਭਾਰਤੀ ਪੁਲਸ ਨੇ ਮਦਰਾਸ ਦੇ ਹਵਾਈ ਅੱਡੇ ਉਤੇ ਸੂਟ ਕੇਸਾਂ ਵਿੱਚ ਭਰੇ ਬੰਬਾਂ ਨਾਲ ਸਬੰਧਤ ਲੰਕਾਂ ਦੇ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਯਾਂਦ ਰਹੇ ਕਿ ਮਦਰਾਸ ਦੇ ਹਵਾਈ ਅੱਡੇ ਤੇ ਬੰਬ ਫਟਣ ਨਾਲ 29 ਵਿਅਕਤੀ ਹਲਾਕ ਹੋਏ ਸਨ।

ਪੁਲਸ ਨੇ ਉਹ ਵੈਨ ਫੜ ਲਈ ਹੈ ਜਿਸ ਵਿੱਚ ਬੰਬਾਂ ਨਾਲ ਭਰੇ ਸੂਟ-ਕੇਸ ਲਿਜਾਏ ਗਏ ਸਨ। ਮਦਰਾਸ ਦੇ ਇੱਕ ਘਰ ਵਿੱਚੋਂ 100 ਕਿਲੋਗਰਾਮ ਬਾਰੂਦ ਆਦਿ ਵੀ ਫੜਿਆ ਗਿਆ ਹੈ।

ਲੰਡਨ ਵਿੱਚ 'ਟ੍ਰਿਬਿਊਨ' ਦੇ ਐਡੀਟਰ ਭਾਟੀਆ ਵਿਰੁੱਧ ਮੁਜ਼ਾਹਰਾ

ਲੰਡਨ - ਸਾਊਥਲ ਵਿੱਚ ਖਾੜਕੂ ਸਿੱਖਾਂ ਵੱਲੋਂ ਇੱਕ ਮੁਜ਼ਾਹਰਾ ਕੀਤਾ ਗਿਆ। 'ਟ੍ਰਿਬਿਊਨ' ਦੇ ਐਡੀਟਰ ਪ੍ਰੇਮ ਭਾਟੀਆਂ ਦੇ ਮਾਣ ਵਿੱਚ ਦਿੱਤੇ ਜਾ ਰਹੇ ਖਾਣੇ ਸਮੇਂ 25 ਖਾੜਕੂ ਸਿੱਖ ਉੱਥੇ ਪੁੱਜੇ ਅਤੇ ਭਾਟੀਆ ਵਿਰੁੱਧ ਨਾਹਰੇ ਆਏ। ਉਨ੍ਹਾਂ ਦੀ ਮੰਗ ਸੀ ਕਿ ਇਹ ਮਾਣ ਮੀਟਿੰਗ ਬਰਖਾਸਤ ਕੀਤੀ ਜਾਵੇ। ਪ੍ਰਬੰਧਕਾਂ ਤੇ ਖਾੜਕੂ ਸਿੱਖਾਂ ਵਿਚਕਾਰ ਤਕਰਾਰ ਵਧਣ ਨਾਲ ਘਸੁੰਨ ਮੁੱਕੀ ਚੱਲੀ ਅਤੇ ਕਈਆਂ ਦੇ ਮਾਮੂਲੀ ਸੱਟਾਂ ਵੀ ਲੱਗੀਆਂ।

ਲੰਡਨ ਪੁਲਿਸ ਨੇ ਬਲਦੇਵ ਸਿੰਘ ਚਾਹਿਲ ਨੂੰ ਹਿਰਾਸਤ ਵਿੱਚ ਲੈ ਲਿਆ। ਹਰਮਿੰਦਰ ਸਿੰਘ ਖੇਰਾ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਇਨ੍ਹਾਂ ਦੋਹਾਂ ਕੋਲੋਂ ਇੱਕ ਅਖਬਾਰ ਦੇ ਦਫਤਰ ਨੂੰ ਜਲਾਏ ਜਾਣ ਸੰਬੰਧੀ ਪੁੱਛਗਿੱਛ ਕੀਤੀ ਜਾ ਰਹੀ ਹੈ।

ਪ੍ਰਿੰਸੀਪਲ ਕਰਤਾਰ ਸਿੰਘ ਤਾਰ ਚੱਲ ਵਸੇ

ਇੱਕ ਖਬਰ ਅਨੁਸਾਰ 'ਸੰਦੇਸ਼' ਅਖਬਾਰ ਦੇ ਸਹਾਇਕ ਐਡੀਟਰ ਪ੍ਰਿੰਸੀਪਲ ਕਰਤਾਰ ਸਿੰਘ ਤਾਰ, ਜੋ ਦਫਤਰ ਨੂੰ ਅੱਗ ਲੱਗਣ ਸਮੇਂ ਬੁਰੀ ਤਰ੍ਹਾਂ ਝੁਲਸੇ ਗਏ ਸਨ, ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੀ ਪਤਨੀ ਤੇ ਬੱਚੇ ਕੁੱਝ ਦਿਨ ਪਹਿਲਾਂ ਹੀ ਭਾਰਤ ਤੋਂ ਆਏ ਸਨ। ਪ੍ਰਿੰਸੀਪਲ ਤਾਰ ਹਰ ਰਾਜਸੀ ਵਿਚਾਰ ਧਾਰਾ ਦੇ ਲੋਕਾਂ ਵੱਲੋਂ ਸਤਿਕਾਰੇ ਗਏ ਵਿਅਕਤੀ ਸਨ। ਉਹ ਪਿਛਲੇਰੇ ਸਾਲ ਕੈਨੇਡਾ ਵੀ ਹੋ ਕੇ ਗਏ ਸਨ।

ਇੱਕ ਖਬਰ ਅਨੁਸਾਰ ਪ੍ਰਿੰਸੀਪਲ ਤਾਰ ਦੇ ਅਕਾਲ ਚਲਾਣੇ ਕਾਰਨ ਕਤਲ ਦਾ ਕੇਸ ਰਜਿਸਟਰ ਕਰ ਲਿਆ ਗਿਆ ਹੈ ਅਤੇ ਪੁੱਛਗਿੱਛ ਜਾਰੀ ਹੈ।

ਕੇਂਦਰ ਦੇ ਨਵੇਂ ਆਰਡੀਨੈਂਸ ਦਾ ਸਖਤ ਵਿਰੋਧ

ਨਵੀਂ ਦਿੱਲੀ - ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਪੋਲਿਟ ਬਿਊਰੋ ਨੇ ਗੜਬੜ ਮਾਰੇ ਇਲਾਕਿਆਂ ਵਿੱਚ ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਬਾਰੇ ਕੇਂਦਰ ਸਰਕਾਰ ਦੇ ਆਰਡੀਨੈਂਸ ਦੀ ਨਿਖੇਧੀ ਕੀਤੀ ਹੈ। ਇੱਥੇ ਜਾਰੀ ਕੀਤੇ ਇੱਕ ਬਿਆਨ ਵਿੱਚ ਪੋਲਿਟ ਬਿਊਰੋ ਨੇ ਕਿਹਾ ਹੈ ਕਿ ਕੇਂਦਰ ਕਿਸੇ ਵੀ ਇਲਾਕੇ ਨੂੰ ਦਹਿਸ਼ਤ ਗਰਦੀ ਮਾਰਿਆ ਇਲਾਕਾ ਕਰਾਰ ਦੇ ਸਕਦਾ ਹੈ ਅਤੇ ਖੁਫੀਆ ਮੁਕੱਦਮੇ ਚਲਾਉਣ ਲਈ ਇਨ੍ਹਾਂ ਇਲਾਕਿਆਂ ਵਿੱਚ ਵਿਸ਼ੇਸ਼ ਅਦਾਲਤਾਂ ਕਾਇਮ ਕਰ ਸਕਦਾ ਹੈ ਅਤੇ ਉਨ੍ਹਾਂ ਨੂੰ ਖੁਲ੍ਹੇ ਮੁਕਦਮੇ ਦੇ ਅਧਿਕਾਰ ਤੋਂ ਵਿਰਵੇ ਕਰ ਸਕਦਾ ਹੈ।

ਪੋਲਿਟ ਬਿਊਰੋ ਅਨੁਸਾਰ ਜਿਹੜੀ ਗੱਲ ਚਿੰਤਾਜਨਕ ਹੈ ਉਹ ਇਹ ਕਿ ਜਿਹੜੇ ਜੁਰਮਾਂ ਦਾ ਜ਼ਿਕਰ ਕੀਤਾ ਗਿਆ ਹੈ ਉਨ੍ਹਾਂ ਵਿੱਚ ਜਮਾਤਾਂ ਵਿੱਚ ਦੁਸ਼ਮਣੀ ਫੈਲਾਉਣਾ ਵੀ ਸ਼ਾਮਲ ਹੈ। ਇਸ ਦੇ ਘੇਰੇ ਵਿੱਚ ਮਜ਼ਦੂਰ ਜਮਾਤ ਅਤੇ ਹੋਰਨਾਂ ਮਿਹਨਤਕਸ਼ ਲੋਕਾਂ ਦਾ ਸੰਘਰਸ਼ ਆ ਸਕਦੇ ਹਨ। ਇਸ ਨੇ ਕਿਹਾ ਹੈ ਕਿ ਕਿਉਂਕਿ ਕੌਮੀ ਸੁਰੱਖਿਆ ਕਾਨੂੰਨ ਵਿੱਚ ਪਿਛਲੇ ਦਿਨੀਂ ਕੀਤੀਆਂ ਗਈਆਂ ਤਰਮੀਮਾਂ ਦੇ ਪਿਛੋਕੜ ਵਿੱਚ ਹੀ ਇਹ ਆਰਡੀਨੈਂਸ ਜਾਰੀ ਕੀਤਾ ਗਿਆ ਹੈ ਇਸ ਲਈ ਆਰਡੀਨੈਂਸ ਰਾਹੀਂ ਕੇਂਦਰ ਸਰਕਾਰ ਨੂੰ ਜਮਹੂਰੀ ਅਧਿਕਾਰਾਂ ਤੇ ਸ਼ਹਿਰੀ ਅਜ਼ਾਦੀ ਦੀਆਂ ਤੇ ਹਮਲੇ ਕਰਨ ਦੀਆਂ ਵਿਸ਼ਾਲ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ।

ਪੋਲਿਟ ਬਿਊਰੋ ਨੇ ਚੇਤੇ ਕਰਾਇਆ ਹੈ ਕਿ ਪਿਛਲੇ ਸਮਿਆਂ ਵਿੱਚ ਅਜਿਹੇ ਕਾਨੂੰਨਾਂ ਦਾ ਤਜਰਬਾ ਇਹ ਹੈ ਕਿ ਇਨ੍ਹਾਂ ਦੀ ਵਰਤੋਂ ਜਨਤਕ ਲਹਿਰਾਂ, ਲੋਕ ਸੰਘਰਸ਼ਾਂ ਅਤੇ ਆਪੋਜ਼ੀਸ਼ਨ ਪਾਰਟੀਆਂ ਵਿਰੁੱਧ ਕੀਤੀ ਗਈ ਹੈ। ਇਸ ਨੇ ਸਭਨਾਂ ਜਮਹੂਰੀ ਸੋਚ ਵਾਲੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਆਰਡੀਨੈਂਸ ਵਿਰੁੱਧ ਆਪਣੇ ਰੋਸ ਦਾ ਪ੍ਰਗਟਾਵਾ ਕਰਨ।

ਸੀਟੂ ਦੇ ਸਕੱਤਰ ਸਾਥੀ ਨਰਸਿੰਘ ਚੱਕਰਵਰਤੀ ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਆਰਡੀਨੈਂਸ ਦੀ ਵਾਪਸੀ ਦੀ ਮੰਗ ਕੀਤੀ ਗਈ ਹੈ ਜਿਸ ਰਾਹੀਂ ਕੇਂਦਰ ਦੀ ਇੰਦਰਾ ਕਾਂਗਰਸ ਸਰਕਾਰ ਨੇ ਦਹਿਸ਼ਤਪਸੰਦ ਸਰਗਰਮੀਆਂ ਨੂੰ ਕੁਚਲਣ ਦੇ ਨਾਂਅ ਹੇਠ ਆਪਣੇ-ਆਪ ਨੂੰ ਵਿਸ਼ਾਲ ਸ਼ਕਤੀਆਂ ਨਾਲ ਲੈਸ ਕਰ ਲਿਆ ਹੈ। ਸੀਟੂ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਆਰਡੀਨੈਂਸ ਵਿੱਚ ਜਿੰਨ੍ਹਾਂ ਜੁਰਮਾਂ ਅਧੀਨ ਇਨਾਂ ਅਦਾਲਤਾਂ ਵਿੱਚ ਮੁਕੱਦਮੇ ਚਲਾਉਣ ਦੀ ਵਿਵਸਥਾ ਹੈ ਉਨ੍ਹਾਂ ਨੂੰ ਅਜਿਹੀ ਅਸਪੱਸ਼ਟ ਭਾਸ਼ਾ ਵਿੱਚ ਲਿਖਿਆ ਗਿਆ ਹੈ ਕਿ ਇਹਦੀ ਵਰਤੋਂ ਆਮ ਜਮਹੂਰੀ ਅਤੇ ਟਰੇਡ ਯੂਨੀਅਨ ਲਹਿਰ ਵਿਰੁੱਧ ਕੀਤੀ ਜਾ ਸਕਦੀ ਹੈ।

ਸੀਟੂ ਆਗੂ ਨੇ ਕਿਹਾ ਕਿ ਟਰੇਡ ਯੂਨੀਅਨ ਲਹਿਰ ਦਾ ਪਿਛਲਾ ਤਜਰਬਾ ਇਹ ਦੱਸਦਾ ਹੈ ਕਿ ਮੁਜਰਮਾਂ ਅਤੇ ਵੱਖਵਾਦੀਆਂ ਨਾਲ ਨਿਬੜਨ ਲਈ ਪ੍ਰਾਪਤ ਕੀਤੀਆਂ ਗਈਆਂ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਹਮੇਸ਼ਾਂ ਜਮਹੂਰੀ ਅਤੇ ਟਰੇਡ ਯੂਨੀਅਨ ਲਹਿਰ ਵਿਰੁੱਧ ਹੋਈ। ਯੂ. ਟੀ. ਯੂ. ਸੀ. ਵੱਲੋਂ ਵੀ ਰਾਸ਼ਟਰਪਤੀ ਜ਼ੈਲ ਸਿੰਘ ਦੇ ਦਸਖਤਾਂ ਨਾਲ ਜਾਰੀ ਹੋਏ ਆਰਡੀਨੈਂਸ ਦੀ ਸਖਤ ਨਿਖੇਧੀ ਕੀਤੀ ਗਈ ਹੈ। ਇੱਥੇ ਅਖਬਾਰੀ ਨੁਮਾਇੰਦਿਆਂ ਨਾਲ ਗੱਲਬਾਤ ਕਰਦੇ ਹੋਏ ਯੂ. ਟੀ. ਯੂ. ਸੀ. ਦੇ ਜਨਰਲ ਸਕੱਤਰ ਅਤੇ ਪੱਛਮੀ ਬੰਗਾਲ ਦੇ ਮਕਾਨ-ਉਸਾਰੀ ਬਾਰੇ ਮੰਤਰੀ ਸ੍ਰੀ ਜਤੀਨ ਚੱਕਰਵਰਤੀ ਕਿ ਆਰਡੀਨੈਂਸ ਦੀਆਂ ਵਿਵਸਥਾਵਾਂ ਨੂੰ ਮਜ਼ਦੂਰਾਂ ਦੀ ਹੱਕੀ ਲਹਿਰ ਨੂੰ ਕੁਚਲਣ ਲਈ ਅਤੇ ਲੋਕਾਂ ਦੀਆਂ ਜਮਹੂਰੀ ਖਾਹਿਸ਼ਾਂ ਨੂੰ ਦਬਾਉਣ ਲਈ ਵਰਤਿਆ ਜਾ ਸਕਦਾ ਹੈ।

ਸੀ. ਆਈ. ਏ. ਦੇ ਨਾਲ 'ਮੁਸਾਦ' ਦੇ ਏਜੰਟ ਵੀ ਫੈਲਣ ਲੱਗੇ

ਨਵੀਂ ਦਿੱਲੀ - ਵਿਕਾਸਸ਼ੀਲ ਦੇਸ਼ਾਂ ਵਿੱਚ ਹੁਣ ਅਮਰੀਕਾ ਦੀ ਸੀ. ਆਈ. ਏ. ਦੀ ਗੁਪਤ ਏਜੰਸੀ ਦੇ ਨਾਲ ਨਾਲ ਹੀ ਇਸਰਾਈਲ ਦੀ ਗੁਪਤ ਏਜੰਸੀ ਦੇ ਨਾਲ ....ਮੁਸਾਦ .... ਦੇ ਏਜੰਟ ਫੈਲਦੇ ਜਾ ਰਹੇ ਹਨ। ਲਾਸ ਏਂਜਲਜ਼ ਵਿੱਚ ਹੋਈਆਂ ਓਲਿੰਪਕ ਖੇਡਾਂ ਦੀ ਸੁਰੱਖਿਆ ਦੇ ਪ੍ਰਬੰਧ ਦਾ ਸਿੱਧਾ ਕੰਟਰੋਲ ਵੀ ਮੁਸਾਦ ਨੂੰ ਸੰਭਾਲਿਆ ਗਿਆ ਹੈ।

ਜਾਪਾਨੀ ਪਬਲੀਕੇਸ਼ਨ ਕੰਪਨੀ ਯੁਸ਼ੀਆ ਲਈ ਪੱਤਰਕਾਰਾਂ ਨੇ ਲਾਸ ਏਂਜਲਜ਼ ਦੀ ਸਥਿਤੀ ਦਾ ਜਾਇਜਾ ਲੈਣ ਤੋਂ ਪਿੱਛੋਂ ਜੋ ਰੀਪੋਰਟ ਤਿਆਰ ਕੀਤੀ ਗਈ ਹੈ ਉਸ ਵਿੱਚ ਕਿਹਾ ਗਿਆ ਕਿ ਅਮਰੀਕਾ ਦੀ ਸਪੇਸ਼ਲ ਸਰਵਿਸ ਦੀ ਅਪੀਲ ਤੇ ਮੁਸਾਦ ਨੇ ਸੁਰੱਖਿਆ ਦੇ ਪ੍ਰਬੰਧਾਂ ਦੀ ਜ਼ੁੰਮਵਾਰੀ ਸੰਭਾਲੀ ਸੀ।

ਰੀਪੋਰਟ ਦੇ ਅਨੁਸਾਰ ਉਲੰਪਿਕ ਖੇਲਾਂ ਦੀ ਪ੍ਰਬੰਧ ਕਮੇਟੀ ਦੇ ਅਧੀਨ ਐਂਟੀ ਦਹਿਸ਼ਤ ਸੰਘਰਸ਼ ਦਾ ਖਾਸ ਵਿਭਾਗ ਮੁਸਾਦ ਦੇ ਇੱਕ ਉਚ ਅਧਿਕਾਰੀ ਨੂੰ ਸੰਭਾਲਿਆ ਗਿਆ ਸੀ।

ਇਹ ਵੀ ਪਤਾ ਲੱਗਾ ਹੈ ਕਿ ਸ੍ਰੀ ਲੰਕਾ ਸਰਕਾਰ ਨੇ ਵੀ ਆਪਣੇ ਦੇਸ਼ ਵਿੱਚ ਦਹਿਸ਼ਤ ਪਸੰਦਾਂ ਨਾਲ ਲੜਨ ਲਈ ਮੁਸਾਦ ਦੀ ਸੇਵਾ ਪ੍ਰਾਪਤ ਕਰਨ ਦਾ ਫੈਸਲਾ ਕੀਤਾ ਹੈ। ਮੁਸਾਦ ਦੇ ਪੇਸ਼ਾਵਰ ਏਜੰਟ ਉੱਥੇ ਹਥਿਆਰਾਂ ਦੀ ਟਰੇਨਿੰਗ ਦੇਣਗੇ।

THE CANADA DARPAN

P.O.BOX 67344 STN. 'O'
Vancouver, B.C. V5W 3T1

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360

All Officeholders of CANADA DARPAN are honorary associates

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਪੰਜਾਬ ਦਾ ਮਸਲਾ ਹੱਲ ਕਰਨ ਸਬੰਧੀ

ਸ: ਹਮਦਰਦ ਪੰਜਾਬ ਦੇ ਹਿਤੈਸ਼ੀ ਸਨ। ਉਨ੍ਹਾਂ ਦੀ 29 ਜੁਲਾਈ 1984 ਨੂੰ ਅਚਾਨਕ ਮੌਤ ਨਾਲ ਸਾਰੇ ਪੰਜਾਬੀਆਂ ਨੂੰ ਡੂੰਘਾ ਸਦਮਾ ਪਹੁੰਚਿਆ ਹੈ। ਪੰਜਾਬੀ ਪੱਤਰਕਾਰੀ ਦੇ ਉਹ ਮੋਢੀਆਂ ਵਿੱਚੋਂ ਸਨ। 'ਅਜੀਤ' ਦਾ ਇਕ ਲੱਖ ਗਿਣਤੀ ਵਿੱਚ ਛਪਣਾ ਸਭ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ। ਸਾਡੇ ਲਈ ਇਹ ਵੀ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਸਪੁੱਤਰ ਸ: ਬਰਜਿੰਦਰ ਸਿੰਘ 'ਪੰਜਾਬੀ ਟ੍ਰਿਬਿਊਨ' ਨੂੰ 80 ਹਜ਼ਾਰ ਦੀ ਗਿਣਤੀ ਤੱਕ ਲੈ ਗਏ ਹਨ ਜਿਸ ਤਰ੍ਹਾਂ 'ਵੀਕਲੀ' ਨੂੰ ਸ: ਖੁਸ਼ਵੰਤ ਸਿੰਘ ਨੇ ਪੰਜ-ਗੁਣਾਂ ਵੱਧ ਪਾਠਕ ਪੈਦਾ ਕਰ ਦਿੱਤੇ ਸਨ। ਮੌਤ ਤੋਂ ਕੁੱਝ ਦਿਨ ਪਹਿਲਾਂ ਲਿਖੇ ਉਨ੍ਹਾਂ ਦੇ ਸੰਪਾਦਕੀ ਨੂੰ ਅਸੀਂ ਹੂ ਬਹੂ ਦੇ ਰਹੇ ਹਾਂ। 'ਕੈਨੇਡਾ ਦਰਪਣ' ਪੰਜਾਬੀ ਦੇ ਸਭ ਹਿਤੈਸ਼ੀਆਂ ਨਾਲ ਸ: ਹਮਦਰਦ ਦੀ ਅਚਾਨਕ ਮੌਤ ਦੇ ਦੁੱਖ ਵਿੱਚ ਸ਼ਾਮਲ ਹੈ।

ਵੱਖੋ ਵੱਖਰੀਆਂ ਪਾਰਟੀਆਂ ਦੇ ਲੀਡਰਾਂ ਦੇ ਬਿਆਨਾਂ ਦੀ ਰੌਸ਼ਨੀ 'ਚ

ਸ੍ਰੀਮਤੀ ਗਾਂਧੀ ਨੇ ਇੱਕ ਬਿਆਨ ਵਿੱਚ ਕਿਹਾ ਕਿ, 'ਜੇ ਮੈਨੂੰ ਗੋਲੀ ਮਾਰ ਦੇਣ ਨਾਲ ਪੰਜਾਬ ਦੀ ਸਮੱਸਿਆ ਹੱਲ ਹੁੰਦੀ ਹੈ ਤਾਂ ਮੈਂ ਅਜਿਹੀ ਮੌਤ ਦਾ ਸੁਆਗਤ ਕਰਾਂਗੀ।' ਸ੍ਰੀਮਤੀ ਗਾਂਧੀ ਨੇ ਇਹ ਵੀ ਕਿਹਾ ਕਿ ਪੰਜਾਬ ਦੀ ਸਮੱਸਿਆ ਹੱਲ ਕਰਨ ਦਾ ਹਰ ਸੰਭਵ ਯਤਨ ਕੀਤਾ ਗਿਆ ਪਰ ਅਜਿਹੀਆਂ ਕੋਸ਼ਿਸ਼ਾਂ ਨੂੰ ਸਰਕਾਰ ਦੀ ਕਮਜ਼ੋਰੀ ਸਮਝਿਆ ਗਿਆ। ਉਹਨਾਂ ਨੇ ਇਹ ਵੀ ਕਿਹਾ ਕਿ ਸਿੱਖਾਂ ਨਾਲ ਕਿਤੇ ਵੀ ਵਿਤਕਰਾ ਨਹੀਂ ਹੋ ਰਿਹਾ। ਅਸੀਂ ਸਮਝਦੇ ਹਾਂ ਪੰਜਾਬ ਦਾ ਮਸਲਾ ਪ੍ਰਧਾਨ ਮੰਤਰੀ ਜਾਂ ਕਿਸੇ ਅਕਾਲੀ ਲੀਡਰ ਨੂੰ ਗੋਲੀ ਮਾਰਨ ਨਾਲ ਹੱਲ ਨਹੀਂ ਹੋ ਸਕਦਾ। ਪ੍ਰਧਾਨ ਮੰਤਰੀ ਦੇਸ਼ ਦੀ ਸਭ ਤੋਂ ਵੱਧ ਜ਼ਿੰਮੇਂਵਾਰ ਵਿਅਕਤੀ ਹਨ - ਪੰਜਾਬ ਦੀ ਸਮੱਸਿਆ ਕੀ ਹੈ? ਇਸ ਸਵਾਲ ਦਾ ਜੁਆਬ ਲੈਣ ਲਈ ਅਕਾਲੀ ਲੀਡਰਾਂ ਦੀ ਗੱਲ ਛੱਡੋ 'ਅਜੀਤ' ਕੀ ਕਹਿੰਦਾ ਹੈ? ਇਸ ਤੇ ਵੀ ਮਿੱਟੀ ਪਾਉ ਪਰ ਉਹ ਗੱਲ ਤਾਂ ਸੁਣੋਂ ਜੋ ਸੀ. ਪੀ. ਐਮ. ਤੇ ਸੀ. ਪੀ. ਆਈ. ਕਹਿੰਦੀ ਹੈ। ਇਹ ਗੱਲ ਨੋਟ ਕਰਨੀ ਚਾਹੀਦੀ ਹੈ ਕਿ ਇਹ ਦੋਵੇਂ ਪਾਰਟੀਆਂ ਤਿੰਨ ਧਿਰੀ ਵਾਰਤਾ ਵਿੱਚ ਵੀ ਸ਼ਾਮਿਲ ਹੁੰਦੀਆਂ ਰਹੀਆਂ ਹਨ। ਉਨ੍ਹਾਂ ਨੂੰ ਤਾਂ ਪਤਾ ਹੈ ਕਿ ਇਹ ਸਮੱਸਿਆ ਕਿਉਂ ਹੱਲ ਨਹੀਂ ਹੋਈ। ਇਸ ਸਬੰਧ ਵਿੱਚ ਅਸੀਂ ਸਭ ਤੋਂ ਪਹਿਲਾਂ ਕਾਮਰੇਡ ਸੁਰਜੀਤ ਜੋ ਸੀ. ਪੀ. ਐਮ. ਦੇ ਸਭ ਤੋਂ ਵੱਡੇ ਲੀਡਰ ਹਨ ਦੀ ਗੱਲ ਲੈਂਦੇ ਹਾਂ।

ਕਾਮਰੇਡ ਸਾਹਿਬ ਤਿੰਨ ਧਿਰੀ ਵਾਰਤਾ ਵਿੱਚ ਵੀ ਹਿਸਾ ਲੈਂਦੇ ਰਹੇ ਹਨ। ਇਕ ਤਾਜ਼ਾ ਬਿਆਨ ਵਿੱਚ ਸ੍ਰੀਮਤੀ ਗਾਂਧੀ ਤੇ ਜ਼ੋਰ ਦੇ ਕੇ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਨੂੰ ਇੱਕਵੱਲੇ ਤੌਰ ਤੇ ਪੰਜਾਬੀਆਂ ਦੀਆਂ ਜਮਹੂਰੀ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ। ਮੰਗਾਂ ਕੀ ਹਨ? ਉਹਨਾਂ ਨੇ ਪਹਿਲੇ ਬਿਆਨ ਵਿੱਚ ਕਿਹਾ ਸੀ ਕਿ ਸ੍ਰੀਮਤੀ ਗਾਂਧੀ ਚੰਡੀਗੜ੍ਹ ਪੰਜਾਬ ਨੂੰ ਦੇ ਦੇਣ ਤੇ ਉਸ ਦੇ ਇਵਜ਼ ਹਰਿਆਣੇ ਨੂੰ ਰਾਜਧਾਨੀ ਉਸਾਰਨ ਲਈ ਯੋਗ ਰਕਮ ਦਿੱਤੀ ਜਾਵੇ। ਇਲਾਕਾਈ ਦੇ ਲੈ ਕਰਨ ਲਈ ਭਾਸ਼ਾਈ ਮਾਹਰਾਂ ਦਾ ਇੱਕ ਕਮਿਸ਼ਨ ਬਣਾ ਦਿੱਤਾ ਜਾਏ ਜੋ ਪਿੰਡ ਨੂੰ ਇਕਾਈ ਮੰਨ ਕੇ ਨਾਲ ਲੱਗਦੇ ਪੰਜਾਬੀ ਭਾਸ਼ੀ ਇਲਾਕੇ ਪੰਜਾਬ ਨੂੰ ਦੇ ਦੇਵੇ ਤੇ ਹਿੰਦੀ ਭਾਸ਼ੀ ਇਲਾਕੇ (ਜੋ ਪੰਜਾਬ ਵਿੱਚ ਹਨ) ਹਰਿਆਣੇ ਨੂੰ ਦੇ ਦੇਵੇ। ਤੀਜੀ ਮੰਗ ਦਾ ਹੱਲ ਇਹ ਹੈ ਕਿ ਸੁਪਰੀਮ ਕੋਰਟ ਦੇ ਇੱਕ ਜੱਜ ਦੀ ਅਗਵਾਈ ਵਿੱਚ ਇੱਕ ਟ੍ਰਿਬਿਊਨਲ ਰਾਵੀ, ਬਿਆਸ ਤੇ ਸਤਲੁਜ ਦੇ ਪਾਣੀਆਂ ਦਾ ਨਿਪਟਾਰਾ ਕਰ ਦਵੇ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਇਨ੍ਹਾਂ ਮੰਗਾਂ ਨੂੰ ਪੰਜਾਬੀਆਂ ਦੀਆਂ ਜਮਹੂਰੀ ਮੰਗਾਂ ਕਿਹਾ ਹੈ। ਇੱਕ ਤਰ੍ਹਾਂ ਨਾਲ ਉਹਨਾਂ ਨੇ ਇਨ੍ਹਾਂ ਮੰਗਾਂ ਨੂੰ ਅਕਾਲੀਆਂ ਨਾਲ ਨਹੀਂ ਜੋੜਿਆ। ਜੇ ਸਰਕਾਰ ਅਕਾਲੀਆਂ ਦੇ ਨਾਮ ਤੇ ਬਿਦਕਦੀ ਹੈ ਤਾਂ ਇਸ ਕਿਸਮ ਦਾ ਤੁਅੱਸਬ ਕੇਂਦਰ ਨੂੰ ਛੱਡ ਦੇਣਾ ਚਾਹੀਦਾ

ਬਾਕੀ ਸਫਾ 5 ਤੇ

ਪੰਜਾਬ ਦੀ ਆਤਮਾ

ਕੇਸਰ ਸਿੰਘ ਨਾਵਲਿਸਟ

ਪੰਜਾਬ ਵਿੱਚ ਗੁਲਾਮੀ ਦਾ ਰਾਜ ਹੈ। ਮਨੁੱਖ ਦੀ ਆਤਮਾ ਗੁਲਾਮੀ ਵਿੱਚ ਬੱਝੀ ਪਈ ਹੈ। ਪੰਜਾਬ ਦੀ ਆਤਮਾ ਅੱਜ ਗੁੰਗੀ, ਬੋਲੀ, ਕਮਜ਼ੋਰ ਤੇ ਬੇਬੱਸ ਹੈ। ਜਦ ਆਤਮਾ ਮਰ ਗਈ ਤਾਂ ਬਾਕੀ ਕੀ ਰਿਹਾ? ਸਰੀਰ, ਬੁੱਧੀ, ਰੂਪ ਸਭ ਉਪਰ ਦੀਆਂ ਚੀਜ਼ਾਂ ਹਨ ਜੋ ਆਤਮਾ ਦੀ ਮੱਦਦ ਨਾਲ ਹੀ ਸੁੱਖ ਦੇ ਸਕਦੀਆਂ ਹਨ। ਆਤਮਾ ਤੋਂ ਬਿਨਾਂ ਇਹ ਸਭ ਐਸੀਆਂ ਹਨ ਜਿਵੇਂ ਗ੍ਰਹਿਣ ਵਿੱਚ ਸੂਰਜ।

ਆਤਮਾ ਤੋਂ ਮੁਰਾਦ ਕੋਈ ਗੈਰਮਾਦੀ ਚੀਜ਼ ਜਾਂ ਅਸੂਲ ਨਹੀਂ ਹੈ ਜਿਹੜੀ ਸਰੀਰ ਤੋਂ ਵੱਖਰੀ ਹੋਂਦ ਅਤੇ ਆਵਾਗੌਣ ਵਿੱਚ ਬੱਧੀ ਹੋਈ ਹੈ। ਆਤਮਾ ਧਰਮ ਅਤੇ ਅਧਰਮ ਵਿੱਚ ਫਰਕ ਜਾਨਣ ਵਾਲੀ ਸ਼ਕਤੀ ਹੈ। ਪਾਪ-ਪੁੰਨ ਤੇ ਸੱਚ ਝੂਠ ਨੂੰ ਪਰਖਣ ਵਾਲੀ ਸ਼ਕਤੀ। ਸਾਨੂੰ ਧਰਮ ਦੇ ਰਾਹ ਉਤੇ ਤੋਰਨ ਵਾਲੀ ਤਾਕਤ।

ਪੰਜਾਬ ਵਿੱਚ ਆਤਮਾ ਨੂੰ ਢੂੰਡਿਆ ਪਰ ਕਿਤੇ ਨਾ ਲੱਭੀ। ਕਚਹਿਰੀਆਂ ਵਿੱਚ, ਦਰਬਾਰਾਂ ਵਿੱਚ, ਪੰਡਤਾਂ ਦੀਆਂ ਸਭਾਵਾਂ ਵਿੱਚ, ਪਾਠਸ਼ਾਲਿਆਂ ਵਿੱਚ, ਲੀਡਰਾਂ ਦੇ ਦਿਲਾਂ ਵਿੱਚ, ਪਰਜਾ ਦੀ ਆਵਾਜ਼ ਵਿੱਚ, ਕਿਧਰੇ ਵੀ ਆਤਮਾ ਦੀ ਝਲਕ ਦਿਖਾਈ ਨਾ ਦਿੱਤੀ।

ਅਬੜਵਾਹੇ ਮੇਰੀ ਚੀਕ ਨਿੱਕਲ ਗਈ - "ਆਤਮਾ ਤੂੰ ਕਿੱਥੇ ਹੈ? ਬਹੁਤ ਧੀਮੀ ਆਵਾਜ਼ ਵਿੱਚ ਜੁਆਬ ਮਿਲਿਆ - "ਮੈਂ ਇੱਥੇ ਹਾਂ। ਮੈਂ ਇੱਥੇ ਹਾਂ।"

ਜਿਸ ਪਾਸਿਓਂ ਆਵਾਜ਼ ਆਈ ਸੀ ਉਸ ਪਾਸੇ ਮੁੜ ਕੇ ਤੱਕਿਆ। ਹਨੇਰਾ ਹੀ ਹਨੇਰਾ ਛਾਇਆ ਹੋਇਆ ਸੀ। ਉਸ ਘੁੱਪ ਹਨੇਰੇ ਵਿੱਚੋਂ ਹੱਥਕੜੀਆਂ ਤੇ ਬੇੜੀਆਂ ਦੀ ਛਣਕਾਰ ਸੁਣਾਈ ਦਿੱਤੀ। ਤਾਂ ਜਾ ਕਜ਼ ਕੇ ਸਮਝ ਆਈ ਕਿ ਪੰਜਾਬ ਦੀ ਆਤਮਾ ਜੇਲ੍ਹਾਂ ਵਿੱਚ ਡੱਕੀ ਹੋਈ ਹੈ।

ਗੁਲਾਮ ਦੀ ਆਤਮਾ ਨੂੰ ਕੀ ਢੂੰਡਣਾ! ਕਦੇ ਪੱਥਰ ਵਿੱਚੋਂ ਤੇਲ ਨਿਕਲਿਆ ਹੈ! ਗੁਲਾਮ ਦੀ ਆਤਮਾ ਅੱਧਮਰੀ, ਜ਼ਖਮੀ, ਬੀਮਾਰ, ਬੇਜ਼ੁਬਾਨ ਇਤਨਿਆਂ ਦੁਸ਼ਮਣਾਂ ਦੇ ਪੰਜੇ ਵਿੱਚ ਹੈ ਕਿ ਹੋਈ ਨਾ ਹੋਈ ਬਰਾਬਰ ਹੈ। ਗੁਲਾਮ ਦੀ ਆਤਮਾ ਬੱਚ ਕੇ ਕਿੱਥੇ ਜਾਵੇਗੀ? ਹਰ ਪਾਸਿਓਂ ਉਸ ਨੂੰ ਦੁਸ਼ਮਣਾਂ ਨੇ ਘੇਰਿਆ ਹੋਇਆ ਹੈ। ਪੰਜਾਬ ਦੀ ਹਵਾ ਵੀ ਜ਼ਹਿਰੀਲੀ ਹੋਈ ਬੈਠੀ ਹੈ। ਜੋ ਖੁਲ੍ਹਾ ਸਾਹ ਲਵੇ ਉਸ ਨੂੰ ਵੀ ਢਾਹ ਲੈਂਦੀ ਹੈ।

ਭੈ, ਡਰ, ਖੌਫ ਆਤਮਾ ਦਾ ਦੁਸ਼ਮਣ ਹੈ, ਜਿਹੜਾ ਹਰ ਵੇਲੇ ਘਾਤ ਲਾ ਕੇ ਬੈਠਾ ਰਹਿੰਦਾ ਹੈ। ਪੰਜਾਬ ਵਿੱਚ ਅੱਜਕਲ ਡਰ ਦਾ ਰਾਜ ਹੈ। ਡਰ, ਡਰ, ਡਰ ਸਭ ਦਾ ਮਾਈ-ਬਾਪ ਹੈ, ਦੇਵਤਾ ਹੈ, ਹਾਕਮਾਂ ਦਾ ਸ਼ਸਤਰ ਹੈ। ਇਹ ਹੈ ਹਾਕਮਾਂ ਦੀ ਨੀਤੀ। ਇਹ ਹੈ ਧਾਰਮਿਕ, ਰਾਜਸੀ ਤੇ ਸਮਾਜਿਕ ਪਰਚਾਰਕਾਂ ਦਾ ਮੰਤਰ, ਸੁਆਮੀਆਂ ਦਾ ਸਿਧਾਂਤ।

ਡਰ, ਡਰ, ਡਰ। ਅਖਬਾਰ ਲਿਖਣ ਵਾਲਿਆਂ ਦੀ ਕਲਮ ਡਰ ਦੀ ਸਿਆਹੀ [illegible] ਪੜ੍ਹੇ ਲਿਖੇ [illegible] ਦੀ ਜ਼ੁਬਾਨ [illegible] ਕਲਾ [illegible] ਕਵਿਤਾਵਾਂ, [illegible] ਦੀ ਵਿਦਿਆ, [illegible] ਦਾ ਸੰਨਿਆਸ ਸਭ ਡਰ ਵਿਚ [illegible] ਇਹ ਸਭ [illegible] ਵਿੱਚੋਂ 'ਡਰ' ਦੇ [illegible] ਵਿੱਚ [illegible] ਨਿਕਲਦੇ ਹਨ।

ਡਰ ਤੇ ਝੂਠ ਸੱਕੇ ਭੈਣ-ਭਰਾ ਹਨ। ਡਰ ਦਾ ਉਪਰਲਾ ਨਿਸ਼ਾਨ ਝੂਠ ਹੈ ਡਰ ਤਾਂ ਮਨ ਵਿੱਚ ਹੋਵੇਗਾ। ਝੂਠ ਜ਼ੁਬਾਨ ਪਰ। ਝੂਠ, ਡਰ ਦੀ ਆਵਾਜ਼ ਹੈ। ਫੇਰ ਝੂਠ ਵੀ ਕਿੱਦਾਂ ਦਾ - ਝੂਠ, ਕਾਲਾ ਝੂਠ, ਮੈਲਾ, ਗੰਦਾ, ਨਾਪਾਕ ਝੂਠ ਜਿਸ ਨਾਲ ਦਰਿੰਦੇ ਵੀ ਦਹਿਲ ਖਲੋਣ।

ਝੂਠ ਸਭ ਤੋਂ ਪਿਆਰੇ ਅਸੂਲਾਂ ਵਿੱਚ ਝੂਠ। ਸਮਾਜਿਕ ਤਰੱਕੀ ਦੇ ਸਿਧਾਂਤਾਂ ਵਿੱਚ ਝੂਠ। ਮਨ ਦੀਆਂ ਉਮੰਗਾਂ ਵਿੱਚ ਝੂਠ, ਪੰਜਾਬ ਦੇ ਸੂਰਬੀਰਾਂ ਦੇ ਜਿਕਰ ਵਿੱਚ ਝੂਠ, ਸਾਸ਼ਤਰਾਂ ਦੇ ਉਲਥਿਆਂ ਵਿੱਚ ਝੂਠ, ਮਨ ਵਿੱਚ ਝੂਠ, ਬਚਨਾਂ ਵਿੱਚ ਝੂਠ, ਚੱਲਣ ਵਿੱਚ ਝੂਠ, ਝੂਠ ਲਿਖਣਾ, ਝੂਠ ਵਿੱਚ ਮਗਨ ਰਹਿਣਾ, ਜਿੱਦਾਂ ਕੀੜਾ ਮੋਰੀ ਵਿੱਚ ਰਹਿੰਦਾ ਹੈ। ਪੰਜਾਬ ਦੀ ਆਤਮਾਂ ਝੂਠ ਨਾਲ ਘਿਰੀ ਹੋਈ ਹੈ ਜਿਵੇਂ ਚੰਨ ਨੂੰ ਚੰਨ-ਗ੍ਰਹਿਣ ਲੱਗਾ ਹੋਵੇ।

ਬੁਨਿਆਦੀ ਅਸੂਲ ਸੱਚੇ ਰਤਨ ਹਨ। ਝੂਠ ਦੇ ਪ੍ਰਭਾਵੇਂ ਹੇਠ ਇੰਨ੍ਹਾਂ ਅਸੂਲਾਂ ਦੀ ਚਮਕ ਵੀ ਮਾਤ ਪੈ ਜਾਂਦੀ ਹੈ। ਮਤ ਅਤ ਸਮਾਜਿਕ ਵਿਉਹਾਰ ਵਿੱਚ ਇਹ ਅਸੂਲ ਆਪਣਾ ਜਲਵਾ ਦਿਖਾਉਂਦੇ ਹਨ। ਦੋ ਵੱਡੇ ਸੁਆਲਾਂ ਦਾ ਜੁਆਬ ਹਰ ਮਨੁੱਖ ਨੂੰ ਦੇਣਾ ਪੈਂਦਾ ਹੈ।

1. ਇੱਕ ਇਹ ਕਿ ਜਗਤ ਤੇ ਮਨੁੱਖ ਦੀ ਜ਼ਿੰਦਗੀ ਦਾ ਕੀ ਭੇਤ ਹੈ?
2. ਦੂਜਾ ਇਹ ਕਿ ਕਿੱਦਾਂ ਸਮਾਜ ਨੂੰ ਵੱਧ ਤੋਂ ਵੱਧ ਸੁੱਖ ਮਿਲ ਸਕਦਾ ਹੈ।

ਇੰਨ੍ਹਾਂ ਸੁਆਲਾਂ ਦਾ ਜੁਆਬ ਬੁੱਧੀ ਦਿੰਦੀ ਹੈ। ਪਰ ਆਤਮਾ ਉਸ ਜੁਆਬ ਨੂੰ ਜ਼ੁਬਾਨ ਨਾਲ ਅਦਾ ਕਰਦੀ ਹੈ। ਜੇ ਆਤਮਾ ਜ਼ਿੰਦਾ ਨਹੀਂ ਤਾਂ ਬੁੱਧੀ, ਸੋਚ ਵਿਚਾਰ ਕਰਕੇ ਰਹਿ ਜਾਂਦੀ ਹੈ। ਉਸ ਦਾ ਕੋਈ ਸਿੱਟਾ ਨਹੀਂ ਨਿਕਲਦਾ। ਜਿੱਦਾਂ ਕਿਸੇ ਦੇ ਮਰਿਆ ਹੋਇਆ ਬੱਚਾ ਪੈਦਾ ਹੋਵੇ। ਪੰਜਾਬ ਵਿੱਚ ਅਜਿਹੀ ਸੰਤਾਨ ਬਹੁਤ ਪੈਦਾ ਹੁੰਦੀ ਹੈ।

ਜੋ ਮਨੁੱਖ ਇੰਨ੍ਹਾਂ ਦੋ ਸਿਧਾਂਤਾਂ ਵਿੱਚ ਝੂਠ ਬੋਲਦਾ ਹੈ, ਉਸ ਦੀ ਆਤਮਾ ਮਰੀ ਹੁੰਦੀ ਹੈ। ਇਹ ਠੀਕ ਪਛਾਣ ਹੈ ਅਤੇ ਆਤਮਾ ਨੂੰ ਕੌਣ ਕਤਲ ਕਰਦਾ ਹੈ? ਡਰ, ਡਰ, ਡਰ। ਕਿਸ ਦਾ ਡਰ? ਰਾਜ ਦਾ ਡਰ, ਹਾਕਮ ਦਾ ਡਰ, ਪੁਲਿਸ ਦਾ ਡਰ, ਖੁਫੀਆ ਦਾ ਡਰ, ਝੂਠੇ ਇਲਜ਼ਾਮਾਂ ਦਾ ਡਰ, ਸਰਕਾਰ ਦਾ ਡਰ, ਆਤਮਾ ਵਾਸਤੇ ਜ਼ਹਿਰ ਹੈ।

ਆਤਮਿਕ ਤਰੱਕੀ ਦਾ ਪਹਿਲਾ ਅਸੂਲ ਇਹ ਹੈ ਕਿ ਗੌਰਮਿੰਟ ਦਾ ਡਰ ਦਿਲ ਵਿੱਚੋਂ ਕੱਢ ਕੇ ਬਾਹਰ ਵਗਾਹ ਮਾਰੋ। ਕਿਸੇ ਗੌਰਮਿੰਟ ਦੀ ਤਲਵਾਰ, ਕਿਸੇ ਗੌਰਮਿੰਟ ਦੀਆਂ ਗਿੱਦੜ ਭਬਕੀਆਂ, ਕਿਸੇ ਗੌਰਮਿੰਟ ਦੀਆਂ ਚਲਾਕੀਆਂ। ਜਿਹੜਾ ਮਨੁੱਖ ਇੰਨ੍ਹਾਂ ਤੋਂ ਨਹੀਂ ਡਰਦਾ, ਉਸ ਨੇ ਆਤਮ-ਜੀਵਨ ਦਾ ਅਨੰਦ ਮਾਨਣਾ ਆਰੰਭ ਕੀਤਾ ਹੈ।

ਗੌਰਮਿੰਟਾਂ ਸੱਚ ਤੇ ਧਰਮ ਦੀਆਂ ਦੁਸ਼ਮਣਾਂ ਰਹੀਆਂ ਹਨ ਤੇ ਰਹਿਣਗੀਆਂ ਵੀ। ਗੌਰਮਿੰਟਾਂ ਦਾ ਸਹਾਰਾ-ਦਗਾਬਾਜ਼ੀ, ਲੁੱਟ ਮਾਰ ਤੇ ਜਬਰ ਰਿਹਾ ਹੈ ਤੇ ਰਹੇਗਾ ਵੀ। ਗੌਰਮਿੰਟਾਂ ਹਰ ਸੱਚੇ ਅਸੂਲ ਨੂੰ ਪੈਦਾ ਹੁੰਦੇ ਹੀ ਚਿੱਥ ਦੇਣਾ ਚਾਹੁੰਦੀਆਂ ਹਨ। ਗੌਰਮਿੰਟਾਂ ਵਿਚਾਰਸ਼ੀਲ ਲੋਕਾਂ ਦੇ ਪਿੱਛੇ ਸਦਾ ਲੱਠ ਲਈ ਫਿਰਦੀਆਂ ਹਨ।

ਜੋ ਵਿਚਾਰ-ਸ਼ੀਲ ਖੁਸ਼ਾਮਦੀਆਂ ਤੇ ਦੌਲਤਮੰਦਾਂ ਦੇ ਜ਼ੁਲਮਾਂ ਤੋਂ ਲੋਕਾਂ ਨੂੰ ਬਚਾਉਣਾ ਚਾਹੁੰਦਾ ਹੈ, ਉਸ ਦਾ ਕਿਸੇ ਨਾ ਕਿਸੇ ਜ਼ਾਲਮ ਗੌਰਮਿੰਟ ਨਾਲ ਜ਼ਰੂਰ ਵਾਸਤਾ ਪੈਂਦਾ ਹੈ। ਜੋ ਵਿਚਾਰਸ਼ੀਲ ਯੋਧਾ ਕਿਸੇ ਸਰਕਾਰ ਨੂੰ ਤੋੜਨ ਲਈ, ਮਜ਼ਲੂਮਾਂ ਨੂੰ ਨਾਲ ਲੈ ਕੇ, ਲੜਨ ਦੀ ਤਿਆਰੀ ਕਰਦਾ ਹੈ, ਉਸ ਨੂੰ ਸਰਕਾਰ ਕੁਚਲ ਦੇਣ ਲਈ ਸਾਰਾ ਬਲ ਲਾ ਦੇਂਦੀ ਹੈ।

ਜੋ ਵਿਚਾਰਸ਼ੀਲ ਯੋਧਾ ਲੋਕਾਂ ਦੀ ਭਲਾਈ ਵਾਸਤੇ ਕੁੱਝ ਯਤਨ ਕਰਦਾ ਹੈ ਤਾਂ ਉਸ ਦੇ ਰਸਤੇ ਵਿੱਚ ਕੰਡੇ ਬੀਜਣ ਲਈ ਗੌਰਮਿੰਟ ਖੜੀ ਹੋ ਜਾਂਦੀ ਹੈ। ਗੌਰਮਿੰਟਾਂ ਘੁੱਪ-ਹਨੇਰੇ ਵਿੱਚ ਹੀ ਫੁੱਲਦੀਆਂ ਫਲਦੀਆਂ ਹਨ। ਉਜਾਲਾ ਅਤੇ ਸੁੱਖ ਉਨ੍ਹਾਂ ਦੀ ਜੜ੍ਹ ਕੱਟਦੇ ਹਨ।

ਜੇ ਕੋਈ ਅਜਿਹਾ ਕੰਮ ਹੈ ਜਿਸ ਨੂੰ ਕਰਨ ਲਈ ਸਰਕਾਰ ਰੋਕਾਂ ਨਹੀਂ ਪਾਉਂਦੀ ਤਾਂ ਸਮਝ ਲਵੋ ਕਿ ਉਸ ਦਾ ਆਮ ਲੋਕਾਂ ਨੂੰ ਕੋਈ ਲਾਭ ਨਹੀਂ ਹੋਣਾ।

ਜੋ ਮਨੁੱਖ ਗੌਰਮਿੰਟ ਦਾ ਡਰ, ਮਨ ਵਿੱਚੋਂ ਨਹੀਂ ਕੱਢ ਸਕਦਾ ਉਹ ਬੁਜ਼ਦਿਲ ਸਦਾ ਗੁਲਾਮ ਰਹਿੰਦਾ ਹੈ। ਉਸ ਨੇਜ਼ਰੂਰਤਮੰਦਾਂ ਦਾ ਕੀ ਉਧਾਰ ਕਰਨਾ ਹੈ। ਗੌਰਮਿੰਟ ਸਮਝਦੀ ਹੈ ਕਿ ਪੰਜਾਬ ਦੇ ਲੋਕਾਂ ਦੇ ਰੱਗਾਂ ਪੱਠਿਆਂ ਵਿੱਚ ਡਰ ਰੱਚ ਗਿਆ ਹੈ। ਸਰਕਾਰਾਂ ਦੇ ਮਕਸਦ ਇਸੇ ਤਰ੍ਹਾਂ ਸਿਰੇ ਚੜ੍ਹਦੇ ਹਨ। ਜੇ ਕੋਈ ਸਿਰ ਚੁੱਕੇ ਤਾਂ ਕੁਚਲ ਦਿਓ ਭਾਵੇਂ ਉਹ ਸਿਰ ਕਿਸੇ ਨਿਰਦੋਸ਼ੇ ਦਾ ਹੀ ਕਿਉਂ ਨਾ ਹੋਵੇ। ਸਰਕਾਰੀ ਚਮਚੇ ਸਰਕਾਰਾਂ ਨੂੰ ਹਮੇਸ਼ਾਂ ਭੁਲੇਖੇ ਵਿੱਚ ਰੱਖਦੇ ਹਨ। ਉਨ੍ਹਾਂ ਸਰਕਾਰੀ ਲੋਕਾਂ ਦੀ ਆਤਮਾ, ਡਰ ਤੇ ਝੂਠ ਦੇ ਪ੍ਰਭਾਵੇਂ ਵਿੱਚ ਮਰ ਚੁੱਕੀ ਹੁੰਦੀ ਹੈ। ਗੁਲਾਮ-ਆਤਮਾ, ਆਤਮਾ ਅਖਵਾਉਣ ਦਾ ਹੱਕ ਨਹੀਂ ਰੱਖਦੀ।

ਅਜਿਹੇ ਲੋਕ, ਲੋਕਾਂ ਵਿੱਚ ਸੂਰਬੀਰਾਂ ਨੂੰ ਬੁਰਾ ਭਲਾ ਕਹਿੰਦੇ ਹਨ। ਪਰ ਲੁਕਵੇਂ ਛਿਪਵੇ ਤੌਰ ਤੇ ਉਨ੍ਹਾਂ ਦੀ ਬਹਾਦਰੀ ਦਾ ਸਿੱਕਾ ਮੰਨਦੇ ਹਨ। ਬੁੱਧੀ, ਜਿੰਨ੍ਹਾਂ ਖਿਆਲਾਂ ਨੂੰ ਚੰਗਾ ਬਣਾਉਂਦੀ ਹੈ ਉਨ੍ਹਾਂ ਨੂੰ ਦਿਮਾਗ ਦੇ ਸਭ ਤੋਂ ਨਿਚਲੇ ਤਹਿਖਾਨੇ ਵਿੱਚ ਬੰਦ ਰੱਖਦੇ ਹਨ। ਇਹ ਆਤਮਾ ਦੀ ਮੌਤ ਦੀ ਨਿਸ਼ਾਨੀ ਹੈ।

ਸਦੀਆਂ ਤੋਂ ਪੰਜਾਬ ਝੱਖੜਾਂ ਝੋਲਿਆਂ ਵਿੱਚੋਂ ਲੰਘਦਾ ਆ ਰਿਹਾ ਹੈ। ਨਾ ਝੱਖੜ ਰਹੇ ਨਾ ਝੱਖੜ ਲਿਆਉਣ ਵਾਲੇ। ਥੋੜ-ਚਿਰੀ ਗੁਲਾਮੀ ਪਿੱਛੋਂ ਪੰਜਾਬ ਦੀ ਆਤਮਾ ਜਾਗ ਉੱਠਦੀ ਰਹੀ ਹੈ।

ਪੰਜਾਬ ਦੀ ਆਤਮਾ ਦੇ ਹੱਥਾਂ ਵਿੱਚ ਪਈਆਂ ਹੱਥਕੜੀਆਂ ਛੇਤੀ ਟੁੱਟਣਗੀਆਂ। ਪੰਜਾਬ ਦੀ ਆਤਮਾ ਦੇ ਪੈਰਾਂ ਵਿੱਚ ਛਣਕਦੀਆਂ ਬੇੜੀਆਂ ਛੇਤੀ ਢਲ ਜਾਣਗੀਆਂ ਜਿਵੇਂ ਮੋਮ ਢਲਦੀ ਹੈ।

ਪੰਜਾਬ ਦੀ ਆਤਮਾ ਜਾਗੇਗੀ। ਜ਼ਰੂਰ ਜਾਗੇਗੀ। ਛੇਤੀ ਜਾਗੇਗੀ। ਜੇ ਗੁਲਾਮ ਆਤਮਾ ਨੂੰ ਆਜ਼ਾਦ ਕਰਾਉਣਾ ਹੈ ਤਾਂ ਬੰਦੇ ਪੈਦਾ ਕਰੋ। ਪੰਜਾਬ ਦੀ ਸ਼ਕਤੀਸ਼ਾਲੀ ਅਮਰ ਆਜ਼ਾਦ ਆਤਮਾ।

ਜਿੱਥੇ ਵੀ ਜਾਵਾਂ ਮੇਰਾ ਪੰਜਾਬ ਸਦਾ ਮੇਰੇ ਨਾਲ ਰਹਿੰਦੇ। ਪੰਜਾਬ ਮੇਰੀ ਮਾਂ ਹੈ। ਸਾਰੀ ਦੁਨੀਆਂ ਵਿੱਚ ਮੇਰਾ ਪੰਜਾਬ ਵੱਸਦੇ। ਸਾਰੀ ਦੁਨੀਆਂ ਮੇਰਾ ਵਿਸ਼ਾ ਹੈ ਪਰ ਪੰਜਾਬ ਮੇਰੀ ਮਾਂ ਹੈ।

Federation of Sikh Societies of Canada
Fédération des Sociétés Sikhs du Canada

P.O. Box 91, Station 'B', Ottawa, Ontario K1P 6C3

ਯੂਨੀਵਰਸਟੀ ਆਫ ਬੀ. ਸੀ ਵਿਖੇ ਸਿੱਖ ਚੇਅਰ

ਭਾਵ - ਸਿਖ ਧਰਮ ਅਤੇ ਸਿਖ ਸਭਿਅਤਾ ਦੀ ਪੰਜਾਬੀ ਬੋਲੀ ਵਿੱਚ ਵਿਦਿਆਂ ਦੀਆਂ ਸਹੂਲਤਾਂ ਸਥਾਪਤ ਕਰਨ ਦਾ ਅਮੁੱਲਾ ਮੌਕਾ। ਤੁਰੰਤ ਹੀ ਇਕ ਆਖਰੀ ਅਤੇ ਵੱਡਾ ਹੰਭਲਾ ਮਾਰਨ ਲਈ

ਸਿੱਖ ਸੰਗਤਾਂ ਪ੍ਰਤੀ ਅਪੀਲ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਆਪ ਸਭ ਸੰਗਤਾਂ ਨੂੰ ਪਤਾ ਹੈ ਕਿ ਕਾਫੀ ਯਤਨਾਂ ਨਾਂਲ ਯੂ. ਬੀ. ਸੀ. ਵਿੱਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾਉਣ ਲਈ ਹੁਣ ਤੱਕ ਤਕਰੀਬਨ 150,000 ਡਾਲਰ ਇਕੱਤਰ ਹੋ ਚੁੱਕੇ ਹਨ, ਜਿਸ ਦਾ ਸੰਖੇਪ ਵੇਰਵਾ ਹੇਠ ਦਿੱਤੇ ਅਨੁਸਾਰ ਹੈ (ਪੂਰਾ ਵੇਰਵਾ ਇਹ ਮਹਾਨ ਪ੍ਰੋਜੇਕਟ ਦੇ ਪੂਰਾ ਹੋਣ ਉਪਰੰਤ ਸੰਗਤਾਂ ਨੂੰ ਦਿੱਤਾ ਜਾ ਸਕੇਗਾ) ਤਿੰਨ ਲੱਖ ਡਾਲਰ ਸਰਕਾਰ ਤੋਂ ਮਿਲਣਾਂ ਹੈ ਅਤੇ ਤਿੰਨ ਲੱਖ ਡਾਲਰ ਆਪਣੀ ਸਾਰੀ ਕਮਿਊਨਿਟੀ ਨੇ ਇਕੱਤਰ ਕਰਨਾ ਹੈ, ਇਸ ਲਈ ਅਜੇ ਅੱਧੀ ਰਕਮ ਭਾਵ 150,000 ਡਾਲਰ ਹੋਰ ਜਲਦੀ ਇਕੱਤਰ ਕਰਨੇ ਜ਼ਰੂਰੀ ਹਨ।

1. ਸਿੱਖ ਕਲਚਰਲ ਸੁਸਾਇਟੀ, ਗੋਲਡਨ ਬੀ. ਸੀ. -----------1350.00
2. ਕੇਰੀਬੂ ਗੁਰਸਿੱਖ ਟੈਂਪਲ, ਕੁਨੇਲ, ਬੀ. ਸੀ.--------------8800.00

(ਤੀਜੇ ਕਾਲਮ ਵਿਚ)

ਉੱਘੇ ਕਵੀ ਪ੍ਰਿੰ: ਤਖਤ ਸਿੰਘ ਜੀ ਦਾ ਸੁਆਗਤ - ਪੰਜਾਬੀ ਲੇਖਕ ਮੰਚ ਵੱਲੋਂ ਵਿਸ਼ੇਸ਼ ਮੀਟਿੰਗ 19 ਅਗਸਤ 1984 ਨੂੰ

ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮਹੀਨਾਵਾਰ ਮੀਟਿੰਗ 29 ਜੁਲਾਈ 1984 ਨੂੰ ਹੋਈ। ਗੁਰਚਰਨ ਰਾਮਪੁਰੀ ਨੇ ਵੈਨਕੂਵਰ ਦੇ ਲੇਖਕਾਂ ਵੱਲੋਂ ਪ੍ਰਿੰਸੀਪਲ ਤਖਤ ਸਿੰਘ ਹੋਰਾਂ ਦਾ ਵੈਨਕੂਵਰ ਅਪੜਨ ਉੱਤੇ ਸੁਆਗਤ ਕੀਤਾ ਅਤੇ ਉਨ੍ਹਾਂ ਦੇ ਜੀਵਨ ਅਤੇ ਰਚਨਾਂਵਾਂ ਬਾਰੇ ਵਿਸਥਾਰ ਨਾਲ ਵਾਕਫੀ ਦਿੰਦੇ ਕਿਹਾ, "ਤਖਤ ਸਿੰਘ ਹੋਰਾਂ ਨੇ ਪੰਜਾਬੀ ਗ਼ਜ਼ਲ ਦੇ ਖੇਤਰ ਵਿੱਚ ਆਪਣੀ ਨਵੇਕਲੀ ਪੈੜ ਪਾਈ ਹੈ। ਉਹ ਉਰਦੂ ਦੇ ਵੀ ਨਾਮਵਰ ਸ਼ਾਇਰ ਹਨ ਸੋ ਉਰਦੂ ਕਵਿਤਾ ਦੇ ਆਪਣੇ ਪਿਛੋਕੜ ਵਾਲੀ ਪਕਿਆਈ ਦੇ ਨਾਲ ਨਾਲ ਉਨ੍ਹਾਂ ਠੇਠ ਪੰਜਾਬੀ ਦਾ ਮੁਹਾਵਰਾ ਪੰਜਾਬੀ ਗ਼ਜ਼ਲ ਵਿੱਚ ਬੜੀ ਸਫਲਤਾ ਨਾਲ ਸਥਾਪਤ ਕੀਤਾ ਹੈ। ਤਖਤ ਸਿੰਘ ਜੀ ਗੌਆ ਦੇ ਅਮਰ ਸ਼ਹੀਦ ਸ: ਕਰਨੈਲ ਸਿੰਘ ਦੇ ਵੱਡੇ ਭਰਾ ਹਨ।"

ਫਿਰ ਤਖਤ ਸਿੰਘ ਹੋਰਾਂ ਨੇ ਆਪਣੀਆਂ ਚੋਣਵੀਆਂ ਗ਼ਜ਼ਲਾਂ ਪੇਸ਼ ਕੀਤੀਆਂ ਜੋ ਬੇਹੱਦ ਪਸੰਦ ਕੀਤੀਆਂ ਗਈਆਂ। ਇਸ ਪਿੱਛੋਂ ਚਰਨ ਸਿੰਘ, ਮਹਿੰਦਰ ਸੂਮਲ, ਅਜਮੇਰ ਰੋਡੇ, ਗੁਰਚਰਨ ਰਾਮਪੁਰੀ, ਦਰਸ਼ਨ ਬੈਂਸ, ਸਾਧੂ ਤੇ ਮਨਜੀਤ ਬਿੰਨਿੰਗ ਨੇ ਆਪਣੀਆਂ ਰਚਨਾਵਾਂ ਸੁਣਾਈਆਂ।

ਇੱਕ ਵਿਸ਼ੇਸ਼ ਮੀਟਿੰਗ 19 ਅਗਸਤ 1984 ਐਤਵਾਰ ਨੂੰ ਸ਼ਾਮ ਦੇ ਚਾਰ ਵਜੇ ਲਿਟਲ ਮਾਊਂਨਟੇਨ ਨੇਬਰਹੁੱਡ ਹਾਊਸ 3981 ਮੇਨ ਸਟਰੀਟ ਵੈਨਕੂਵਰ ਵਿਖੇ ਹੋਵੇਗੀ ਜਿਸ ਵਿੱਚ ਪ੍ਰਿੰ: ਤਖਤ ਸਿੰਘ ਅਤੇ ਸ੍ਰੀ ਗੁਰੂਮੇਲ ਆਪਣੀਆਂ ਰਚਨਾਵਾਂ ਪੇਸ਼ ਕਰਨਗੇ।

ਪੰਜਾਬੀ ਲੇਖਕ ਮੰਚ ਦੀ ਮਾਹਵਾਰੀ ਮੀਟਿੰਗ 26 ਅਗਸਤ ਙਿਨ 1984 ਦਿਨ ਐਤਵਾਰ ਨੂੰ ਸ਼ਾਮ ਦੇ ਪੰਜ ਵਜੇ ਉਪਰਲੇ ਸਿਰਨਾਮੇ ਤੇ ਹੀ ਹੋਵੇਗੀ। ਲੇਖਕ ਨੋਟ ਕਰ ਲੈਣ।

ਮਹਿੰਦਰ ਸਿੰਘ ਸੂਮਲ
ਕਨਵੀਨਰ ਪੰਜਾਬੀ ਲੇਖਕ ਮੰਚ, ਵੈਨਕੂਵਰ

ਫਾਰਮ ਕਾਮਿਆਂ ਦੀ ਸ਼ਾਨਦਾਰ ਜਿੱਤ

26 ਜੁਲਾਈ ਨੂੰ ਲੈਂਗਲੀ ਵਿੱਚਲੇ ਹਾਸ ਮੱਸ਼ਰੂਮ ਫਾਰਮ ਵਿੱਚ ਕੰਮ ਕਰਦੇ ਵਰਕਰਾਂ ਦੀ ਸ਼ਾਨਦਾਰ ਜਿੱਤ ਹੋਈ। 27 ਮਈ ਦੀ ਸ਼ਾਮ ਨੂੰ ਹਾਸ ਫਾਰਮ ਦੇ ਮਾਲਕ ਨੇ ਪੰਜ ਮੱਸ਼ਰੂਮ ਪਿਕ ਕਰਨ ਵਾਲੀਆਂ ਔਰਤਾਂ ਨੂੰ ਕੰਮ ਤੋਂ ਜੁਆਬ ਦੇ ਦਿੱਤਾ। ਇਸ ਦਾ ਕਾਰਨ ਇਹ ਸੀ ਕਿ ਇਸ ਫਾਰਮ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੇ ਆਪਣੀ ਯੂਨੀਅਨ ਬਨਾਉਣ ਦਾ ਯਤਨ ਕੀਤਾ ਕਿਉਂਕਿ ਇਸ ਫਾਰਮ ਵਿੱਚ ਕੰਮ ਦੀਆਂ ਹਾਲਤਾਂ ਬਹੁਤ ਭੈੜੀਆਂ ਸਨ, ਜਿਵੇਂ:- ਹਫਤੇ ਦੇ ਸੱਤੇ ਦਿਨ ਕੰਮ ਲੰਮੇ ਘੰਟੇ ਕੰਮ ਅਤੇ ਅੱਠਾਂ ਘੰਟਿਆਂ ਤੋਂ ਉਪਰ ਕੰਮ ਦਾ ਕੋਈ ਓਵਰਟਾਈਮ ਨਹੀਂ ਮਿਲਦਾ ਸੀ, ਨਾ ਹੀ ਵਾਸ਼ਰੂਮ ਦੀ ਕੋਈ ਸਹੂਲਤ ਸੀ।

ਇੰਨ੍ਹਾਂ ਪੰਜਾਂ ਪਿਕਰਾਂ ਨੂੰ ਫਾਇਰ ਕਰਨ ਕਾਰਨ ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਨੇ ਹਾਸ ਫਾਰਮ ਦੇ ਮਾਲਕ ਦੇ ਵਿਰੁੱਧ ਲੇਬਰ ਰੀਲੇਸ਼ਨ ਬੋਰਡ ਅਨਫੇਅਰ ਲੇਬਰ ਪ੍ਰੈਕਟਿਸ (UNFAIR LABOUR PRACTICE) ਅਤੇ ਯੂਨੀਅਨ ਦੀ ਸਰਟੀਫੀਕੇਸ਼ਨ ਲਈ ਅਰਜ਼ੀ ਕਰ ਦਿੱਤੀ। ਇਸ ਕੇਸ ਦੀ ਸੁਣਵਾਈ ਬੋਰਡ ਵਿੱਚ ਸੱਤ ਦਿਨ ਹੁੰਦੀ ਰਹੀ। ਦੋਨਾਂ ਪਾਸਿਆਂ ਤੋਂ ਗਵਾਹ ਪੇਸ਼ ਹੋਏ। ਮਾਲਕਾਂ ਨੇ ਆਪਣਾ ਪੱਖ ਪੇਸ਼ ਕੀਤਾ ਅਤੇ ਯੂਨੀਅਨ ਅਤੇ ਵਰਕਰਾਂ ਨੇ ਆਪਣਾ। 26 ਜੁਲਾਈ ਨੂੰ ਬੋਰਡ ਨੇ ਯੂਨੀਅਨ ਅਤੇ ਵਰਕਰਾਂ ਦੀ ਗੱਲ ਸੱਚ ਮੰਨਦੇ ਹੋਏ ਫੈਸਲਾ ਦਿੱਤਾ ਕਿ ਮਾਲਕ ਨੇ ਇੰਨ੍ਹਾਂ ਪੰਜਾਂ ਵਰਕਰਾਂ ਨੂੰ ਇਸ ਕਰਕੇ ਫਾਇਰ ਕੀਤਾ ਕਿਉਂਕਿ ਉਸ ਨੂੰ ਪਤਾ ਲੱਗ ਗਿਆ ਸੀ ਕਿ ਇਹ ਫਾਰਮ ਵਰਕਰ ਫਾਰਮ ਵਿੱਚ ਯੂਨੀਅਨ ਬਨਾਉਣਾ ਚਾਹੁੰਦੇ ਸਨ। ਇਸ ਤਰ੍ਹਾਂ ਵਰਕਰਾਂ ਨੂੰ ਫਾਇਰ ਕਰਨਾ ਕਾਨੂੰਨੀ ਤੌਰ ਤੇ ਗਲਤ ਹੈ। ਇਸ ਲਈ ਮਾਲਕ ਨੂੰ ਇਹ ਪੰਜ ਵਰਕਰ ਕੰਮ ਤੇ ਵਾਪਿਸ ਲੈਣੇ ਚਾਹੀਦੇ ਹਨ ਅਤੇ ਇਸਦੇ ਨਾਲ ਹੀ ਜਿੰਨਾ ਚਿਰ ਉਨ੍ਹਾਂ ਨੇ ਕੰਮ ਨਹੀਂ ਕੀਤਾ, ਉਨਾਂ ਚਿਰ ਦੀ ਉਨ੍ਹਾਂ ਨੂੰ ਬੈਕ ਪੇ (ਪਿਛਲੀ ਤਨਖਾਹ) ਮਿਲਣੀ ਚਾਹੀਦੀ ਹੈ। ਇਸਦੇ ਨਾਲ ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਨੂੰ ਹਾਸ ਸਫਾਰਮ ਵਿੱਚ ਆਟੋਮੈਟਿਕ ਸਰਟੀਫੀਕੇਸ਼ਨ ਮਿਲਣੀ ਚਾਹੀਦੀ ਹੈ।

ਇਹ ਜਿੱਤ ਇਕੱਲੇ ਹਾਸ ਮਸ਼ਰੂਮ ਫਾਰਮ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਹੀ ਜਿੱਤ ਨਹੀਂ ਸਗੋਂ ਫਰੇਜ਼ਰਵੈਲੀ ਮਸ਼ਰੂਮ ਫਾਰਮਾਂ ਵਿੱਚ ਕੰਮ ਕਰਨ ਵਾਲੇ ਅਤੇ ਹੋਰ ਫਾਰਮਾਂ ਵਿੱਚ ਕੰਮ ਕਰਨ ਵਾਲੇ ਸਾਰੇ ਵਰਕਰਾਂ ਦੀ ਸਾਂਝੀ ਜਿੱਤ ਹੈ। ਫਰੇਜ਼ਰਵੈਲੀ ਦੇ ਹੋਰ ਫਾਰਮਾਂ ਵਿੱਚ ਕੰਮ ਕਰਨ ਵਾਲੇ ਸਾਰੇ ਸਾਂਝੀ ਜਿੱਤ ਹੈ। ਫਰੇਜ਼ਰਵੈਲੀ ਦੇ ਹੋਰ ਮਸ਼ਰੂਮ ਫਾਰਮਾਂ ਵਿੱਚ ਵੀ (ਕੁੱਝ ਇਕ ਨੂੰ ਛੱਡ) ਇਸ਼ ਫਾਰਮ ਵਰਗੀਆਂ ਹੀ ਹਾਲਤਾਂ ਹਨ। ਇਸ ਲਈ ਉਨ੍ਹਾਂ ਨੂੰ ਵੀ 1984 ਵਿੱਚ 1884 ਵਰਗੀਆਂ ਹਾਲਤਾਂ ਬਦਲਣ ਲਈ ਘੋਲ ਕਰਨਾ ਚਾਹੀਦਾ ਹੈ ਅਤੇ ਯੂਨੀਅਨ ਬਣਾਉਣੀ ਚਾਹੀਦੀ ਹੈ। ਕਿਸੇ ਵੀ ਫਾਰਮ ਵਿੱਚ ਕੰਮ ਕਰਨ ਵਾਲੇ ਵਰਕਰ ਜੇ ਯੂਨੀਅਨ ਬਨਾਉਣਾ ਚਾਹੁੰਦੇ ਹਨ ਤਾਂ ਉਹ ਯੂਨੀਅਨ ਦੇ ਮੈਂਬਰ ਬਣ, ਯੂਨੀਅਨ ਲਈ ਅਪਲਾਈ ਕਰ ਸਕਦੇ ਹਨ ਹਾਸ ਫਾਰਮ ਵਰਕਰਾਂ ਨੇ ਪਿਛਲੇ ਪੰਜਾਂ ਸਾਲਾਂ ਤੋਂ ਚੱਲ ਰਹੇ ਫਾਰਮਵਰਕਰਾਂ ਦੇ ਘੋਲ ਦੀ ਲੜੀ ਨੂੰ ਚੱਲਦੇ ਰੱਖਿਆ ਹੈ ਅਤੇ ਇਸੇ ਤਰ੍ਹਾਂ ਹੋਰ ਫਾਰਮ ਵਰਕਰਾਂ ਨੂੰ ਵੀ ਇਸ ਘੋਲ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਹਾਸ ਫਾਰਮ ਵਿੱਚ ਕੰਮ ਕਰਦੀਆਂ 11 ਮੱਸ਼ਰੂਮ ਪਿਕਰਾਂ ਨੇ ਆਪਣੀ ਏਕਤਾ ਨਾਲ ਇਹ ਦੱਸ ਦਿੱਤਾ ਹੈ ਕਿ ਜੇ ਅਸੀਂ ਇਕੱਠੇ ਹਾਂ ਤਾਂ ਕੋਈ ਵੀ ਸਾਡਾ ਕੁੱਝ ਨਹੀਂ ਵਿਗਾੜ ਸਕਦਾ। ਇਸ ਲਈ ਸਾਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ। ਆਓ ਇਸ ਘੋਲ ਨੂੰ ਹੋਰ ਅੱਗੇ ਵਧਾਈਏ।

ਹਾਸ ਫਾਰਮ ਦੇ ਵਰਕਰ - ਜਿੰਦਾਬਾਦ,
ਫਾਰਮ ਵਰਕਰਾਂ ਦੀ ਜੱਦੋ ਜਹਿਦ - ਜਿੰਦਾਬਾਦ
ਸੁਖਵੰਤ ਹੁੰਦਲ - ਫੋਨ 430-6055

ਸਫਾ 4 ਦੀ ਬਾਕੀ

ਹੈ। ਕਾਮਰੇਡ ਸੁਰਜੀਤ ਕਈਆਂ ਗੱਲਾਂ ਵਿੱਚ ਅਕਾਲੀਆਂ ਦੇ ਵੱਡੇ ਵਿਰੋਧੀਆਂ ਵਿੱਚ ਸ਼ਾਮਿਲ ਹੁੰਦੇ ਹਨ। ਗੁਰਦੁਆਰਿਆਂ ਵਿੱਚ ਅਸਲਾ ਰੱਖਣ ਦੇ ਉਹ ਵੀ ਵਿਰੋਧੀ ਸਨ ਤੇ ਉਹਨਾਂ ਨੇ ਇਸ ਸੰਬੰਧ ਵਿੱਚ ਕਈ ਵਾਰ ਜ਼ੋਰ ਦੇ ਕੇ ਲਿਖਿਆ।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ 124 ਸਫਿਆਂ ਦਾ ਕਿਤਾਬਚਾ ਰੀਲੀਜ਼ ਕੀਤਾ ਹੈ ਜਿਸ ਵਿੱਚ ਉਹਨਾਂ ਨੇ ਤਿੰਨ ਧਿਰੀ ਵਾਰਤਾ ਸਬੰਧੀ ਪੂਰੀ ਜਾਣਕਾਰੀ ਦਿੱਤੀ ਹੈ। ਕਿਤਾਬਚੇ ਦੇ ਮੁੱਖ ਬੰਦ ਵਿੱਚ ਕਾਮਰੇਡ ਸੁਰਜੀਤ ਨੇ ਦੱਸਿਆ ਹੈ ਕਿ: 'ਪੰਜਾਬ ਦੀ ਮੌਜੂਦਾ ਸਥਿਤੀ ਲਈ ਸਭ ਤੋਂ ਪਹਿਲਾਂ ਕੇਂਦਰੀ ਸਰਕਾਰ ਜ਼ੁੰਮੇਵਾਰ ਹੈ। ਇਸ ਤੋਂ ਬਾਅਦ ਇਹ ਜ਼ੁੰਮੇਵਾਰੀ ਕੁੱਝ ਵਿਅਕਤੀਆਂ ਦੇ ਸਿਰ ਆਉਂਦੀ ਹੈ ਜੋ ਕਿ ਆਪਣੇ ਸੌੜੇ ਮਨਸੂਬਿਆਂ ਦੀ ਪੂਰਤੀ ਲਈ ਦੇਸ਼ ਦੀ ਏਕਤਾ ਨੂੰ ਤਬਾਹ ਕਰਨ ਦੇ ਰਸਤੇ ਤੁਰ ਪਏ ਸਨ।

ਇਸ ਕਿਤਾਬਚੇ ਵਿੱਚ ਪੰਜਾਬ ਦੀ ਸਥਿਤੀ ਬਾਰੇ ਵੱਖ ਵੱਖ ਮੌਕਿਆਂ ਤੇ ਮਾਰਕਸੀ ਪਾਰਟੀ ਵੱਲੋਂ ਪਾਸ ਕੀਤੇ ਮਤੇ ਕਾਮਰੇਡ ਸੁਰਜੀਤ ਵੱਲੋਂ ਦਿੱਤੇ ਗਏ ਭਾਸ਼ਨ ਅਤੇ ਹੋਰ ਲੇਖ ਸੰਕਿਲਤ ਕੀਤੇ ਗਏ ਹਨ। ਕਿਤਾਬਚੇ ਵਿੱਚ ਕਮਿਊਨਿਸਟ ਆਗੂ ਵੱਲੋਂ ਇਸ ਸਬੰਧੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਲਿਖੇ ਗਏ ਤਿੰਨ ਪੱਤਰ, ਅਕਾਲੀ ਦਲ ਦੇ ਮੁੱਖੀ ਸੰਤ ਲੌਂਗੋਵਾਲ ਨੂੰ ਲਿਖੇ ਗਏ ਦੋ ਪੱਤਰ ਅਤੇ ਸਾਬਕਾ ਮੁੱਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲਿਖਿਆ ਗਿਆ ਇੱਕ ਪੱਤਰ ਵੀ ਸ਼ਾਮਲ ਕੀਤਾ ਗਿਆ ਹੈ।

ਕਾਮਰੇਡ ਸੁਰਜੀਤ ਦੇ ਦੱਸਣ ਅਨੁਸਾਰ ਸਾਬਕਾ ਵਿਦੇਸ਼ ਮੰਤਰੀ ਸ੍ਰੀ ਸਵਰਨ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ 2 ਨਵੰਬਰ 1982 ਨੂੰ ਪੰਜਾਬ ਮਸਲੇ ਦੇ ਹੱਲ ਬਾਰੇ ਦੋਵੇਂ ਧਿਰਾਂ ਵਿਚਾਲੇ 'ਸਹਿਮਤੀ' ਹੋ ਗਈ ਸੀ। ਪ੍ਰੰਤੂ ਉਹਨਾਂ ਨੇ ਅਚਰਜ ਪ੍ਰਗਟ ਕੀਤਾ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਅਗਲੇ ਦਿਨ 3 ਨਵੰਬਰ ਨੂੰ ਇਸ ਸੰਬੰਧ ਵਿੱਚ ਪਾਰਲੀਮੈਂਟ ਅੰਦਰ ਜੋ ਬਿਆਨ ਜਾਰੀ ਕੀਤਾ ਗਿਆ ਸੀ ਉਸ ਦੀ 'ਭਾਵਨਾ' ਉਸ 'ਸਮਝੌਤੇ' ਤੋਂ ਐਨ ਵੱਖਰੀ ਸੀ।

ਉਸ ਤੋਂ ਬਾਅਦ 18 ਨਵੰਬਰ, 1982 ਨੂੰ ਦੋਵਾਂ ਧਿਰਾਂ ਵਿਚਾਲੇ ਫਿਰ 'ਸਮਝੌਤਾ' ਹੋ ਗਿਆ ਸੀ। ਇਸ ਵਾਰ ਤਾਂ ਸੰਤ ਲੌਂਗੋਵਾਲ ਦੀ ਸਹਿਮਤੀ ਪ੍ਰਾਪਤ ਕਰਨ ਲਈ ਨਵੀਂ ਦਿੱਲੀ ਤੋਂ ਅੰਮ੍ਰਿਤਸਰ ਜਾਣ ਲਈ ਹਵਾਈ ਜਹਾਜ਼ ਵੀ ਹਵਾਈ ਅੱਡੇ ਤੇ ਤਿਆਰ ਖੜਾ ਸੀ।

ਮਾਰਕਸੀ ਆਗੂ ਨੇ ਦਾਅਵਾ ਕੀਤਾ ਹੈ ਕਿ ਵਿਰੋਧੀ ਪਾਰਟੀਆਂ ਅਕਾਲੀ ਦਲ ਨੂੰ ਤਿੰਨ ਧਿਰੀ ਵਾਰਤਾ ਦੇ ਏਜੰਡੇ ਵਿੱਚ ਆਨੰਦਪੁਰ ਸਾਹਿਬ ਦੇ ਮਤੇ ਨੂੰ ਸ਼ਾਮਲ ਕਰਨ ਤੇ ਜ਼ੋਰ ਨਾ ਦੇਣ ਲਈ ਸਹਿਮਤ ਕਰਾਉਣ 'ਚ ਕਾਮਯਾਬ ਹੋ ਗਈਆਂ ਸਨ। ਨਦੀਆਂ ਦੇ ਪਾਣੀ ਦੀ ਵੰਡ ਬਾਰੇ ਵੀ ਸਮਝੌਤਾ ਹੋ ਗਿਆ ਸੀ, ਇਲਾਕਾਈ ਝਗੜਾ ਹੀ ਵਿਵਾਦ ਦਾ ਕੇਵਲ ਇਕੋ ਮੁਦਾ ਰਹਿ ਗਿਆ ਸੀ।

ਇਸ ਆਖਰੀ ਨੁਕਤੇ ਤੇ ਵਿਰੋਧੀ ਪਾਰਟੀਆਂ ਨੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰ ਦਿੱਤੇ ਜਾਣ ਦੀ ਅਤੇ ਇਸ ਬਦਲੇ ਪੰਜਾਬ 'ਚ ਰਹਿੰਦੇ ਕੁੱਝ ਹਿੰਦੀ ਬੋਲਦੇ ਏਰੀਏ ਹਰਿਆਣੇ ਨੂੰ ਸੌਂਪ ਦੇਣ ਅਤੇ ਨਾਲ ਹੀ ਨਵੀਂ ਰਾਜਧਾਨੀ ਉਸਾਰਨ ਲਈ ਹਰਿਆਣੇ ਨੂੰ ਲੋੜੀਂਦੀ ਗਰਾਂਟ ਦੇ ਦੇਣ ਲਈ ਤਜਵੀਜ਼ ਪੇਸ਼ ਕੀਤੀ ਸੀ। ਪ੍ਰੰਤੂ ਸਰਕਾਰ ਆਪਣੇ ਇਸ ਸਟੈਂਡ ਤੋਂ ਇੱਕ ਇੰਚ ਵੀ ਪਿਛਾਂਹ ਹਟਣ ਲਈ ਤਿਆਰ ਨਹੀਂ ਸੀ ਕਿ ਇਸ ਨੁਕਤੇ ਤੇ 1970 ਦੇ ਐਵਾਰਡ ਨੂੰ ਹੀ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

ਦਸਤਾਵੇਜ਼ ਵਿੱਚ ਅੱਗੇ ਕਿਹਾ ਗਿਆ ਹੈ ਕਿ ਦੋਵਾਂ ਧਿਰਾਂ ਵਿਚਾਲੇ ਸਮਝੌਤਾ 20 ਅਪਰੈਲ, 1983 ਨੂੰ ਇਲਾਕਾਈ ਵਿਵਾਦ ਦੇ ਹੱਲ ਲਈ ਮੁੜ ਆਮ ਸਹਿਮਤੀ ਪ੍ਰਾਪਤ ਕਰਨ 'ਚ ਕਾਮਯਾਬੀ ਹਾਸਲ ਕਰ ਲਈ ਸੀ। ਪ੍ਰੰਤੂ ਸਰਕਾਰ ਨੇ ਇਸ ਸਬੰਧ ਵਿੱਚ ਪੇਸ਼ ਕੀਤੀ ਗਈ ਤਜਵੀਜ਼ ਨੂੰ ਰੱਦ ਕਰ ਦਿੱਤਾ।

ਇਹ ਤਾਂ ਸੀ ਸੀ. ਪੀ. ਐਮ. ਦੇ ਨੇਤਾ ਕਾਮਰੇਡ ਸੁਰਜੀਤ ਦੀ ਗੱਲ। ਹੁਣ ਸੀ. ਪੀ. ਆਈ. ਦੇ ਲੀਡਰਾਂ ਦੇ ਤਾਜ਼ਾ ਬਿਆਨ ਵੱਲ ਅਸੀਂ ਪਾਠਕਾਂ ਦਾ ਧਿਆਨ ਦੁਆਉਣਾ ਚਾਹੁੰਦੇ ਹਾਂ। ਸੀ. ਪੀ. ਆਈ. ਦੀ ਕੇਂਦਰੀ ਐਗਜ਼ੇਕਟਿਵ ਨੇ ਪੰਜਾਬ ਸਬੰਧੀ ਨਵੀਂ ਦਿੱਲੀ ਵਿੱਚ ਆਪਣਾ ਮਤਾ ਰੀਲੀਜ਼ ਕਰ ਦਿੱਤਾ। ਮਤੇ ਵਿੱਚ ਕਿਹਾ ਗਿਆ ਕਿ ਦਰਬਾਰ ਸਾਹਿਬ ਕੰਪਲੈਕਸ ਦੀ ਕਾਰ ਸੇਵਾ ਸਿੱਖ ਭਾਈਚਾਰੇ ਦੇ ਪ੍ਰਤੀਨਿਧ ਦੇ ਹਵਾਲੇ ਕਰ ਦਿੱਤੀ ਜਾਏ। ਮਤੇ ਵਿੱਚ ਕੇਂਦਰੀ ਐਗਜ਼ੇਕਟਿਵ ਨੇ ਆਪੋਜ਼ੀਸ਼ਨ ਕਨਕਲੇਵ ਦੇ 30 ਜੂਨ 1983 ਦੇ ਫਾਰਮੂਲੇ ਅਤੇ ਪ੍ਰਧਾਨ ਮੰਤਰੀ ਦੀ 2 ਜੂਨ 84 ਦੀ ਤਕਰੀਰ ਦੇ ਆਧਾਰ ਉੱਤੇ ਪੰਜਾਬ ਸਮੱਸਿਆ ਦਾ ਹੱਲ ਲੱਭਣ ਲਈ ਸਾਰੀਆਂ ਰਾਜਨੀਤਕ ਪਾਰਟੀਆਂ ਦੀ ਮੀਟਿੰਗ ਬੁਲਾਉਣ ਦੀ ਮੰਗ ਵੀ ਕੀਤੀ। ਮਤੇ ਵਿੱਚ ਪੰਜਾਬ ਦੀ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਕਮਿਊਨਿਸਟ ਪਾਰਟੀ ਵੱਲੋਂ ਪੇਸ਼ ਕੀਤੀਆਂ ਗਈਆਂ ਹੋਰ ਤਜਵੀਜ਼ਾਂ ਵਿੱਚ ਇਹ ਗੱਲ ਵੀ ਸ਼ਾਮਿਲ ਹੈ ਕਿ ਜਿਹਨਾਂ ਲੋਕਾਂ ਨੂੰ ਮੁਜਰਮਾਨਾ ਸਰਗਰਮੀਆਂ ਦੇ ਸੰਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ ਉਹਨਾਂ ਦੀ ਪੁੱਛ ਗਿੱਛ ਛੇਤੀ ਮੁਕੰਮਲ ਕਰ ਲਈ ਜਾਏ। ਕੁੱਝ ਤੋੜ ਫੋੜ ਦੀਆਂ ਕਾਰਵਾਈਆਂ ਕਰਨ ਵਾਲੇ ਵਿਅਕਤੀਆਂ ਦਾ ਸ਼ਿਕਾਰ ਹੋਣ ਵਾਲਿਆਂ ਨੂੰ ਯੋਗ ਮੁਆਵਜ਼ੇ ਦੀ ਵਿਵਸਥਾ ਕੀਤੀ ਜਾਏ ਇਹਨਾਂ ਮਤਿਆਂ ਦੇ ਸਬੰਧ ਵਿੱਚ ਪਾਰਟੀ ਦੇ ਲੀਡਰ ਕਾਮਰੇਡ ਰਾਜੇਸ਼ਵਰ ਰਾਓ ਨੇ ਕਿਹਾ ਕਿ ਕੇਂਦਰੀ ਐਗਜ਼ੇਕਟਿਵ ਦੀ ਰਾਏ ਹੈ ਜੇ ਪ੍ਰਧਾਨ ਮੰਤਰੀ ਸੰਜੀਦਗੀ ਨਾਲ ਪੰਜਾਬ ਦੀ ਸਮੱਸਿਆ ਦਾ ਕੋਈ ਰਾਜਨੀਤਿਕ ਹੱਲ ਲੱਭ ਲੈਂਦੇ ਤਾਂ ਵਾਪਰਨ ਵਾਲੀਆਂ ਬਹੁਤ ਸਾਰੀਆਂ ਘਟਨਾਵਾਂ ਟਾਲੀਆਂ ਜਾ ਸਕਦੀਆਂ ਸਨ। ਕਾਮਰੇਡ ਰਾਓ ਨੇ ਇਹ ਵੀ ਕਿਹਾ ਕਿ ਇਹ ਕਹਿਣਾ ਠੀਕ ਨਹੀਂ ਕਿ ਅਕਾਲੀ ਲੀਡਰਸ਼ਿਪ ਮਸਲੇ ਦੇ ਹੱਲ ਵਿੱਚ ਦਿਲਚਸਪੀ ਨਹੀਂ ਸੀ ਰੱਖਦੀ। ਉਹਨਾਂ ਕਿਹਾ ਕਿ ਸੈਨਿਕ ਕਾਰਵਾਈ ਤੋਂ ਪੰਜ ਦਿਨ ਪਹਿਲਾਂ ਅਕਾਲੀਆਂ ਨੇ ਸਰਕਾਰ ਨਾਲ ਖੁਫੀਆ ਗੱਲਬਾਤ ਕੀਤੀ ਸੀ। ਅਕਾਲੀ ਲੀਡਰਸ਼ਿਪ ਸਮਝੌਤਾ ਚਾਹੁੰਦੀ ਸੀ। - ਸਰਕਾਰ ਵੱਲੋਂ ਜਾਰੀ ਕੀਤੇ ਗਏ ਵਾਈਟ ਪੇਪਰ ਦੇ ਸਬੰਧ ਵਿੱਚ ਸਾਥੀ ਰਾਓ ਦੀ ਗੱਲ ਵਿਚਾਰੀ ਜਾਏ ਤਾਂ ਇਹ ਪਤਾ ਲੱਗੇਗਾ ਕਿ ਉਹਨਾਂ ਦਿਨਾਂ ਵਿੱਚ ਵੀ ਖੁਫੀਆ ਮੀਟਿੰਗਾਂ ਹੋਈਆਂ ਜਦੋਂ ਅਕਾਲੀ ਲੀਡਰ ਅੱਡੋ ਅੱਡਰੇ ਜਿਹਲਾਂ ਵਿੱਚ ਸਨ। ਰਾਓ ਨੇ ਸ਼ਾਇਦ ਇਹਨਾਂ ਮੀਟਿੰਗਾਂ ਨੂੰ ਹੀ ਖੁਫੀਆ ਮੀਟਿੰਗਾਂ ਕਿਹਾ ਹੈ। ਸਰਦਾਰ ਬਾਦਲ ਨੇ ਇਹਨਾਂ ਮੀਟਿੰਗਾਂ ਵਿੱਚੋਂ ਇੱਕ ਦੋ ਦੇ ਸੰਬੰਧ ਵਿੱਚ ਆਪਣੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਸੀ। - ਪਰ ਜੋ ਮੀਟਿੰਗਾਂ ਸ: ਰਵੀਇੰਦਰ ਸਿੰਘ ਅਤੇ ਸਾਬਕ ਵਿਤ ਮੰਤਰੀ ਸ: ਬਲਵੰਤ ਸਿੰਘ ਦੇ ਜ਼ੁੰਮੇ ਲੱਗਦੀਆਂ ਹਨ ਉਹਨਾਂ ਦਾ ਬਹੁਤਾ ਕਿਸੇ ਨੂੰ ਪਤਾ ਨਹੀਂ ਹੋ ਸਕਦਾ। ਭਾਵੇਂ ਇਹ ਮੀਟਿੰਗਾਂ ਜ਼ਾਤੀ ਸਿਆਸੀ ਲਾਭਾਂ ਲਈ ਹੀ ਕੀਤੀਆਂ ਗਈਆਂ ਹੋਣ ਪਰ ਇੱਕ ਗੱਲ ਤਾਂ ਸਪੱਸ਼ਟ ਹੈ ਕਿ ਅਕਾਲੀ ਲੀਡਰ ਸਮਝੌਤਾ ਕਰਨ ਲਈ ਤਤਪਰ ਰਹੇ ਹਨ, ਇਸ ਗੱਲ ਦਾ ਸਾਨੂੰ ਜ਼ਾਤੀ ਤੌਰ ਤੇ ਵੀ ਇਲਮ ਹੈ। ਕੁੱਝ ਵੀ ਹੋਵੇ ਹੁਣ ਜਦ ਉਹੀ ਗੱਲਾਂ ਵਿਰੋਧੀ ਪਾਰਟੀਆਂ ਕਹਿ ਰਹੀਆਂ ਹਨ ਜੋ ਅਕਾਲੀ ਕਹਿੰਦੇ ਹਨ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵਿਰੋਧੀ ਪਾਰਟੀਆਂ ਦੇ ਸੁਝਾਵਾਂ ਤੇ ਹੀ ਅਮਲ ਕਰੇ। ਪੰਜਾਬੀ ਦੀਆਂ ਜਮਹੂਰੀ ਮੰਗਾਂ ਤੇ ਇਕਵਲਾ ਐਲਾਨ ਅਤੇ ਕਾਰ ਸੇਵਾ ਲਈ ਢੁਕਵੇਂ ਹਾਲਾਤ ਪੈਦਾ ਕਰਨ ਨਾਲ ਪੰਜਾਬੀਆਂ ਦੇ ਦਿਲਾਂ ਦਾ ਦੁੱਖ ਕਿਸੇ ਹੱਦ ਤੱਕ ਦੂਰ ਹੋ ਸਕਦਾ ਹੈ।

- 'ਹਮਦਰਦ' -

(ਪਹਿਲੇ ਕਾਲਮ ਦੀ ਬਾਕੀ)

3. ਸਿੱਖ ਸੰਗਤ ਕੇਲਗਰੀ, ਅਲਬਰਟਾ -------------------1026.00
4. ਸਿੱਖ ਟੈਂਪਲ, ਕਲੌਨਾ, ਬੀ. ਸੀ. ----------------------2500.00
5. ਸਿੱਖ ਸੰਗਤ, ਬੌਸਟਨ ਬਾਰ ਅਤੇ ਹੋਪ, ਬੀ. ਸੀ.-----------2245.00
6. ਗੁਰੂ ਨਾਨਕ ਸਿੱਖ ਟੈਂਪਲ, ਵਿਲੀਅਮਜ਼ ਲੇਕ, ਬੀ. ਸੀ. 11353.00
7. ਗੁਰੂ ਗੋਬਿੰਦ ਸਿੰਘ ਸਿੱਖ ਟੈਂਪਲ, ਪਰਿੰਸ ਜੌਰਜ਼, ਬੀ. ਸੀ. 10000.00
8. ਸਿੱਖ ਕਲਚਰਲ ਸੁਸਾਇਟੀ, ਕੈਮਲੂਪਸ, ਬੀ. ਸੀ. (ਵਾਹਦਾ ਕੀਤਾ 15000)-----------------------6511.00
9. ਸਿੱਖ ਟੈਂਪਲ ਮੇਰਟ, ਬੀ. ਸੀ. ---------------------- 12826.00
10. ਸਿੱਖ ਟੈਂਪਲ ਪਟਿੰਕਟਨ, ਬੀ. ਸੀ. -----------------2391.00
11. ਸਿੱਖ ਸੰਗਤ ਫਰਨੀ, ਬੀ. ਸੀ.----------------------451.00
12. ਸਿੱਖ ਸਗੰਤ ਫੀਲਡ, ਬੀ. ਸੀ. ------------------------20.00
13. ਕਰੇਨ ਬਰੁੱਕ, ਬੀ. ਸੀ.-------------------------------25.00
14. ਸਿੱਖ ਸੰਗਤ ਕੋਲਮੈਨ, ਅਲਬਰਟਾ ------------------ 125.00
15. ਸਿੱਖ ਸੰਗਤ ਬਰੇਅਰਮੋਰ, ਅਲਬਰਟਾ------------------ 500.00
16. ਸਿੱਖ ਸੰਗਤ ਐਲਕਫੋਰਡ, ਬੀ. ਸੀ. ---------------- 827.00
17. ਸਿੱਖ ਸੰਗਤ ਸਪਾਰਵੁੱਡ, ਬੀ. ਸੀ. ------------------ 796.00
18. ਸਿੱਖ ਸੰਗਤ ਰਿਵਲਸਟੋਕ, ਬੀ. ਸੀ. ---------------- 200.00
19. ਫੈਡਰੇਸ਼ਨ ਆਫ ਸਿੱਖ ਸੁਸਾਇਟੀ ਆਫ ਕੇਨੇਡਾ ਦੀ ਕਮੇਟੀ ਵੱਲੋਂ ------------------------------ 15000.00
20. ਗੁਰੂ ਨਾਨਕ ਸਿੱਖ ਟੈਂਪਲ, ਵਰਨਨ ਬੀ. ਸੀ. ----------3000.00
21. ਕਿਟੀਮੈਟ ਸਿੱਖ ਸੁਸਾਇਟੀ, ਬੀ. ਸੀ.------------------2100.00
22. ਸਿੱਖ ਟੈਂਪਲ ਪਰਿੰਸ ਰੂਪਰਟ, ਬੀ. ਸੀ. ---------------2100.00
23. ਖਾਲਸਾ ਦੀਵਾਨ ਸੁਸਾਇਟੀ, ਵਿਕਟੋਰੀਆ--------------1806.00
24. ਸਿੱਖ ਸੁਸਾਇਟੀ ਵਿਕਟੋਰੀਆ, ਬੀ. ਸੀ. --------------5000.00
25. ਸਿੱਖ ਟੈਂਪਲ ਐਬਟਸਫੋਰਡ, ਬੀ. ਸੀ.-----------------2539.00
26. ਖਾਲਸਾ ਦੀਵਾਨ ਸੁਸਾਇਟੀ ਨਿਊਵੈਸਟਮਨਿਸਟਰ-------8000.00
27. ਗੁਰੂ ਨਾਨਕ ਸਿੱਖ ਟੈਂਪਲ ਡੈਲਟਾ-ਸਰੀ, ਬੀ. ਸੀ.(ਅਜੇ ਕੋਈ ਮਾਇਆ ਨਹੀਂ ਆਈ)

ਬਾਕੀ ਸਫਾ 20 ਤੇ

ਮਰਦ ਤੇ ਔਰਤ

ਰਾਮ ਸਿੰਘ ਢਿੱਲੋਂ (ਰੋੜਾਂਵਾਲੀਆ), ਸਰੀ

ਮਰਦ ਤੇ ਇਸਤਰੀ ਦੋਵੇਂ ਇਕੋ ਜੇਹੇ ਪੰਜ-ਭੂਤਕ ਸਰੀਰ ਰੱਬੀ ਪ੍ਰਮਾਤਮਾ ਦੀ ਰਹਿਮਤ ਸਦਕਾ, ਸਰੀਰ ਵਿਚ ਫੂਕੀ ਰੂਹ ਉਪਰੰਤ, ਮਾਤਾ ਪਿਤਾ ਦੇ ਪਿਆਰ ਕ੍ਰਿਸ਼ਮੇ ਕਾਰਨ, ਮਾਤਾ ਦੇ ਉਦਰ ਦਵਾਰਾ ਇਸ ਸੰਸਾਰ ਵਿਚ ਆਉਂਦੇ ਹਨ, ਸੋ ਇਹ ਦੋਵੇਂ ਲਿੰਗ ਇਕੋ ਦਰਖ਼ਤ ਦੇ ਟਾਹਣੇ ਹਨ।

ਸੰਸਾਰ ਦੇ ਵਾਧੇ ਲਈ ਜਿਵੇਂ ਕਿ ਮੁਢਲੀਆਂ ਮਜ਼ਹਬੀ ਲਿਖਤਾਂ ਤੋਂ ਜ਼ਾਹਰ ਹੈ, ਕਿ ਪ੍ਰਮਾਤਮਾ ਨੇ ਪਹਿਲਾਂ ਮਨੁਖ ਆਦਮ ਬਣਾਇਆ ਤੇ ਫਿਰ ਇਕ ਪਸਲੀ ਕੱਢ ਉਸਤੋਂ ਈਵ (ਹਵਾ) ਬਣਾ, ਜੋੜਾ ਕਾਇਮ ਕਰ, ਹੁਕਮ ਦਿਤਾ (ਗੋ ਐਂਡ ਮਲਟੀ ਪਲਾਈ) ਜਾਓ! ਵਧੋ ਫੁਲੋ. ਦੋਵਾਂ ਲਿੰਗਾਂ ਦਾ ਹੋਣਾ ਇਕੋ ਜਿਨਾ ਜ਼ਰੂਰੀ ਹੈ. ਕਿਉਂ ਜੋ ਇਕ ਤੋਂ ਬਗੈਰ ਵਾਧਾ ਨਾ ਮੁਮਕਿਨ ਹੈ ਕਾਜਨ ਇਕੱਲੇ ਦੀ ਕੀਮਤ ਜਿਹਾ ਹੀ ਪੁੱਛ ਹੈ।

ਬਾਵਜੂਦ ਏਸ ਸਚਾਈ ਦੇ ਕਿ ਦੋਵੇਂ ਓਸ ਦਾਤਾਰ ਦੀ ਇਕੋ ਜੇਹੀ ਬਖ਼ਸ਼ਿਸ਼ ਹਨ ਤੇ ਇਸਤਰੀ ਤੋਂ ਬਗੈਰ ਸੰਸਾਰ ਦਾ ਵਾਧਾ ਵੀ ਨਾ-ਮੁਮਕਿਨ ਹੈ. ਫੇਰ ਜਨਮ ਤੋਂ ਹੀ ਸਰੀਰਕ ਤੌਰ ਤੇ ਕਮਜ਼ੋਰ ਪਰ ਖ਼ੁਬਸੂਰਤ ਵਰਗ ਨਾਲ ਵਿਤਕਰਾ ਹੋਣਾ ਸ਼ੁਰੂ ਹੋ ਜਾਂਦਾ ਹੈ, ਸ਼ਾਇਦ ਏਸ ਲਈ ਕਿ ਸੰਸਾਰ ਦੀ ਰਾਜਨੀਤੀ ਤੇ ਮਰਦ ਪ੍ਰਭਾਵਤ ਤੇ ਭਾਰੂ ਹੋਣ ਕਰਕੇ ਓਹਦੀ ਸੋਚਣੀ ਮੁਜਬ. ਬਹੁਤੀਆਂ ਬੱਚਾ-ਮਸ਼ੀਨਾ ਬੇ-ਅਰਥ ਤੇ ਬੇ-ਲੋੜੀਆਂ ਹਨ ਕਿਉਂ ਜੋ ਥੋੜੀਆਂ ਮਸ਼ੀਨਾਂ ਤੋਂ ਵੀ ਲੋੜ ਅਨੁਸਾਰ ਵਾਧਾ ਹੋ ਸਕਦਾ ਹੈ, ਏਸੇ ਲਈ ਇਕ ਮਰਦ ਆਪਣੇ ਹਰਮ ਵਿਚ ਅਨੇਕ ਔਰਤਾਂ ਰਖਦਾ ਰਿਹਾ। ਮਰਦ ਦੇ ਮਰਨ ਉਪਰੰਤ ਓਹਦੀਆਂ ਇਸਤਰੀਆਂ ਓਹਦੀ ਚਿਤਾ ਵਿਚ ਜੀਉਂਦੇ-ਜੀ ਛਾਲਾਂ ਮਾਰ ਓਹਦੇ ਨਾਲ ਸਤੀ ਹੋਣ ਤੇ ਮਜਬੂਰ ਹੁੰਦੀਆਂ ਰਹੀਆਂ ਕਿਉਂ ਜੋ ਚਲਾਕ ਕਰਦ ਨੇ ਉਨ੍ਹਾਂ ਦੇ ਮਨਾਂ ਅੰਦਰ ਕਈ ਪ੍ਰਕਾਰ ਦੀਆਂ ਹੇਰਾ-ਫੇਰੀਆਂ, ਪੰਡਤਾਂ ਆਦਿ-ਦਵਾਰਾ ਸਵਰਗ-ਪ੍ਰਾਪਤੀ ਦਾ ਨਿਸ਼ਾਨਾ ਦ੍ਰਿੜ ਕਰਵਾਇਆ ਹੋਇਆ ਸੀ। ਮੁੰਡਾ ਜੰਮਣ ਤੇ ਖੁਸ਼ੀਆਂ ਤੇ ਕੁੜੀ ਜੰਮਣ ਤੇ ਢਿੱਲੇ ਢਿੱਲੇ ਲੰਮੇ ਲੰਮੇ ਮੂੰਹ ਕਰ ਸੋਗਮਈ ਦ੍ਰਿਸ਼ ਸਭ ਚਲਾਕ ਮਰਦ ਦੇ ਹੀ ਨਾਟਕ ਹਨ। ਇਕ ਚੰਦਰੀ ਜੇਹੀ ਭੂਆ, ਦੋ ਚਾਰ ਮਹੀਨੇ ਮਗਰੋਂ ਜਦ ਪੇਕੀਂ ਗੇੜਾ ਮਾਰਦੀ ਤਾਂ ਓਹ ਕਿਸੇ ਕੁੜੀ ਜੰਮੀ ਦੀ ਸੂਹ ਵਸੀਮੇਂ ਤੋਂ ਹੀ ਸੁਣ, ਮਸਾਣਾਂ ਆਦਿ ਵਿਚ ਦੀਵਾ ਲੱਭ, ਅੱਕ ਦਾ ਦੁਧ ਓਹਦੇ ਵਿਚ ਚੋ ਲੈਂਦੀ ਤੇ ਸਿਧੀ ਕੁੜੀ-ਜੰਮੇ ਘਰ ਉਪੜਦੀ ਤੇ ਨਿੱਕੀ ਜਿਹੀ ਗੁੱਡੀ ਨੂੰ ਕੁਛੜ ਚੁਕ, ਮਲਕ-ਦੇਣੀ ਓਹਦੇ ਮੂੰਹ ਵਿਚ ਅੱਕ ਦੇ ਦੁੱਧ ਦੇ ਦੋ ਤੁਪਕੇ ਚੋ ਦਿੰਦੀ ਤੇ ਓਹ ਕੁਝ ਮਿੰਟਾਂ ਵਿਚ ਹੀ ਰੱਬ ਨੂੰ ਪਿਆਰੀ ਹੋ ਜਾਂਦੀ, 'ਸਿਰਮੁੰਨੀ' ਹਾਲੇ ਹੁਣ ਖੇਡਦੀ ਸੀ, ਪਤਾ ਨਹੀਂ ਕੀ ਹੋ ਗਿਆ', ਗੋਇਆ ਓਹ ਚੰਦਰੀ-ਭੂਆ ਆਪਣੀ ਹੀ ਜ਼ਾਤ ਲਈ ਇਕ ਚਲਦਾ ਫਿਰਦਾ ਯਮਦੂਤ ਸੀ ਤੇ ਕੋਈ ਓਹਨੂੰ ਹੋੜਨ ਦਾ ਹੀਆ ਨਹੀਂ ਸੀ ਕਰਦਾ ਕਿਉਂ ਜੋ ਓਸ ਬਾਲੜੀ ਨਾਲ ਕਿਸੇ ਦੀ ਹਮਦਰਦੀ ਤੇ ਹੈ ਹੀ ਨਹੀਂ ਸੀ ਤੇ ਕੁੜੀ ਦੀ ਮਾਂ ਵੀ ਏਸ ਜ਼ੈਹਮਤ ਤੋਂ ਛੁਟਕਾਰਾ ਹੀ ਸਮਝਿਆ ਕਰਦੀ ਸੀ ਤੇ ਘਰ ਵਾਲੇ ਵੀ ਜਿਵੇਂ ਓਹਦੇ ਵਿਆਹ-ਖਰਚ (ਹੋਣ ਵਾਲੇ) ਤੋਂ ਪਾੜਖਤੀ ਸਮਝ ਸ਼ੁਕਰ ਕਰਦੇ।

ਲੜਾਈਆਂ ਤੇ ਜੰਗਾਂ ਜਿਥੇ ਮਰਦਾਂ ਦੀਆਂ ਖੂਹਣੀਆਂ ਦੀਆਂ ਖੂਹਣੀਆਂ (ਇਹ ਫੌਜ ਦੀ ਇਕ ਪ੍ਰਕਾਰ ਦੀ ਗਿਣਤੀ ਸੀ ਕਿ ਯੋਧਿਆਂ, ਹਾਥੀ-ਘੋੜਿਆਂ ਤੇ ਰਥਾਂ ਆਦਿ ਦੀ ਉਡਦੀ ਧੂੜ ਨਾਲ ਨੇੜਲਾ ਖੂਹ ਭਰ ਜਾਵੇ ਤਾਂ ਓਹ ਇਕ ਖੂਹਣੀ ਸਦਵੇਂਦੀ ਸੀ) ਤਬਾਹੋ-ਬਰਬਾਦ ਹੁੰਦੀਆਂ। ਓਹ ਯੁੱਧ ਵੀ ਮਰਦ ਦੇ ਹੀ ਛੇੜੇ-ਸਹੇੜੇ ਹੁੰਦੇ ਸੀ ਜੇਹਦਾ ਕਾਰਨ ਅਮੂਮਨ ਦੂਜੇ ਦੀ ਜ਼ਰ, ਜੋਰੋ, ਜ਼ਮੀਨ ਹਥਿਔਣਾਂ ਹੀ ਹੋਇਆ ਕਰਦਾ ਸੀ। ਬੱਚਾ ਪੈਦਾ ਹੋਣ ਵਿਚ ਕਿਉਂ ਜੋ ਓਹ 9 ਮਹੀਨੇ ਆਪਣੇ ਪੇਟ ਵਿਚ ਚੁਕੀ ਫਿਰਦੀ ਕਰਕੇ ਇਸਤਰੀ ਦਾ ਬੜਾ ਮੇਜਰ-ਰੋਲ ਹੈ, ਸੋ ਪੁਤ ਨਾਲ ਮਾਂ ਦਾ ਪਿਆਰ (ਪਿਤਾ ਦੇ ਮੁਕਾਬਲੇ) ਕੁਦਰਤੀ ਤੌਰ ਤੇ ਵਧੇਰੇ ਹੈ, ਜਿਸਦਾ ਭਾਵ, ਲੜਾਈ ਵਿਚ ਮਰੇ ਯੋਧਿਆਂ ਦਾ ਬਹੁਤਾ ਦੁਖ ਇਸਤਰੀ ਜਾਤੀ ਨੂੰ ਹੀ ਹੈ। ਇਸਦੇ ਨਾਲ ਲੜਾਈ ਵਿਚ ਜੇਤੂ ਫੌਜੀਆਂ ਦਾ ਓਸ ਪਰਾਏ ਦੇਸ਼ ਦੀਆਂ ਇਸਤਰੀਆਂ ਦੀ ਪਤ ਲੁਟ ਹੋਣ ਕਾਰਨ ਵੀ ਏਸ ਖ਼ੁਸੂਰਤ ਵਰਕ ਨੂੰ ਹੀ ਕੁਰਬਾਨੀ ਦਾ ਬੱਕਰਾ ਬਣਨਾ ਪੈਂਦਾ ਹੈ ਗੋਇਆ ਪੁਤਾਂ ਦਾ ਮਰਨਾ ਤੇ ਇੱਜ਼ਤ ਦਾ ਲੁਟਿਆ ਜਾਣਾ, ਇਸ ਵਿਚਾਰੀ ਉਪਰ ਦੋ-ਪਾਸੜ ਸੱਟ ਹੈ।

ਬਾਵਜੂਦ ਏਸ ਗੱਲ ਦੇ ਕਿ ਸੰਸਾਰ-ਵਾਧੇ ਲਈ ਇਹਦੀ ਕੀਤੀ ਕੁਰਬਾਨੀ ਦੀ ਦਾਦ ਦਿੰਦਿਆਂ ਇਹਦੀ ਇੱਜ਼ਤ-ਮਾਣ ਤੇ ਸਤਿਕਾਰ ਕੀਤਾ ਜਾਵੇ, ਇਹਨੂੰ (ਓ) ਇਹ ਗਊ ਹੈ ਇਹਦੇ ਹਥ ਪੀਲੇ ਕਰ ਜਿਹਦੇ ਨਾਲ ਮਰਜੀ ਤੋਰ ਦਿੰਦੇ (ਅ) ਜੀ ਅੰਤ ਢੋਰ ਦਾ ਕੂੜਾ ਢੋਰ ਤੇ ਹੀ ਜਾਣਾ (ੲ) ਇਹਨੂੰ ਪੈਰ ਦੀ ਜੁੱਤੀ ਸਮਝ, ਪੁਰਾਣੀ ਹੋਣ ਤੇ ਨਵੀਂ ਲੈ ਆਉਣੀ (ਸ) ਇਹਨੂੰ ਚਰਿੱਤਰਾਂ-ਭਰੀ ਦੱਸ ਇਸਤੇ ਭਰੋਸਾ ਨਾ ਕਰਨਾ (ਹ) ਅਜੋਕੇ ਤਰੱਕੀ-ਯਾਫਤਾ ਯੁਗ ਵਿਚ ਵੀ ਅਨੇਕ ਇਸਤਰੀਆਂ ਦਾ ਦਾਜ ਦੀ ਬਲੀ ਚੜਨਾ, ਹਾਲਾਂ ਕਿ ਦੇਸ਼ ਦੀ ਵਾਗ-ਡੋਰ ਇਕ ਔਰਤ ਦੇ ਹੱਥ ਵਿਚ ਹੈ ਆਦਿ ਇਸ ਵਰਗ ਉਪਰ ਜ਼ੁਲਮ-ਵਿਤਕਰੇ ਦੇ ਪ੍ਰਤੱਖ ਸਬੂਤ ਹੋਨ।

ਮੇਰੇ ਖ਼ਿਆਲ ਵਿਚ ਏਸ ਖੂਬਸੂਰਤ ਵਰਗ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਨੂੰ ਨਜ਼ਰ-ਅੰਦਾਜ਼ ਕੀਤਾ ਜਾਂਦਾ ਰਿਹਾ ਹੈ:—

(1) ਮਰਦ ਦੇ ਮੁਕਾਬਲੇ ਇਸਤਰੀ ਬਹੁਤੀ ਐਡਵੇਂਚਰਿਸਟ (ਸਾਹਸੀ-ਜਾਂਬਾਜ਼) ਹੈ। ਜਿਸ ਘਰ ਵਿਚ ਇਹ ਜਨਮ ਲੈਂਦੀ, ਪਲਦੀ, ਪੜ੍ਹਦੀ ਤੇ 18-20 ਸਾਲ ਇਕ ਮਾਲਿਕ ਵਾਂਗ ਪ੍ਰਵੇਸ਼ ਕਰਦੀ ਹੈ, ਇਕ ਦਮ ਹੀ ਇਹ, ਓਸ ਘਰ, ਓਸ ਭਾਈਚਾਰੇ, ਮਾਪੇ, ਭਰਾਵਾਂ, ਭੈਣਾਂ ਤੇ ਸਹੇਲੀਆਂ ਨੂੰ ਗੁੱਡਬਾਈ ਆਖ, ਇਕ ਅਜਨਬੀ ਦੇ ਲੜ ਲਗ ਇਕ ਅਣ-ਡਿਠੇ ਘਰ, ਅਣਪਛਾਤੇ ਭਾਈਚਾਰੇ, ਜਿਨ੍ਹਾ ਬਾਰੇ ਇਹਨੂੰ ਬਿਲਕੁਲ ਕੁਝ ਨਹੀਂ ਪਤਾ, ਜਿਹੜੇ ਓਸ ਨਵੇਂ ਘਰ ਦੇ ਮਾਲਿਕ-ਕਾਬਜ਼, ਉਨ੍ਹਾਂ ਦੇ ਘਰ ਵਿਚ ਬਿਨਾਂ ਚੂੰ-ਚਿਰਾ ਕੀਤੇ, ਨੀਵੀਂ ਪਾ, ਸੱਸ ਸਹੁਰੇ, ਦੇਰ, ਜੇਠ, ਨਣਾਨਾਂ ਆਦਿ ਦੇ ਹੁਕਮ ਮੰਨ ਜੁੜ ਮਾਰਨ ਲਈ ਕੂਕਾਂ ਮਾਰਦੀ ਤੇ ਹੰਜੂ ਕੇਰਦੀ, ਸਤ ਸਤ ਆਖ ਤੁਰ ਪੈਂਦੀ ਹੈ - ਕੀ ਇਕ ਮਰਦ ਇਹ ਕੁਝ ਕਰਨ ਦਾ ਹੀਆ ਕਰ ਸਕਦਾ ਹੈ?

(2) ਮਰਦ ਦੇ ਮੁਕਾਬਲੇ ਇਸਤਰੀ ਬਹੁਤੀ ਹਠੀਆ ਹੈ। ਸੌਹਰ-ਘਰ ਉਪੜ ਇਕ ਦੋ ਚਾਰ ਮਹੀਨੇ ਨਹੀਂ, ਸਾਲਾਂ ਬੱਧੀ, ਸੱਸ ਜੀ ਦੇ ਝਿੜਕੇ ਖਾਂਦੇ ਤੇ ਦੁਧ, ਘਿਉ, ਮਿਠੇ ਆਦਿ ਨੂੰ ਜੰਦਰੇ ਲਗੇ ਦੇਖ ਲੰਮੇ ਲੰਮੇ ਸਾਹ ਲੈਂਦੀ (ਕਿਉਂ ਜੋ ਪੇਕੀਂ ਤਾਂ ਓਹ ਹਰ ਚੀਜ਼ ਦੀ ਸਾਰਥਗੀ ਮਾਲਿਕ ਸੀ) ਤੇ ਕੇਵਲ ਰੋਟੀ ਪਕਾਉਣਾ ਹੀ ਉਹਦੀ ਡਿਊਟੀ ਹੈ, ਚੋਪੜੀਆਂ ਤੜਕਣੀਆਂ ਤੇ ਵਰਤਾਉਣੀਆਂ ਤੇ ਸੱਸ ਜੀ ਨੇ ਹੋਨ, ਅਨੇਕ ਪ੍ਰਕਾਰ ਦੇ ਜਬਰ ਝੱਲਦੀ ਉਮਰ ਹੀ ਬਿਤਾ ਦਿੰਦੀ ਹੈ ਤੇ ਇਹ ਲੌਂਡੀਆਂ ਵਾਲੀ ਜ਼ਿੰਦਗੀ ਮਜ਼ਬੂਰਨ ਉਹਨੂੰ ਬਸਰ ਕਰਨੀ ਪੈਂਦੀ ਹੈ ਕਿਉਂ ਜੋ ਪਤੀ-ਦੇਵ ਜੀ ਆਪਣੀ ਮਾਂ ਜੀ ਦੇ ਏਨੇ ਆਗਿਆਕਾਰੀ ਸਪੁਤਰ ਹਨ ਕਿ ਓਹ ਆਪਣੀ ਪਤਨੀ ਨਾਲ ਪ੍ਰਤੱਖ ਬੇ-ਇਨਸਾਫੀ ਦੇਖਦੇ ਵੀ ਮਾਂ ਜੀ ਨੂੰ ਓਹਦੀ ਜ਼ਿਆਦਤੀ ਆਖਣ ਦਾ ਹੌਸਲਾ ਹੀ ਨਹੀਂ ਕਰ ਸਕਦੇ। ਜਦ ਕਦੀ ਓਹਦੇ ਆਪਣੇ ਪੁਤਰ, ਧੀਆਂ ਜਿਹੜੇ ਆਪਣੇ ਮਾਤਾ ਜੀ ਨਾਲ ਜ਼ੁਲਮ ਹੋਣ ਦੇ ਚਸ਼ਮ-ਦੀਦ ਹੁੰਦੇ ਹਨ, ਉਨ੍ਹਾਂ ਦੀ ਵੋਟ ਮਾਂ ਦੇ ਹੱਕ ਵਿਚ ਹੋ ਜਾਂਦੀ ਹੈ, ਜਾਂ ਚੰਮ ਦੀਆਂ ਚਲਾਉਣ ਵਾਲੇ ਸੱਸ ਜੀ ਰੱਬ ਨੂੰ ਪਿਆਰੇ ਹੋ ਜਾਂਦੇ ਹਨ, ਤਾਂ ਜਾ ਕੇ ਉਸ ਵਿਚਾਰੀ ਨੂੰ ਇਨਸਾਨਾਂ ਵਾਲੀ ਜ਼ਿੰਦਗੀ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਕੀ ਮਰਦ ਏਨੇ ਹਠ ਜਾਂ ਜਿਗਰੇ ਦੀ ਪ੍ਰਦਰਸ਼ਨੀ ਕਰ ਸਕਦਾ ਹੈ?

(3) ਇਸਤਰੀ ਮਰਦ ਦੇ ਮੁਕਾਬਲੇ ਬਹੁਤੀ ਸੰਜਮੀ ਅਥਵਾ ਕਫਾਇਤ-ਸ਼ਆਰ ਹੈ। ਕਿਸੇ ਵਿਰਲੇ ਟਾਵੇਂ ਘਰ ਦੀ ਇਸਤਰੀ (ਜਿਹਦਾ ਪਤੀ-ਦੇਵ ਬਹੁਤ ਹੀ ਬੁਧੂ ਹੁੰਦਾ ਹੋਇਆ ਸ੍ਰੀਮਤੀ ਜੀ ਦੇ ਹੇਠ-ਲਗਾ ਹੋਇਆ ਹੋਵੇ) ਫਜ਼ੂਲ ਖਰਚ ਹੋਇਆ ਕਰਦੀ ਹੈ। ਕੁੜੀ ਜੰਮਣ ਤੇ ਹੀ, ਉਹ ਉਹਦੇ ਦਾਜ-ਦਹੇਜ ਦੇਣ ਲਈ ਪ੍ਰੋਗਰਾਮ ਉਲੀਕ, ਲੀੜਾ ਲੱਤਾ ਬਣਾਉਣ ਦੇ ਆਹਰ ਲਗ ਜਾਂਦੀ ਹੈ ਤੇ ਖਾਣ ਪੀਣ ਦੀਆਂ ਵਸਤਾਂ ਵੀ ਉਹ ਸੰਜਮ ਕਰ, ਲਕੋ-ਸਾਂਭ ਆਏ ਗਏ ਦੇ ਵੇਲਾ ਸਾਰਨ ਲਈ ਤਤਪਰ ਰਹਿੰਦੀ ਹੈ।

ਬਾਕੀ ਸਫਾ 20 ਤੇ

ਮੇਨਕਾ ਗਾਂਧੀ ਦਾ ਸੰਜੇ ਮੰਚ ਕੋਈ ਸਮਝੌਤਾ ਨਹੀਂ ਕਰੇਗਾ

ਬੰਗਲੌਰ - ਰਾਸ਼ਟਰੀਆ ਸੰਜੇ ਮੰਚ ਦੀ ਸੰਚਾਲਕ ਸ੍ਰੀਮਤੀ ਮੇਨਕਾ ਗਾਂਧੀ ਨੇ ਇੱਥੇ ਕਿਹਾ ਕਿ ਉਸ ਦੀ ਪਾਰਟੀ ਕਿਸੇ ਹੋਰ ਪਾਰਟੀ ਨਾਲ ਸਮਝੌਤਾ ਨਹੀਂ ਕਰੇਗੀ - ਸਗੋਂ ਇਕੱਲੇ ਹੀ ਚੋਣ ਲੜੇਗੀ। ਮੰਚ ਦੀ ਯੂਥ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ ਮੇਨਕਾ ਗਾਂਧੀ ਨੇ ਕਿਹਾ ਕਿ ਬਾਕੀ ਪਾਰਟੀਆਂ ਨੇ ਉਸ ਨੂੰ ਸਮਝੌਤੇ ਲਈ ਬੇਨਤੀ ਕੀਤੀ ਹੈ ਅਤੇ ਸੀਟਾਂ ਦੇ ਲੈਣ ਦੇਣ ਦਾ ਸੁਝਾਅ ਵੀ ਦਿੱਤਾ ਹੈ।

ਸ੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਕਿ ਮੰਚ ਹਰ ਕਰਨਾਟਕ ਦੀ ਸੀਟ ਤੇ ਚੋਣ ਲੜਨ ਲਈ ਵੀਹ ਹਜ਼ਾਰ ਮੈਂਬਰ ਭਰਤੀ ਕਰੇਗਾ।

ਸੰਤ ਭਿੰਡਰਾਂਵਾਲੇ ਜਿਉਂਦੇ ਨਹੀਂ - ਇੰਦਰਾ ਗਾਂਧੀ

ਨਵੀਂ ਦਿੱਲੀ - ਰਾਜ ਸਭਾ ਵਿੱਚ ਇਕ ਸਵਾਲ ਦਾ ਜਵਾਬ ਦਿੰਦਿਆਂ ਸ੍ਰੀਮਤੀ ਗਾਂਧੀ ਨੇ ਕਿਹਾ ਕਿ ਜਰਨੈਲ ਸਿੰਘ ਜੋ ਕਿ ਸੰਤ ਭਿੰਡਰਾਂਵਾਲਾ ਫੌਜੀ ਕਾਰਵਾਈ ਸਮੇਂ ਜੂਨ ਵਿੱਚ ਮਾਰੇ ਗਏ ਹਨ ਅਤੇ ਉਨ੍ਹਾਂ ਦੇ ਸਰੀਰ ਦੀ ਸ਼ਨਾਖਤ ਹੋ ਗਈ ਹੈ।

ਸ੍ਰੀਮਤੀ ਗਾਂਧੀ ਤੋਂ ਇਹ ਸਪਲੀਮੈਂਟਰੀ ਸਵਾਲ 'ਸ੍ਰੀਮਤੀ ਮਾਰਗ੍ਰੇਟ' ਅਲਵਾ ਨੇ ਪੁੱਛਿਆ ਸੀ ਕਿਹਾ ਕਿ ਪਾਕਿਸਤਾਨੀ ਟੀ. ਵੀ. ਸੰਤ ਭਿੰਡਰਾਂ ਵਾਲੇ ਦੀ ਫੋਟੋ ਮੁੜ ਮੁੜ ਦਿਖਾਉਂਦੀ ਹੈ ਤਾਂ ਕਿ ਲੋਕ ਸਮਝਣ ਕਿ ਉਹ ਜਿੰਦਾ ਹਨ।

ਸਫਾ 17 ਦੀ ਬਾਕੀ

ਮਿਹਨਤੀ ਲੋਕਾਂ ਨੂੰ ਪੇਸ਼ ਆਉਂਦੀਆਂ ਮੁਸ਼ਕਿਲਾਂ, ਉਨ੍ਹਾਂ ਨੂੰ ਉਨ੍ਹਾਂ ਦੇ ਕਿੱਤਿਆਂ ਦੀਆਂ ਜੱਥੇਬੰਦੀਆਂ ਵਿੱਚ ਜੱਥੇਬੰਦ ਹੋਣ ਲਈ ਵੀ ਪ੍ਰੇਰਦੀਆਂ ਹਨ ਅਤੇ ਉਨ੍ਹਾਂ ਨੂੰ, ਉਨ੍ਹਾਂ ਦੀ ਗਰੀਬੀ ਦਾ ਕਾਰਨ ਸਮਝਣ ਲਈ ਵੀ ਸਹਾਇਤਾ ਕਰਦੀਆਂ ਹਨ। ਇਹੋ ਕੁੱਝ ਪਿਛਲੇ ਸਮੇਂ ਤੋਂ ਹੋ ਰਿਹਾ ਹੈ ਜੋ ਕਿ ਪਿਛਲੇ ਦੋ-ਢਾਈ ਸਾਲਾਂ ਵਿੱਚ ਕਾਫੀ ਵਧਿਆ ਹੈ, ਜਿਸ ਤੋਂ ਇੱਕ ਪਾਸੇ ਦੇਸ਼ ਦੀ ਹਾਕਮ ਜਮਾਤ ਭੈ ਭੀਤ ਹੋ ਰਹੀ ਹੈ ਦੂਜੇ ਪਾਸੇ ਅਮਰੀਕਨ ਸਾਮਰਾਜ ਚਿੰਤਾ ਵਿੱਚ ਹੈ।

ਜੇਕਰ ਭਾਰਤ ਵਿੱਚ ਮਿਹਨਤੀ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਸਰਕਾਰ ਬਣ ਜਾਂਦੀ ਹੈ ਤਾਂ ਦੇਸ਼ ਚੋਂ ਲੁੱਟ ਦਾ ਪ੍ਰਬੰਧ ਕਰੇਗੀ, ਆਮ ਲੋਕਾਂ ਦੇ ਜੀਵਨ ਵਿਕਾਸ ਲਈ ਕੰਮ ਕਰੇਗੀ। ਰਿਸ਼ਵਤ, ਕਲੋਕ ਬੇਰੁਜ਼ਗਾਰੀ ਆਦਿ ਦਾ ਖਾਤਮਾ ਕਰੇਗੀ। ਦੁਨੀਆ ਦੇ ਅਮਨ ਦੀ ਰਾਖੀ ਲਈ ਖਲੋਵੇਗੀ। ਅਮਰੀਕੀ ਸਾਮਰਾਜ ਦੇ ਜੰਗੀ ਮਨਸੂਬਿਆਂ ਤੇ ਸੱਟ ਮਾਰੇਗੀ।

ਭਾਰਤ ਵਰਗਾ ਸਾਢੇ ਸੱਤਰ ਕਰੋੜ ਆਬਾਦੀ ਦਾ ਦੇਸ਼ ਜੇ ਕਰ ਲੋਕ-ਜਮਹੂਰੀ ਰਾਜ ਸਥਾਪਤ ਕਰ ਲੈਂਦਾ ਹੈ ਤਾਂ ਦੁਨੀਆਂ ਵਿੱਚ ਲੁੱਟ ਘਸੁੱਟ ਦਾ ਪ੍ਰਬੰਧ ਤੇਜ਼ੀ ਨਾਲ ਢਹਿ ਢੇਰੀ ਹੋਣ ਵੱਲ ਵਧੇਗਾ। ਸਾਨੂੰ ਪਤਾ ਹੈ ਜਦੋਂ ਦੂਜੀ ਵੱਡੀ ਜੰਗ ਤੋਂ ਮਗਰੋਂ ਭਾਰਤ ਵਿੱਚੋਂ ਅੰਗਰੇਜ਼ੀ ਹਕੂਮਤ ਦਾ ਖਾਤਮਾ ਹੋਇਆ ਸੀ ਤਾਂ ਉਸ ਤੋਂ ਮਗਰੋਂ ਛੇਤੀ ਹੀ 30 - 40 ਦੇਸ਼ ਅੰਗਰੇਜ਼ੀ ਹਕੂਮਤ ਤੋਂ ਮੁਕਤ ਹੋ ਗਏ ਸਨ। ਹੁਣ ਜੇ ਭਾਰਤ ਚੋਂ ਸਰਮਾਏਦਾਰ-ਜਾਗੀਰੂ ਪ੍ਰਬੰਧ ਦਾ ਅੰਤ ਹੁੰਦਾ ਹੈ ਤਾਂ ਇਸ ਦਾ ਅਸਰ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਦੇ ਬੰਦੀ ਮੁਕਤੀ ਦੇ ਸੰਘਰਸ਼ਾਂ ਉਪਰ ਪਵੇਗੀ।

ਸੋ ਦੇਸ਼ ਦੀ ਅਖੰਡਤਾ ਨੂੰ ਦੇਸ਼ ਦੇ ਲੋਕ ਹੀ ਬਚਾ ਸਕਦੇ ਹਨ। ਕਾਂਗਰਸ ਸਰਕਾਰ ਅਤੇ ਅਮਰੀਕੀ ਸਾਮਰਾਜ ਅਖੰਡਤਾ ਨੂੰ ਭੰਗ ਕਰਨ ਲਈ ਆਪੋ ਆਪਣੇ ਢੰਗਾਂ ਨਾਲ ਕੰਮ ਕਰ ਰਹੇ ਹਨ। ਰਾਜਾਂ ਨੂੰ ਵੱਧ ਅਧਿਕਾਰ ਖੱਬੀਆਂ ਅਤੇ ਜਮਹੂਰੀ ਸ਼ਕਤੀਆਂ ਦੀ ਸਰਕਾਰ ਹੀ ਦੇ ਸਕਦੀ ਹੈ, ਰਾਜਾਂ ਨੂੰ ਵੱਧ ਅਧਿਕਾਰ ਦੇਸ਼ ਦੀ ਅਖੰਡਤਾ ਨੂੰ ਮਜਬੂਤ ਕਰੇਗੀ। ਕਾਂਗਰਸ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਥਾਂਵੇਂ ਲੋਕ-ਜਮਹੂਰੀ ਨੀਤੀਆਂ ਦਾ ਲਾਗੂ ਕਰਨਾ ਹੀ ਦੇਸ਼ ਦੇ ਲੋਕਾਂ ਦੇ ਜੀਵਨ ਨੂੰ ਖੁਸ਼ਹਾਲ ਬਣਾ ਸਕਦਾ ਹੈ।

ਦੋ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਲੋਕ ਸੰਘਰਸ਼ਾਂ ਦੁਆਰਾ ਲੋਕ ਜਮਹੂਰੀ ਭਾਰਤ ਹੀ ਲੋਕਾਂ ਦੀ ਏਕਤਾ ਅਤੇ ਦੇਸ਼ ਦੀ ਅਖੰਡਤਾ ਨੂੰ ਪੱਕਿਆਂ ਕਰ ਸਕਦਾ ਹੈ।

ਨੋਟ:- ਸੂਫੀ ਅਮਰਜੀਤ ਦੇ ਨਾਂ ਨਾਲ ਜੇ ਕਿਸੇ ਅਦਾਰੇ ਦਾ ਨਾਂ ਲਿਖਿਆ ਹੋਵੇ ਤਦ ਹੀ ਉਸ ਦੀ ਲਿਖਤ ਨੂੰ ਸੰਬੰਧਤ ਅਦਾਰੇ ਦੇ ਵਿਚਾਰ ਸਮਝਿਆ ਜਾਵੇ। ਇਸ ਤੋਂ ਬਿਨਾਂ ਉਸ ਦੇ ਕਿਸੇ ਲੇਖ ਨੂੰ ਉਨ੍ਹਾਂ ਦੇ ਨਿੱਜੀ ਵਿਚਾਰ ਸਮਝਿਆ ਜਾਵੇ। ਇਹ ਵੱਖਰੀ ਗੱਲ ਹੈ ਕਿ ਉਹ ਕਿਸੇ ਅਦਾਰੇ ਜਾਂ ਪਾਰਟੀ ਦੇ ਵਿਚਾਰ ਨਾਲ ਮਿਲਦੇ ਚੁਲਦੇ ਹੋਣ। - ਸੰਪਾਦਕ

ਪੰਜਾਬ ਵਿੱਚ ਹਿੰਸਕ ਵਾਰਦਾਤਾਂ ਉਸੇ ਤਰ੍ਹਾਂ ਜਾਰੀ

ਚੰਡੀਗੜ੍ਹ - ਸੁਰੱਖਿਆ ਸੈਨਾ ਵੱਲੋਂ ਪਿਛਲੇ ਦਿਨ ਅੱਠ ਵਿਅਕਤੀ ਹੋਰ ਗ੍ਰਿਫਤਾਰ ਕੀਤੇ ਜਾਣ ਦੀ ਖਬਰ ਹੈ।

ਹਕੀਮਪੁਰ ਵਿੱਚ ਬੈਂਕ ਕੈਸ਼ੀਅਰ ਕਤਲ

ਜਲੰਧਰ ਜ਼ਿਲੇ ਦੇ ਪਿੰਡ ਹਕੀਮਪੁਰ ਵਿੱਚ ਸੈਂਟਰਲ ਕੋਆਪ੍ਰੇਟਿਵ ਬੈਂਕ ਦਾ ਇੱਕ ਕੈਸ਼ੀਅਰ ਕਤਲ ਕਰ ਦਿੱਤਾ ਗਿਆ ਹੈ। ਕੈਸ਼ੀਅਰ ਦਾ ਨਾਂ ਅਮਰਜੀਤ ਸਿੰਘ ਦੱਸਿਆ ਗਿਆ ਹੈ। ਹਮਲਾਆਵਰਾਂ ਨੇ ਉਸ ਕੋਲੋਂ ਬੈਂਕ ਦੀਆਂ ਚਾਬੀਆਂ ਮੰਗੀਆਂ। ਉਸ ਦੇ ਇਨਕਾਰ ਕਰਨ ਤੇ ਉਸ ਨੂੰ ਗੋਲੀ ਮਾਰ ਦਿੱਤੀ ਗਈ।

ਬੈਂਕ ਗਾਰਡ ਤਰਸੇਮ ਲਾਲ ਨੂੰ ਵੀ ਜਾਂਦੇ ਜਾਂਦੇ ਹਮਲਾਆਵਰ ਗੋਲੀ ਮਾਰ ਕੇ ਜ਼ਖਮੀ ਕਰ ਗਏ। ਉਸ ਦੇ ਹਾਲਤ ਗੰਭੀਰ ਦੱਸੀ ਗਈ ਹੈ।

ਬਠਿੰਡੇ ਵਿੱਚ ਇਕ ਥਾਂ ਪਾੜ

ਬਠਿੰਡੇ ਵਿੱਚ ਆਈ. ਟੀ. ਆਈ. ਦੇ ਨੇੜੇ ਵੱਗਦੇ ਇੱਕ ਸੂਏ ਵਿੱਚ ਪਾੜ ਪਾ ਦਿੱਤਾ ਗਿਆ। ਪੁਲਿਸ ਅਧਿਕਾਰੀ ਮੌਕੇ ਤੇ ਪੁੱਜੇ ਤੇ ਘਰਾਂ ਨੂੰ ਪਾਣੀ ਤੋਂ ਬਚਾਉਣ ਦਾ ਉਪਰਾਲਾ ਕੀਤਾ। ਪਾੜ ਬੰਦ ਕਰ ਦਿੱਤਾ ਗਿਆ ਹੈ।

ਗੰਗਾ ਨਗਰ ਨਹਿਰ ਵਿੱਚ ਪਾੜ

ਗੰਗਾ ਨਗਰ ਵਿੱਚ ਭਾਖੜਾ ਨਹਿਰ ਦੇ ਇੱਕ ਪਾਸੇ ਪਾੜ ਪਾ ਦਿੱਤਾ ਗਿਆ। ਇਹ ਪਾੜ 10 ਮੀਟਰ ਦੱਸਿਆ ਗਿਆ ਹੈ ਜੋ ਸੰਗਾਰੀਆ ਦੇ ਨੇੜੇ ਪਾਇਆ ਗਿਆ। ਸੰਗਾਰੀਆ ਰਾਜੂਵਾਲਾ ਤੇ ਰਾਮਪੁਰਾ ਪਿੰਡਾਂ ਦੇ ਵਿਚਕਾਰ ਹੈ।

ਸਰਕਾਰੀਆ ਕਮਿਸ਼ਨ ਦੀ ਹਾਲਤ ਪਤਲੀ

ਭੋਪਾਲ - ਕੇਂਦਰ ਤੇ ਸੂਬਿਆਂ ਵਿਚਕਾਰ ਸਬੰਧਾਂ ਬਾਰੇ ਸਥਾਪਤ ਕੀਤੇ ਗਏ ਸਰਕਾਰੀਆ ਕਮਿਸ਼ਨ ਦੀ ਹਾਲਤ ਇਸ ਲਈ ਪਤਲੀ ਦੱਸੀ ਜਾਂਦੀ ਹੈ ਕਿ ਵਿਰੋਧੀ ਪਾਰਟੀਆਂ ਜਾਂ ਸੂਬਿਆਂ ਵੱਲੋਂ ਕਮਿਸ਼ਨ ਨੂੰ ਕੋਈ ਸਹਿਯੋਗ ਨਹੀਂ ਦਿੱਤਾ ਜਾ ਰਿਹਾ। ਯਾਦ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਨੇ ਪਹਿਲਾਂ ਹੀ ਇਸ ਕਮਿਸ਼ਨ ਦਾ ਬਾਈਕਾਟ ਕੀਤਾ ਹੋਇਆ ਹੈ।

ਜਸਟਿਸ ਆਰ. ਐਸ. ਸਰਕਾਰੀਆ ਨੇ ਏਥੇ ਦੱਸਿਆ ਕਿ ਸੂਬਿਆਂ ਵਿੱਚੋਂ ਕੇਵਲ ਕੇਰਲਾ ਤੇ ਮੱਧ ਪ੍ਰਦੇਸ਼ ਨੇ ਸੁਝਾਅ ਪੱਤਰ ਭੇਜੇ ਹਨ। ਸੀ. ਪੀ. ਆਈ ਤੇ ਸੀ. ਪੀ. ਐਮ. ਤੋਂ ਬਿਨਾਂ ਕਿਸੇ ਹੋਰ ਰਾਜਸੀ ਪਾਰਟੀ ਨੇ ਕੋਈ ਸੁਝਾਅ ਪੱਤਰ ਨਹੀਂ ਦਿੱਤਾ।

ਸਰਕਾਰੀਆ ਕਮਿਸ਼ਨ ਨੇ ਸੁਝਾਅ ਮੰਗੇ ਸਨ ਜਿੰਨ੍ਹਾਂ ਵਿੱਚ ਰਾਸ਼ਟਰਪਤੀ ਰਾਜ, ਗਵਰਨਰਾਂ ਦਾ ਰੋਲ, ਵਿਧਾਨ ਸਭਾਵਾਂ ਭੰਗ ਕਰਨ ਦਾ ਮਸਲਾ, ਕੇਂਦਰ ਅਤੇ ਸੂਬਿਆਂ ਵਿੱਚ ਮਾਲੀ ਸਬੰਧ, ਆਦਿ ਆਦਿ। ਸਰਕਾਰੀਆ ਨੇ ਕਿਹਾ ਕਿ ਰੀਪੋਰਟ ਦੇਣ ਤੋਂ ਪਹਿਲਾਂ ਉਹ ਸਾਰੇ ਸੂਬਿਆਂ ਨਾਲ ਸਲਾਹ ਮਸ਼ਵਰਾ ਕਰਨਗੇ।

ਸੰਤ ਲੌਂਗੋਵਾਲ ਦੀ ਲੀਡਰਸ਼ਿਪ ਵਿੱਚ ਪੂਰਨ ਭਰੋਸੇ ਦਾ ਪ੍ਰਗਟਾਵਾ

ਅੰਮ੍ਰਿਤਸਰ - ਇੱਥੇ ਅੱਠ ਅਗਸਤ ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਸ: ਪ੍ਰਕਾਸ਼ ਸਿੰਘ ਮਜੀਠਾ ਨੇ ਕੀਤੀ। ਇਸ ਮੀਟਿੰਗ ਵਿੱਚ ਇੱਕ ਮਤੇ ਰਾਹੀਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਲੀਡਰਸ਼ਿਪ ਵਿੱਚ ਪੂਰਨ ਭਰੋਸੇ ਦਾ ਮਤਾ ਪਾਸ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਪਾਲਿਸੀਆਂ ਦਾ ਸਮਰਥਨ ਕੀਤਾ ਗਿਆ।

ਮੀਟਿੰਗ ਵਿੱਚ ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ, ਰਣਜੀਤ ਸਿੰਘ ਦਿਆਲ ਤੇ ਕੇ. ਐਸ. ਬਰਾੜ ਦਾ ਸਮਾਜਿਕ ਬਾਈਕਾਟ ਕੀਤੇ ਜਾਣ ਦਾ ਮਤਾ ਵੀ ਪਾਸ ਹੋਇਆ। 'ਸਰਬੱਤ ਖਾਲਸਾ ਕਾਨਫਰੰਸ' ਦੇ ਬਾਈਕਾਟ ਦਾ ਸੱਦਾ ਵੀ ਉਸੇ ਮੀਟਿੰਗ ਵਿੱਚ ਦਿੱਤਾ ਗਿਆ।

ਕੌਮੀ ਸੁਰੱਖਿਆ ਕਾਨੂੰਨ ਅਧੀਨ ਗ੍ਰਿਫਤਾਰੀਆਂ ਨੂੰ ਚੈਲਿੰਜ

ਨਵੀਂ ਦਿੱਲੀ - ਕੌਮੀ ਸੁਰੱਖਿਆ ਕਾਨੂੰਨ ਅਧੀਨ ਗ੍ਰਿਫਤਾਰ ਕੀਤੇ ਗਏ ਅਕਾਲੀ ਲੀਡਰਾਂ ਦੀ ਪਟੀਸ਼ਨ ਦੀ ਸੁਣਵਾਈ ਉਨ੍ਹਾਂ ਦੇ ਵਕੀਲ ਰਾਮ ਜੇਠ ਮਿਲਾਨੀ ਦੇ ਬੀਮਾਰ ਹੋਣ ਕਾਰਨ ਮੁਲਤਵੀ ਕਰ ਦਿੱਤੀ ਗਈ।

ਸੁਪਰੀਮ ਕੋਰਟ ਵੱਲੋਂ ਇਸ ਪਟੀਸ਼ਨ ਦੀ ਸੁਣਵਾਈ ਚੀਫ ਜਸਟਿਸ ਚੰਦਰਚੂੜ, ਜਸਟਿਸ [illegible], ਜਸਟਿਸ ਆਰ. [illegible] ਲੌਂਗੋਵਾਲ, ਜਥੇਦਾਰ ਟੌਹੜਾ, ਜਥੇਦਾਰ ਤਲਵੰਡੀ, ਹਰਿਮੰਦਰ ਸਿੰਘ ਸੰਧੂ, ਬੀਬੀ ਅਮਰਜੀਤ ਕੌਰ ਦੀ ਨਜ਼ਰਬੰਦੀ ਨੂੰ ਚੁਣੌਤੀ ਦਿੱਤੀ ਗਈ ਹੈ। ਹਰਿਮੰਦਰ ਸਿੰਘ ਸੰਧੂ, ਜੋ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਜਨਰਲ ਸਕੱਤਰ ਸਨ, ਉਹ ਅਜਮੇਰ ਸੈਂਟਰਲ ਜੇਲ੍ਹ ਵਿੱਚ ਹਨ। ਜਿੰਨ੍ਹਾਂ ਬਾਰੇ ਇਹ ਅਫਵਾਹਾਂ ਵੀ ਉਡੀਆਂ ਹਨ ਕਿ ਉਹ ਬਾਅਦਾ ਮੁਆਫ ਗਵਾਹ ਬਣ ਗਏ ਹਨ

ਸਫਾ / ਦੀ ਬਾਕੀ

ਕਾਂਗਰਸੀ ਵਿਧਾਇਕ ਦਾ ਪ੍ਰਗਟਾਵਾ

ਕਾਂਗਰਸੀ ਵਿਧਾਇਕ (ਸਾਬਕਾ ਅਕਾਲੀ) ਬੀਰ ਦੇਵਿੰਦਰ ਸਿੰਘ ਨੇ ਇਹ ਮੰਨਿਆ ਕਿ ਲੋਕਾਂ ਨੂੰ ਬੱਸਾਂ ਰਾਹੀਂ ਅੰਮ੍ਰਿਤਸਰ ਲਿਆਂਦਾ ਗਿਆ।

ਸ਼ਹਿਰ ਦੇ ਲੋਕਾਂ ਵੱਲੋਂ ਬਾਈਕਾਟ

ਅੰਮ੍ਰਿਤਸਰ ਦੇ ਆਮ ਲੋਕਾਂ ਦਾ ਕਹਿਣਾ ਹੈ ਕਿ ਇਹ 'ਸਰਬੱਤ ਖਾਲਸਾ' ਕਾਨਫਰੰਸ ਇੱਕ ਪਾਖੰਡ ਸੀ - ਇਸੇ ਕਾਰਨ ਉਨ੍ਹਾਂ ਇਸ ਪਾਖੰਡ ਵਿੱਚ ਹਿਸਾ ਨਹੀਂ ਲਿਆ।

ਸਿੱਖਾਂ ਦੇ ਵਕਾਰ ਨੂੰ ਸੱਟ

ਜਥੇਦਾਰ ਕਿਰਪਾਲ ਸਿੰਘ ਨੇ ਇਸ ਇਕੱਠ ਨੂੰ ਸਿੱਖਾਂ ਦੇ ਵਕਾਰ ਨੂੰ ਸੱਟ ਮਾਰਨ ਵਾਲਾ ਦੱਸਦਿਆਂ ਕਿਹਾ ਕਿ ਬਾਬਾ ਸੰਤਾ ਸਿੰਘ ਨੂੰ ਪੰਥ ਵਿੱਚੋਂ ਪਹਿਲਾਂ ਹੀ ਛੇਕਿਆ ਜਾ ਚੁੱਕਿਆ ਹੈ। ਜਥੇਦਾਰ ਕਿਰਪਾਲ ਸਿੰਘ ਜੀ ਨੇ ਕਿਹਾ ਕਿ ਸਿੱਖਾਂ ਦੇ 500 ਸਾਲਾ ਇਤਿਹਾਸ ਵਿੱਚ ਅਜਿਹੀ 'ਬਗਾਵਤ' ਪਹਿਲੀ ਵਾਰ ਵੇਖਣ ਵਿੱਚ ਆਈ ਹੈ ਅਤੇ ਇਸ 'ਬਗਾਵਤ' ਦੀ ਜ਼ਿੰਮੇਵਾਰ ਭਾਰਤ ਦੀ ਸਰਕਾਰ ਹੈ।

ਕਥਿਤ 'ਸਰਬੱਤ ਖਾਲਸਾ' ਕਾਨਫਰੰਸ ਦਰਬਾਰ ਸਾਹਿਬ ਕੰਪਲੈਕਸ ਵਿੱਚ ਹੋ ਰਹੀ 'ਕਾਰ ਸੇਵਾ' ਤੇ ਮੁਹਰ ਲਵਾਉਣ ਲਈ ਆਯੋਜਿਤ ਕੀਤੀ ਗਈ।

ੋ ਮਹਿੰਗਾਈ :
ਜਿਹੜੀ ਹੱਥ-ਪੈਰ ਚਲਾਏ ਬਿਨਾ ਇਨਸਾਨ ਦਾ ਲੱਕ ਤੋੜ ਦਿੰਦੀ ਹੈ।

ੋ ਦਿਲ
ਦੁਨੀਆਂ ਦਾ ਇਕੋ ਇਕ ਜੰਤਰ, ਜਿਹੜਾ ਟੁੱਟ ਕੇ ਵੀ ਕੰਮ ਕਰਦਾ ਰਹਿੰਦਾ ਹੈ।

ੋ ਅੰਡਾ
ਜਿਹੜਾ ਬਾਜ਼ਾਰੋਂ ਮਹਿੰਗਾ ਤੇ ਸਕੂਲੋਂ ਸਸਤਾ ਮਿਲਦਾ ਹੈ :

ੋ ਦੁਨੀਆਂ
ਇਕ ਦੁਕਾਨ। ਅਕਲ ਖਰਚ ਕਰੋ ਤੇ ਜੋ ਚਾਹੋ, ਲੈ ਲਉ।

ਘੱਲੂਘਾਰਾ ਅੰਕ

ਦਰਬਾਰ ਸਾਹਿਬ ਉਤੇ ਹਮਲੇ ਅਤੇ ਅਕਾਲ ਤਖਤ ਤੇ ਕਬਜੇ ਦੀ ਕਹਾਣੀ

ਭਾਰਤ ਵਿਚ ਅਜੇ ਵੀ ਕੁਝ ਪੱਤਰ ਅਤੇ ਪੱਤਰਕਾਰ ਅਜੇਹੇ ਹਨ ਜੋ ਸਚ ਤਕ ਪਹੁੰਚਦੇ ਹਨ ਤੇ ਸੱਚੋ ਸਚ ਪ੍ਰਸਾਰਦੇ ਹਨ। ਭਾਰਤ ਸਰਕਾਰ ਦੇ ਪ੍ਰਸਾਰਨ ਸਾਧਨ ਹਰਿਮੰਦਰਰ ਸਾਹਿਬ ਦੇ ਸਾਕੇ ਦੀ ਜੋ ਕਹਾਣੀ ਪ੍ਰਸਾਰਤ ਕਰ ਰਹੇ ਹਨ, ਉਹ ਇਤਬਾਰਯੋਗ ਨਹੀਂ। ਸਰਕਾਰ ਆਪ ਇਸ ਯੁਧ ਵਿਚ ਇਕ ਧਿਰ ਹੈ, ਫੌਜ ਵੀ ਉਹਦੀ ਤੇ ਰੇਡੀਉ-ਟੀ.ਵੀ. ਵੀ ਉਹਦੇ ਆਪਣੇ। ਉਸ ਦੀ ਪੇਸ਼ ਕੀਤੀ ਇਕਪਾਸੜ ਤਸਵੀਰ ਉਪਰ ਕੌਣ ਇਤਬਾਰ ਕਰੇ। ਤਾਂ ਵੀ, ਕੌਮੀ ਅਖ਼ਬਾਰਾਂ ਦੇ ਕੁਝ ਪਤਰਪ੍ਰੇਰਕਾਂ ਨੇ ਵਾਕਿਆਤ ਦੀ ਸੱਚੀ ਤਸਵੀਰ ਪੇਸ਼ ਕੀਤੀ ਹੈ। ਉਹਨਾਂ ਤੋਂ ਜੋ ਪ੍ਰਾਪਤ ਹੁੰਦਾ ਹੈ ਉਸ ਦਾ ਸੰਖੇਪ ਸਾਰ ਇਸ ਪ੍ਰਕਾਰ ਹੈ :

ਐਤਵਾਰ ਵਾਲੇ ਦਿਨ ਭਾਰਤੀ ਫ਼ੌਜ ੧੨ ਘੰਟੇ ਹਰਿਮੰਦਿਰ ਸਾਹਿਬ ਵਿਚ ਮੋਰਚਾ ਸੰਭਾਲੀ ਸਿੰਘਾਂ ਨੂੰ ਡਰਾਉਂਦੀ ਰਹੀ, ਉਹਨਾਂ ਦੀਆਂ ਕਿਲਾ ਬੰਦੀਆਂ ਉਪਰ ਤੋਪਾਂ ਦੇ ਗੋਲੇ ਵਰ੍ਹਾਉਂਦੀ ਰਹੀ। ਹਰਿਮੰਦਰ ਦੇ ਮੁਖ ਦੁਆਰ ਦੁਆਲੇ ਟੈਂਕਾਂ ਨੇ ਘੇਰਾ ਘਤਿਆ ਹੋਇਆ ਸੀ। ਮਸ਼ੀਨਗਨਾਂ ਤੇ ਆਟੋਮੈਟਿਕ ਰਾਈਫਲਾਂ ਦੀ ਬੋਛਾੜ ਵੀ ਲਗਾਤਾਰ ਹੁੰਦੀ ਰਹੀ। ਪਰ ਇਸ ਨਾਲ ਨਾ ਸਿੰਘਾਂ ਦੇ ਹੌਸਲੇ ਪਸਤ ਹੋਏ ਤੇ ਨਾ ਹੀ ਉਹਨਾਂ ਹਾਰ ਮੰਨਣ ਦਾ ਰਤਾ ਜਿੰਨਾ ਵੀ ਸੰਕੇਤ ਕੀਤਾ।

ਇਸ ਦੇ ਬਾਅਦ ਏਸ ਧਾਵੇ ਦੇ ਇੰਚਾਰਜ ਬੀ.ਐਸ. ਜੁੰਬਵਾਲ ਨੇ ਲੈਫਟੀਨੈਂਟ ਜਨਰਲ ਦਯਾਲ ਤੇ ਲੈਫਟੀਨੈਂਟ ਜਨਰਲ ਸੁੰਦਰ ਜੀ ਨੂੰ ਸੁਨੇਹੇ ਭੇਜੇ ਤੇ ਉਹਨਾਂ ਅਗੂੰ ਦਿੱਲੀ ਨੂੰ ਖ਼ਬਰਾਂ ਭੇਜੀਆਂ। ਦਿੱਲੀ ਵਿਚ ਉਚ-ਤਾਕਤੀ ਮੀਟਿੰਗ ਹੋਈ ਤੇ ਫੈਸਲਾ ਕੀਤਾ ਗਿਆ ਕਿ ਹਰਿਮੰਦਰ ਦੇ ਇਲਾਕੇ ਦੇ ਅੰਦਰ ਫੌਜ ਭੇਜੀ ਜਾਏ।

ਅਗਲੀ ਸਵੇਰ, ਮੰਗਲਵਾਰ, ਸਾਢੇ ਚਾਰ ਵਜੇ ਲੈਫਟੀਨੈਂਟ ਕਰਨਲ ਇਸਰਾਰ ਦੀ ਅਗਵਾਈ ਹੇਠ ਫੌਜੀ ਬਟਾਲੀਅਨ ਹਰਿਮੰਦਰ ਦੀ ਚਾਰਦੀਵਾਰੀ ਵਿਚ ਪ੍ਰਵੇਸ਼ ਕੀਤਾ ਗਿਆ। ਬਾਹਰੋਂ ਹਰਿਮੰਦਰ ਦੀਆਂ ਕਿਲੇਬੰਦੀਆਂ ਉਪਰ ਤੋਪ-ਗੋਲੇ ਵਰ੍ਹਾਏ ਜਾ ਰਹੇ ਸਨ। ਬਾਹਰ ਖੜੇ ਫੌਜੀ ਦਸਤੇ ਤੇ ਆਸਪਾਸ ਦੇ ਘਰਾਂ ਉਪਰ ਚੜ੍ਹੇ ਫੌਜੀ ਜਵਾਨ ਸ਼ਰੋਮਣੀ ਕਮੇਟੀ ਦੀ ਇਮਾਰਤ ਉਪਰ ਧੂੰਆਂਧਾਰ ਗੋਲੀਆਂ ਵਰ੍ਹਾਂ ਰਹੇ ਸਨ। ਇਸ ਗੋਲਾਬਾਰੀ ਦੇ ਪਰਦੇ ਹੇਠ ਇਸਰਾਰ ਦੀ ਬਟਾਲੀਅਨ ਅਗਾਂਹ ਵਧਦੀ ਵਧਦੀ ਸ਼੍ਰੋਮਣੀ ਕਮੇਟੀ ਦੇ ਦਫਤਰ ਦੇ ਵਡੇ ਦਰਵਾਜੇ ਤਕ ਪਹੁੰਚੀ ਤੇ ਹੱਲਾ ਬੋਲ ਦਿੱਤਾ। ਏਥੇ ਜੋ ਮੁਕਾਬਲਾ ਸਿੰਘਾਂ ਕੀਤਾ ਉਸ ਨੇ ਭਾਰਤੀ ਫੌਜ ਨੂੰ ਚਕ੍ਰਿਤ ਕਰ ਦਿੱਤਾ। ਸਿੰਘਾਂ ਵੱਲੋਂ ਤੋਪ ਵੀ ਚਲੀ ਤੇ ਰਾਕਟ ਵੀ। ਜਾਪਦਾ ਸੀ ਇਹ ਦੋਵੇਂ ਕੰਮ ਫੌਜੀ ਨਿਪੁੰਨਤਾ ਨਾਲ ਹੋ ਰਹੇ ਸਨ। ਕਈ ਘੰਟਿਆਂ ਦੀ ਲਹੂਭਿਜੀ ਲੜਾਈ ਬਾਅਦ ਬਟਾਲੀਅਨ ਨੇ ਗੁਰੂ ਰਾਮਦਾਸ ਨਿਵਾਸ, ਗੁਰੂ ਨਾਨਕ ਨਿਵਾਸ ਤੇ ਸ਼੍ਰੋਮਣੀ ਕਮੇਟੀ ਦੀਆਂ ਛੱਤਾਂ ਉਪਰ ਕਬਜ਼ਾ ਕਰ ਲਿਆ। ਏਥੇ ਹੀ ਉਹ ਸੰਤ ਲੌਂਗੋਵਾਲ ਤੇ ਪ੍ਰਧਾਨ ਸ: ਟੋਹੜਾ ਨੂੰ ਫੜਨ ਵਿਚ ਕਾਮਯਾਬ ਹੋਏ। ਪਰ ਉਹਨਾਂ 'ਚ ਏਨੀ ਹਿੰਮਤ ਨਾ ਪਈ ਕਿ ਉਹ ਇਹਨਾਂ ਦੋਹਾਂ ਨੇਤਾਵਾਂ ਨੂੰ ਬਾਹਰ ਲੈ ਜਾਂਦੇ। ਕਈ ਘੰਟਿਆਂ ਬਾਅਦ ਜਦੋਂ ਹਨੇਰਾ ਗੂੜ੍ਹਾ ਹੋ ਗਿਆ ਤਾਂ ਦੋਹਾਂ ਨੂੰ ਬੰਦ ਗੱਡੀਆਂ ਵਿਚ ਬਿਠਾ ਕੇ ਉਹ ਬਾਹਰ ਲੈ ਗਏ। ਕੁਝ ਅਖ਼ਬਾਰਾਂ ਦੀ ਵੱਡੀ ਸੁਰਖ਼ੀ ਹੈ : ਲੌਂਗੋਵਾਲ ਨੇ ਆਤਮ-ਸਮਰਪਣ ਕਰ ਦਿੱਤਾ। ਕੀ ਆਤਮ-ਸਮਰਪਣ ਇਸੇ ਨੂੰ ਕਹਿੰਦੇ ਹਨ ?

ਉਸੇ ਰਾਤ ਆਤਮ-ਸਪਰਪਣ, ਜੇ ਇਸ ਸ਼ਬਦ ਦੀ ਵਰਤੋਂ ਬਿਨਾ ਗੁਜ਼ਾਰਾ ਨਾ ਹੋ ਸਕੇ, ੩੦੦ ਕੁ ਸੌ ਦੇ ਕਰੀਬ ਬੀਬੀਆਂ ਤੇ ਬੱਚਿਆਂ ਨੇ ਕੀਤਾ। ਇਹਨਾਂ ਵਿਚ ਹੀ ਬੀਬੀ ਅਮਰਜੀਤ ਕੌਰ ਸੀ ਜਿਸ ਦਾ ਨਿਰੰਕਾਰੀਆਂ ਤੋਂ ਛੁਟ ਹੋਰ ਕਿਸੇ ਨਾਲ ਕੋਈ ਵੈਰ ਨਹੀਂ। ਉਹਦੇ ਸਾਥੀਆਂ ਬਬਰਾਂ ਨੇ ਵੀ ਹਥਿਆਰ ਨਾ ਸੁੱਟੇ। ਸਗੋਂ ਹਰਿਮੰਦਰ ਸਾਹਿਬ ਦੇ ਦੋਹੀਂ ਪਾਸੀਂ ਪਾਣੀ ਦੇ ਮੁਨਾਰਿਆ ਉਪਰ ਮੋਰਚੇ ਗੱਡ ਲਏ।


ਤੀਜੇ ਦਿਨ, ਬੁਧਵਾਰ, ਸਵੇਰੇ ਅਕਾਲ ਤਖਤ ਸਾਹਿਬ ਉਤੇ ਹੱਲਾ ਬੋਲਿਆ ਗਿਆ। ਪਰ, ਅੱਧੇ ਘੰਟੇ ਦੇ ਅੰਦਰ ਅੰਦਰ ਹੀ ਫੌਜ ਨੂੰ ਚਾਨਣ ਹੋ ਗਿਆ ਕਿ ਇਸ ਇਮਾਰਤ ਉਪਰ ਕਬਜ਼ਾ ਕਰ ਸਕਣਾ ਅਸੰਭਵ ਹੈ। ਚੌਂਹ ਪਾਸਿਆਂ ਤੋਂ ਫੌਜ ਉਪਰ ਗੋਲੀਆਂ ਦਾ ਮੀਂਹ ਵਰ੍ਹ ਰਿਹਾ ਸੀ। ਰਾਕਟਾਂ ਤੇ ਮਿਜ਼ਾਈਲਾਂ ਦਾ ਵੀ। ਏਥੇ ਫੌਜੀਆਂ ਦੀ ਵੱਡੀ ਗਿਣਤੀ ਢੇਰ ਹੋਈ। ਫੇਰ ਫੌਜ ਨੇ ਬਖਤਰਬੰਦ ਗੱਡੀ ਅੰਦਰ ਲਿਆਉਣ ਦਾ ਜਤਨ ਕੀਤਾ, ਪਰ ਸਿੰਘਾਂ ਨੇ ਐਂਟੀ-ਟੈਂਕ ਮਿਜ਼ਾਈਲ ਮਾਰ ਕੇ ਇਸ ਗੱਡੀ ਨੂੰ ਨਕਾਰਾ ਕਰ ਦਿੱਤਾ। ਇਹ ਮਿਜ਼ਾਈਲ ਸਵੀਡਨ ਮਾਰਕਾ ਸੀ ਤੇ ਬਹੁਤ ਆਧੁਨਿਕ ਕਿਸਮ ਦੀਆਂ ਫੌਜਾਂ ਪਾਸ ਹੁੰਦੀ ਹੈ। ਫੌਜੀਆਂ ਨੇ ਤੋਪਾਂ, ਰਾਕਟਾਂ ਤੇ ਲੰਮੀ ਮਾਰ ਵਾਲੀਆਂ ਮਸ਼ੀਨ ਗਨਾਂ ਤੋਂ ਕੰਮ ਲਿਆ, ਪਰ ਉਹਨਾਂ ਦੀ ਇਕ ਨਾ ਚੱਲੀ। ਅਕਾਲ ਤਖ਼ਤ ਦੇ ਸਿੰਘ ਆਪਣੇ ਮੋਰਚੇ ਤੇ ਅਡੋਲ ਡਟੇ ਰਹੇ। ਇਸ ਯੁਧ ਨੂੰ ਵੇਖ ਕੇ ਲੈਫਟੀਨੈਂਟ ਜਨਰਲ ਰਣਜੀਤ ਸਿੰਘ ਦਯਾਲ ਨੂੰ ਸਿੰਘਾਂ ਦੀ ਤਾਰੀਫ਼ ਕਰਨੀ ਪਈ। ਲੈ. ਜ. ਦਯਾਲ ਕਈ ਲੜਾਈਆਂ ਲੜ ਚੁੱਕਾ ਹੈ। ਉਹਨੇ ਕਿਹਾ, "ਆਪਣੀ ਜਿੰਦਗੀ ਵਿਚ ਮੈਂ ਕਦੀ ਇਹੋ ਜੇਹੀ ਗੋਲਾਬਾਰੀ ਨਹੀਂ ਵੇਖੀ" —ਮਸ਼ੀਨਗਨ ਦੀ ਇਕੋ ਵਾਛੜ ਵਿਚੋਂ ਸੌ ਗੋਲੀਆਂ ਵਰ੍ਹਦੀਆਂ ਸਨ।

ਇਸ ਦੇ ਬਾਅਦ ਫੌਜ਼ ਨੇ ਆਪਣਾ ਪੈਂਤਰਾ ਬਦਲਿਆ। ਉਹਨਾਂ ਅਕਾਲ ਤਖਤ ਨੂੰ ਅਗਲੇ ਪਾਸਿਓਂ ਸਰ ਕਰਨ ਦਾ ਖਿਆਲ ਛਡ ਦਿੱਤਾ ਤੇ ਉਸ ਉਪਰ ਪਿਛਲੇ ਪਾਸਿਓਂ ਹੱਲਾ ਬੋਲਿਆ। ਪਿਛਲੇ ਪਾਸੇ ਦੀ ਦੀਵਾਰ ਕਾਫ਼ੀ ਮਜ਼ਬੂਤ ਹੈ। ਟੈਂਕ ਮਿਜ਼ਾਈਲ ਮਾਰ ਕੇ ਉਹਦੇ ਵਿਚ ਮਘੋਰਾ ਕੀਤਾ ਗਿਆ ਤੇ ਮਘੋਰੇ ਥਾਣੀ ਆਹਲਾ ਦਰਜੇ ਦੀ ਟਰੇਨਿੰਗ ਵਾਲੇ ਕਮਾਂਡੋ ਛਾਪਾਮਾਰ ਅਕਾਲ ਤਖ਼ਤ ਵਿਚ ਦਾਖਲ ਕੀਤੇ ਗਏ। ਪਿਛਲੇ ਪਾਸਿਓਂ ਛਾਪਾਮਾਰ ਤੇ ਦੂਜੇ, ਸ਼੍ਰੋਮਣੀ ਕਮੇਟੀ ਦੇ ਦਫਤਰ ਵਾਲੇ ਪਾਸਿਓਂ ਗੋਲਾਬਾਰੀ। ਲੌਢੇ ਵੇਲੇ ਤਕ ਫੌਜ ਨੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਉਪਰ ਕਬਜ਼ਾ ਕਰ ਲਿਆ ਸੀ।

ਪਰ ਅਜੇ ਵੀ ਸੰਤ ਭਿੰਡਰਾਂਵਾਲਾ ਫੌਜ ਦੀ ਪਕੜ ਵਿਚ ਨਹੀਂ ਸੀ ਆਇਆ। ਅਕਾਲ ਤਖਤ ਦਾ ਭੋਰਾ ਅਜੇ ਸਰ ਨਹੀਂ ਸੀ ਹੋਇਆ। ਉਪਰਲੀਆਂ ਮੰਜ਼ਲਾਂ ਵਿਚ ਲੋਥਾਂ ਦੇ ਢੇਰ ਸਨ। ਸਿੰਘਾਂ ਵਿਚ ਕਿਸੇ ਇਕ ਨੇ ਵੀ ਹਥਿਆਰ ਨਹੀਂ ਸਨ ਸੁਟੇ। ਧਰਮ-ਸਥਾਨ ਵਿਚ ਧਰਮ-ਯੋਧਿਆਂ ਵਾਂਗ ਮੋਰਚਿਆਂ ਉਪਰ ਲੜਦੇ ਜਾਨਾਂ ਵਾਰੀਆ ਸਨ। ਫੌਜੀ ਅਫਸਰ, ਸਥਾਨਕ ਪੁਲਸ ਦੀ ਮਦਦ ਨਾਲ ਲੋਥਾ ਦੀ ਸ਼ਨਾਖਤ ਕਰ ਰਹੀ ਸੀ। ਪਰ, ਸੰਤ ਭਿੰਡਰਾਂਵਾਲੇ ਕਿਤੇ ਲਭਦੇ ਨਹੀਂ ਸਨ। ਉਹਨਾਂ ਦਾ ਡੇਰਾ ਤਾਂ ਅਕਾਲ ਤਖ਼ਤ ਦੀ ਉਪਰਲੀ ਮੰਜ਼ਿਲ ਉਪਰ ਸੀ, ਪਰ ਓਥੇ ਉਹਨਾ ਦਾ ਕਿਤੇ ਪਤਾ ਨਿਸ਼ਾਨ ਨਹੀਂ ਸੀ ਮਿਲ ਰਿਹਾ।

ਭੋਰੇ ਉਪਰ ਅਜੇ ਫੌਜ ਦਾ ਕਬਜ਼ਾ ਨਹੀਂ ਸੀ ਤੇ ਏਥੇ ਅਪੜ ਸਕਣਾ ਕਿਸੇ ਵੱਡੇ ਸੂਰਮੇ ਦਾ ਵੀ ਕੰਮ ਨਹੀਂ ਸੀ। ਅੰਦਰ ਪੈਰ ਰਖਦਿਆਂ ਹੀ ਫੀਤੀ ਫੀਤੀ ਹੋ ਜਾਣ ਦਾ ਖ਼ਤਰਾ ਸੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਆਖ਼ਰ ਫ਼ੌਜ ਨੇ ਜ਼ਹਿਰੀਲੀ ਗੈਸ ਦੀ ਮਦਦ ਲਈ। ਭੋਰੇ ਦੇ ਅੰਦਰ ਗੈਸ ਛਡ ਕੇ ਸਿੰਘਾਂ ਨੂੰ ਜੀਉਂਦੇ ਜੀਅ ਮਾਰਿਆ ਗਿਆ ਤੇ ਅਕਾਲ ਤਖ਼ਤ ਉਪਰ ਕਬਜ਼ੇ ਨੂੰ ਮੁਕੰਮਲ ਕੀਤਾ ਗਿਆ।

ਭੋਰੇ ਵਿਚ ਲੋਥਾਂ ਦੇ ਢੇਰ ਸਨ। ਤੇ ਇਹਨਾਂ ਵਿਚ ਹੀ ਸੀ ਸੰਤ ਜਰਨੈਲ ਸਿੰਘ ਤੇ ਭਾਈ ਅਮਰੀਕ ਸਿੰਘ ਦੀ ਦੇਹ। ਮੇਜਰ ਜਨਰਲ ਸੁਬੇਗ ਸਿੰਘ ਦੀ ਦੇਹ ਕਿਥੋਂ ਮਿਲੀ, ਇਸ ਦਾ ਸਹੀ ਪਤਾ ਕਿਸੇ ਨੂੰ ਨਹੀਂ। ਉਂਜ, ਕਿਹਾ ਇਹੋ ਜਾਂਦਾ ਹੈ ਕਿ ਉਹ ਵੀ ਭੋਰੇ ਵਿਚ ਹੀ ਸੀ।



○ ਤਜਰਬਾ
ਮਨੁਖ ਦੀਆਂ ਭੁੱਲਾਂ ਦਾ ਸੰਗ੍ਰਹਿ।

○ ਦਫ਼ਤਰ
ਸਰਕਾਰੀ ਮਹਿਮਾਨਾਂ ਦੀ ਅਰਾਮਗਾਹ।

○ ਫੁਟਪਾਥ
ਸ਼ਹਿਰ ਦਾ ਸਭ ਤੋਂ ਵਡਾ ਵਪਾਰਕ ਕੇਂਦਰ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਆਖਰੀ ਇੰਟਰਵਿਊ :

ਜਿਸ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦ...!

(ਹੇਠਾਂ ਸੰਤ ਜਰਨੈਲ ਸਿੰਘ ਭਿੰਡਰਾਵਾਲਾ ਦਾ ਆਖਰੀ ਇੰਟਰਵਿਊ ਦਾ ਪੰਜਾਬੀ ਰੂਪਾਂਤਰ ਪੇਸ਼ ਕੀਤਾ ਜਾ ਰਿਹਾ ਹੈ। ੩ ਜੂਨ, ੮੪ ਸਤ ਵਜੇ ਸ਼ਾਮ, ਗੱਲਾਂ ਕਰਦਿਆਂ ਸੰਤ ਸਿੰਘ ਜੀ ਅਡੋਲ ਅਤੇ ਸ਼ਾਂਤ ਸਨ, ਸ਼ਹੀਦੀ ਲਈ ਤਿਆਰ। ਬੋਲ ਬੇਬਾਕ, ਸਿਖ ਸੂਰਮਿਆਂ ਦੇ ਸਿਰੜ ਉਪਰ ਅੱਟਲ ਵਿਸ਼ਵਾਸ। ਕੁਝ ਘੰਟਿਆਂ ਬਾਅਦ ਹੀ ਹਰਿਮੰਦਰ ਸਾਹਿਬ ਉਪਰ ਸਰਕਾਰ ਦੀਆਂ ਫੌਜਾਂ ਨੇ ਹੱਲਾ ਬੋਲ ਦਿੱਤਾ ਤੇ ਮੌਤ ਦੀ ਲਾੜੀ ਨੇ ਆਪਣਾ ਵਰ ਚੁਣ ਲਿਆ...)

? ਤੁਹਾਡੇ ਬੂਹੇ ਫੌਜ ਢੁੱਕੀ ਹੋਈ ਹੈ। ਉਹਨਾਂ ਦੀ ਗਿਣਤੀ ਤੁਹਾਥੋਂ ਕਿਤੇ ਵੱਡੀ ਹੈ। ਉਹਨਾਂ ਪਾਸ ਹਥਿਆਰ ਵੀ ਬਹੁਤੇ ਹਨ। ਤੁਸੀਂ ਕਰੋਗੇ ਕੀ?

ਗਿਣਤੀ ਨਾਲ ਫ਼ਰਕ ਨਹੀਂ ਪੈਂਦਾ। ਹਜ਼ਾਰਾਂ ਭੇਡਾਂ ਲਈ ਇੱਕੋ ਸ਼ੇਰ ਕਾਫ਼ੀ ਹੁੰਦਾ ਹੈ।

? ਮਸ਼ੀਨਗਨਾਂ ਤੇ ਤੋਪਖ਼ਾਨੇ ਨਾਲ ਲੈਸ ਫੌਜ ਨੂੰ ਤੁਸੀਂ ਭੇਡਾਂ ਕਿਵੇਂ ਕਹਿ ਸਕਦੇ ਹੋ?

(ਸੰਤ ਜੀ ਮੁਸਕਰਾਉਂਦੇ ਹਨ) ਜਦੋਂ ਸ਼ੇਰ ਸੁੱਤਾ ਹੁੰਦੈ, ਚਿੜੀਆਂ ਚੂੰ-ਚੂੰ ਕਰਦੀਆਂ ਹਨ। ਸ਼ੇਰ ਦੇ ਜਾਗਣ ਤੇ ਚਿੜੀਆਂ ਉਡ-ਪੁਡ ਜਾਂਦੀਆਂ ਹਨ।

? ਕੀ ਤੁਸੀਂ ਮਹਿਸੂਸ ਨਹੀਂ ਕਰਦੇ ਕਿ ਪੰਜਾਬ ਵਿਚ ਫੌਜਾਂ ਨੂੰ ਭੇਜ ਦੇਣ ਨਾਲ ਹਾਲਾਤ ਵਿਚ ਬੁਨਿਆਦੀ ਕਿਸਮ ਦਾ ਫ਼ਰਕ ਪੈ ਗਿਐ?

ਨਹੀਂ, ਮੈਂ ਏਦਾਂ ਨਹੀਂ ਸਮਝਦਾ। ਫ਼ਰਕ ਕਾਹਦਾ ਹੈ? ਪਹਿਲਾਂ ਪੁਲਸ ਸੀ, ਫੇਰ ਸੀ.ਆਰ.ਪੀ., ਤੇ ਉਸ ਦੇ ਬਾਦ ਬੀ.ਐਸ.ਐਫ. ਤੇ ਹੁਣ ਫੌਜ ਪਹੁੰਚ ਗਈ ਹੈ। ਇਹ ਇਕ ਹੋਰ ਤਰੀਕਾ ਹੈ ਸਰਕਾਰ ਦਾ ਸਿਖਾਂ ਉਪਰ ਅਤਿਆਚਾਰ ਕਰਨ ਦਾ। ਉਹਨਾਂ ਦੇ ਹੱਕਾਂ ਨੂੰ ਦਬਾ ਲੈਣ ਦਾ। ਜਿਵੇਂ ਪਹਿਲਾ ਦੂਜਿਆਂ ਨਾਲ ਹੋਇਆ ਹੈ, ਇਹ ਫੌਜ ਵੀ ਫੇਲ ਹੋ ਜਾਵੇਗੀ।

? ਤੁਹਾਡੇ ਸੰਗੀਆ ਨੇ ਦਸਿਆ ਹੈ ਕਿ [illegible] ਵਾਲੇ ਦਿਨ ਬਾਰਡਰ ਸਕਿਉਰਿਟੀ ਫੋਰਸ ਨੇ ਹਰਿਮੰਦਰ ਦੇ ਅੰਦਰ ਤੁਹਾਡੇ ਉਪਰ ਗੋਲੀਆਂ ਵਰ੍ਹਾਈਆਂ ਤੇ ਸਿੱਟੇ ਵਜੋਂ ਤੁਹਾਡੇ ੧੧ ਬੰਦੇ ਮਾਰੇ ਗਏ।

ਮੇਰੇ ਹੱਥ ਬੱਝੇ ਹੋਏ ਸਨ। ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਨੇ ਮੈਨੂੰ ਕਿਹਾ ਕਿ ਪਵਿੱਤਰ ਸਥਾਨ ਦੇ ਅੰਦਰੋਂ ਗੋਲੀ ਨਾ ਚਲਾਈ ਜਾਵੇ। ਇਸੇ ਲਈ ਕੋਈ ਮੁਕਾਬਲਾ ਨਾ ਹੋ ਸਕਿਆ ਹੈ।

? ਹੁਣ ਅਕਾਲ ਤਖ਼ਤ ਨੇ ਹੁਕਮਨਾਮਾ ਜਾਰੀ ਕੀਤਾ ਹੈ ਕਿ ਸਿਖ ਹਰ ਜਤਨ ਕਰਕੇ ਸੁਰਖਿਆ ਫੌਜਾਂ ਨੂੰ ਹਰਿਮੰਦਰ ਵਿਚ ਦਾਖ਼ਲ ਹੋਣ ਤੋਂ ਰੋਕਣ। ਤੁਸੀਂ ਇਸ ਬਾਰੇ ਕਿਵੇਂ ਮਹਿਸੂਸ ਕਰਦੇ ਹੋ?

ਮੈਂ ਇਸ ਹੁਕਮਨਾਮੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

? ਕੀ ਅਜੇ ਵੀ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ ਅਕਾਲੀ ਦਲ ਨਾਲ ਤੁਹਾਡੇ ਮਤਭੇਦ ਹਨ?

ਮੈਂ ਚੁਪ ਹਾਂ।

? ਰਾਜੀਵ ਗਾਂਧੀ ਨੇ ਪਿਛਲੇ ਦਿਨੀਂ ਤੁਹਾਡਾ ਜ਼ਿਕਰ ਧਾਰਮਿਕ ਲੀਡਰ ਦੇ ਤੌਰ 'ਤੇ ਕੀਤਾ। ਕੋਈ ਟਿਪਣੀ?

ਤੁਸੀਂ ਕਹਿੰਦੇ ਹੋ ਕਿ ਰਾਜੀਵ ਗਾਂਧੀ ਨੇ ਮੈਨੂੰ ਧਾਰ-ਮਿਕ ਲੀਡਰ ਕਿਹਾ। ਐਨ ਓਜੇ ਵਕਤ ਅਤਿ-ਵਾਦੀਆਂ ਉਪਰ ਹੱਲਾ ਬੋਲਣ ਲਈ ਸਰਕਾਰ ਹਰਿ-ਮੰਦਰ ਸਾਹਿਬ ਅੰਦਰ ਫੌਜ ਭੇਜਦੀ ਹੈ। ਮੈਂ ਇਸ ਦਾ ਕੀ ਮਤਲਬ ਕੱਢਾਂ? (ਹੱਸਣ ਲਗ ਪੈਂਦੇ ਹਨ)

? ਕੀ ਤੁਸੀਂ ਪ੍ਰਧਾਨ ਮੰਤਰੀ ਦੀ ਕਲ੍ਹ ਵਾਲੀ ਤਕਰੀਰ ਸੁਣੀ ਹੈ ਜਿਸ ਵਿਚ ਉਹਨਾਂ ਫ਼ਿਰਕੂ ਸ਼ਾਂਤੀ ਲਈ ਅਪੀਲ ਕੀਤੀ ਤੇ ਅਕਾਲੀ ਲੀਡਰਾਂ ਨੂੰ ਕਿਹਾ ਕਿ ਅੰਦੋਲਨ ਬੰਦ ਕਰੋ?

ਨਹੀਂ, ਇਹ ਤਕਰੀਰ ਮੈਂ ਨਹੀਂ ਸੁਣੀ।

? ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਪੰਜਾਬ ਵਿਚ ਇਸ ਖ਼ੂਨ ਖਰਾਬੇ ਨੂੰ ਰੋਕਣ ਦਾ ਕੋਈ ਰਾਹ ਨਿਕਲ ਸਕਦੇ?

ਇਹ ਗਲ ਉਹਨਾਂ ਨੂੰ ਪੁਛੋ ਜੋ ਇਸ ਖ਼ੂਨ ਖਰਾਬੇ ਲਈ ਜ਼ੰਮੇਵਾਰ ਹਨ।



? ਕੀ ਤੁਸੀਂ ਖਾਲਿਸਤਾਨ ਦੀ ਮੰਗ ਦੀ ਹਿਮਾਇਤ ਕਰਦੇ ਹੋ?

ਯਕੀਨਨ, ਮੈਂ ਕਦੇ ਇਸ ਦੀ ਮੁਖ਼ਾਲਫ਼ਤ ਨਹੀਂ ਕੀਤੀ।

(ਏਥੇ ਕੁ ਪਹੁੰਚ ਕੇ ਸੰਤ ਜੀ ਦੇ ਦੋ ਸਲਾਹਕਾਰਾਂ, ਸਿਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ, ਭਾਈ ਅਮਰੀਕ ਸਿੰਘ ਤੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਨੇ ਗਲ ਟੁੱਕੀ ਤੇ ਆਪਣੇ ਲੀਡਰ ਨੂੰ ਕਿਹਾ 'ਸੰਤ ਜੀ ਸਾਫ਼ ਦਸ ਦਿਓ' ਤੇ ਸੰਤ ਭਿੰਡਰਾਂਵਾਲੇ ਨੇ ਆਪਣੇ ਜਵਾਬ ਨੂੰ ਮੁੜ ਸੋਧਿਆ) ਸਾਫ਼ ਤੌਰ ਤੇ, ਮੈਂ ਨਹੀਂ ਸੋਚਦਾ ਕਿ ਸਿਖ ਭਾਰਤ ਵਿਚ ਜਾਂ ਭਾਰਤ ਦੇ ਨਾਲ ਰਹਿ ਸਕਦੇ ਹਨ।

? ਕੀ ਤੁਹਾਨੂੰ ਮੌਤ ਦਾ ਡਰ ਹੈ?

ਮੌਤ ਦੀ ਗਲ ਕਰਕੇ ਮੈਨੂੰ ਡਰਾਉਣ ਦਾ ਜਤਨ ਨਾ ਕਰੋ। ਜੇ ਮੈਂ ਮੌਤ ਤੋਂ ਡਰਦਾ ਹਾਂ, ਤਾਂ ਮੈਂ ਸਿਖ ਨਹੀਂ। ਮੈਂ ਖਿੜੇ ਮੱਥੇ ਸ਼ਹੀਦੀ ਨੂੰ ਉਡੀਕ ਰਿਹਾ ਹਾਂ।

? ਜੇ ਰੱਬ ਨਾ ਕਰੇ, ਤੁਹਾਡੇ ਨਾਲ ਕੋਈ ਭਾਣਾ ਵਰਤ ਜਾਏ ਤਾਂ ਤੁਹਾਡਾ ਜਾਨਸ਼ੀਨ ਕੌਣ ਹੋਵੇਗਾ?

ਇਹ ਗਲ ਕਰਨ ਦਾ ਅਜੇ ਵੇਲਾ ਨਹੀਂ ਆਇਆ।

? ਤਾਂ ਵੀ, ਤੁਸੀਂ ਕੋਈ ਨਾ ਕੋਈ ਜਣਾ ਸੋਚਿਆ ਤਾਂ ਹੋਵੇਗਾ ਜੋ ਤੁਹਾਡੇ ਬਾਦ ਤੁਹਾਡੇ ਕੰਮ ਜਾਰੀ ਰਖੇਗਾ?

ਇਹ ਸੋਚਣਾ ਮੇਰਾ ਕੰਮ ਨਹੀਂ। ਸਿਖ ਆਪਣੇ ਆਪ ਆਪਣਾ ਲੀਡਰ ਚੁਣ ਲੈਣਗੇ।

('ਲੰਡਨ ਔਬਜ਼ਰਵਰ' 'ਚੋਂ ਧੰਨਵਾਦ ਸਹਿਤ)

ਫੁੱਲ ਦੀ ਖੁਸ਼ਬੋਈ ਅਤੇ ਚੰਦਰਮਾ ਦੀ ਚਾਨਣੀ

□ ਸੰਤੋਖ ਸਿੰਘ ਧੀਰ

1.

ਇਹ ਫੁੱਲ ਸੀ
ਪ੍ਰੀਤ ਦਾ ਫੁੱਲ
ਕੱਲਰ ਵਿੱਚ
ਉਜਾੜ ਵਿੱਚ
ਮਹਿਕਾਂ ਵੰਡ ਰਿਹਾ ਸੀ
ਮਿਜ਼ਾਜ ਬਦਲ ਰਿਹਾ ਸੀ
ਜ਼ਹਿਰੀਲੀਆਂ ਹਵਾਵਾਂ ਦਾ।

ਚੰਨ ਸੀ
ਜੋ ਹੌਲੀ ਹੌਲੀ
ਪੂਰਨਮਾ ਬਣ ਰਿਹਾ ਸੀ
ਰਾਤ ਨਾਲ ਲੜ ਰਿਹਾ ਸੀ
ਤੁਸੀਂ ਸਹਿ ਨਹੀਂ ਸਕੇ
ਚੰਦਰਮਾ ਦੀ ਚਾਨਣੀ
ਫੁੱਲ ਦੀ ਖੁਸ਼ਬੋਈ ਨੂੰ
ਤੁਸੀਂ ਗੋਲੀਆਂ ਮਾਰੀਆਂ
ਤੁਸੀਂ ਲਹੂ ਵੀਟ ਦਿੱਤਾ
ਚੰਦਰਮਾ ਦੀ ਚਾਨਣੀ ਦਾ
ਫੁੱਲ ਦੀ ਖੁਸ਼ਬੋਈ ਦਾ।

ਇੱਕ ਗੱਲ ਯਾਦ ਰੱਖੋ
ਨਾਦਰਾਂ ਚੰਗੇਜ਼ਾਂ ਨੇ ਵੀ
ਇਹੀਓ ਕੰਮ ਕੀਤੇ ਸਨ
ਕਤਲ ਨਹੀਂ ਹੋਈ ਕਦੇ
ਫੁੱਲ ਦੀ ਖੁਸ਼ਬੋਈ
ਅਤੇ ਚੰਦਰਮਾ ਦੀ ਚਾਨਣੀ।

2.

ਚਿਖਾ ਠੰਢੀ ਨਹੀਂ ਹੋਈ
ਇਹ ਸ਼ਹੀਦ ਦੀ ਚਿਖਾ ਹੈ
ਇਹ ਉਦੋਂ ਤੱਕ ਬਲੇਗੀ
ਜਦੋਂ ਤੱਕ ਇਹ ਦੰਭ ਦੀ ਨਗਰੀ
ਭਸਮ ਨਹੀਂ ਹੋਵੇਗੀ
ਪਾਖੰਡ ਦੀ
ਉਸ਼ਟੰਡ ਦੀ।

3.

ਜ਼ਾਰ ਜ਼ਾਰ ਰੋਵੇ
ਸ਼ਹੀਦ ਮੇਵਾ ਸਿੰਘ ਦੀ ਰੂਹ
ਵਿਰਲਾਪ ਕਰੇ ਵਾਰ ਵਾਰ
ਧਨੀ ਰਾਮ ਚਾਤ੍ਰਿਕ,
ਚਾਤ੍ਰਿਕ ਨੇ ਇਸ ਪੰਜਾਬ ਦੇ
ਗੀਤ ਨਹੀਂ ਗਾਏ ਸਨ
ਇਹ ਭਵਿੱਖ ਮੇਵਾ ਸਿੰਘ ਦੇ
ਸੁਫਨਿਆਂ ਦਾ ਨਹੀਂ ਸੀ।

ਲੋਪੋਕੀ ਦੀ ਸਰ - ਜ਼ਮੀਨ!
ਤੇਰੇ ਹੰਝੂ ਕੌਣ ਪੂੰਝੇ?

ਪਿਛਲੇ ਦਿਨੀਂ ਦਿਲੀ ਵਿਚ ਕੁਝ ਮਜ਼ਦੂਰਾਂ ਦੇ ਘਰ ਅੱਗ ਨਾਲ ਸੜ ਕੇ ਸੁਆਹ ਹੋ ਗਏ। ਉਜੜੇ ਘਰ ਤੇ ਰੋਂਦੀ ਹੋਈ ਇਕ ਮਜ਼ਦੂਰ





ਤੀਸਰੀ ਅੱਖ

ਰਾਜ ਗਿਲ

ਪੰਜਾਬ ਵਿਚ ਜੋ ਵਾਪਰਿਆ ਹੈ ਉਹ ਬੜਾ ਹੀ ਦੁਖਦਾਇਕ ਹੈ। ਉਹਦੇ ਲਈ ਦੋਸ਼ੀ ਲਭਣੇ ਜਾਂ ਸਫਾਈ ਦੇਣੀ ਦੋਵੇਂ ਹੀ ਗਲਤ ਹੋਣਗੇ ਕਿਉਂਕਿ ਹਰ ਦੋਸ਼ੀ ਕੋਲ ਉਹਦੇ ਗੁਨਾਹ ਦੀ ਸਫਾਈ ਹੁੰਦੀ ਹੈ, ਤੇ ਹਰ ਆਦਮੀ ਜੋ ਕਿਸੇ ਦੀ ਜਾਨ ਲੈਂਦਾ ਹੈ ਦੋਸ਼ੀ ਹੁੰਦਾ ਹੈ। ਸੱਚ ਤੇ ਇਹ ਹੈ ਕਿ ਇਨਸਾਨ ਦੀ ਜਾਨ ਲੈਣਾ ਰੱਬ ਤੇ ਹੱਥ ਚੁਕਣਾ ਹੈ। ਪਰ ਆਦਮੀ ਨੇ ਇਹ ਗੱਲ ਕਦੇ ਵੀ ਯਾਦ ਨਹੀਂ ਰਖੀ। ਇਸ ਕਰਕੇ ਹੀ ਹਿੰਸਾ ਆਦਮੀ ਦੀ ਸਭਿਅਤਾ ਦਾ ਅਟੁੱਟ ਭਾਗ ਬਣ ਚੁਕੀ ਹੈ। ਭਾਵੇਂ ਆਦਮੀ ਸਾਰੀ ਸ੍ਰਿਸ਼ਟੀ ਵਿਚ ਸਭ ਤੋਂ ਉੱਤਮ ਜੀਵ ਗਿਣਿਆ ਜਾਂਦਾ ਹੈ।

ਕੀ ਅਸਾਂ ਕਦੀ ਸੋਚਿਆ ਹੈ ਕਿ ਬੰਦੂਕ ਤਲਵਾਰ ਨਾਲ ਹਿੰਸਾ ਨਾਲ ਕਦੇ ਕੋਈ ਮਸਲਾ ਹੱਲ ਨਹੀਂ ਹੋਇਆ, ਨਾ ਕੋਈ ਝਗੜਾ ਨਿਪਟਿਆ। ਇਹ ਗੱਲ ਉਨੀ ਹੀ ਇਕ ਸ਼ਹਿਰੀ ਤੇ ਲਾਗੂ ਹੁੰਦੀ ਹੈ ਜਿੰਨੀ ਕੁ ਇਕ ਹਾਕਮ ਤੇ। ਤਾਰੀਖ ਦੱਸਦੀ ਹੈ ਕਿ ਝਗੜੇ ਸਦਾ ਹੀ ਗਲਬਾਤ ਰਾਹੀਂ, ਪੰਚਾਇਤ ਰਾਹੀਂ ਮੁਕੇ ਨੇ ਡੌਲਿਆਂ ਦੇ ਜ਼ੋਰ ਤੇ ਨਹੀਂ।

ਪੰਜਾਬ ਵਿੱਚ ਜੋ ਹੋਇਆ ਹੈ ਉਹਦੇ ਲਈ ਕਿਸੇ ਇਕ ਧੜੇ ਨੂੰ ਦੋਸ਼ੀ ਨਹੀਂ ਮਿਥਿਆ ਜਾ ਸਕਦਾ। ਸੰਤ ਭਿੰਡਰਾ ਵਾਲਾ ਤੇ ਉਹਨਾਂ ਦੇ ਹਥਿਆਰ ਬੰਦ ਚੇਲੇ ਹਿੰਸਕ ਵਾਰਦਾਤਾਂ ਲਈ ਉਨੇ ਹੀ ਦੋਸ਼ੀ ਨੇ ਜਿੰਨੀ ਕੁ ਕਿ ਸਰਕਾਰ ਹੈ ਹਰੀਮੰਦਰ ਸਾਹਿਬ ਤੇ ਫੌਜੀ ਹਮਲਾ ਕਰਨ ਲਈ।

ਅਸੀਂ ਮੰਨਦੇ ਹਾਂ ਕਿ ਸਰਕਾਰ ਹਾਰ ਗਈ ਸੀ ਅਤਿ-ਵਾਦੀਆਂ ਨੂੰ ਕਾਬੂ ਕਰਨ ਵਿਚ। ਜਿਹੜੀ ਗਲ ਸਰਕਾਰ ਆਪ ਵੀ ਮੰਨਦੀ ਹੈ ਇਹ ਕਹਿ ਕੇ ਕਿ ਫੌਜੀ ਕਾਰਵਾਈ ਤੋਂ ਬਿਨਾਂ ਹੁਣ ਹੋਰ ਕੋਈ ਚਾਰਾ ਹੀ ਨਹੀਂ ਸੀ ਰਹਿ ਗਿਆ। ਪਰ ਕੀ ਸਰਕਾਰ ਨੇ ਇਹ ਸੋਚਿਆ ਹੈ ਕਿ ਗੱਲ ਏਸ ਸਿਖਰ ਤਕ ਲਿਆਉਣ ਦੀ ਪੂਰੀ ਜ਼ੁਮੇਵਾਰੀ ਉਹਦੀ ਹੈ। ਇਕ ਜਮਹੂਰੀ ਸ਼ਾਸ਼ਨ ਵਿਚ ਹਰ ਸ਼ਹਿਰੀ ਦਾ ਇਹ ਮੁਢਲਾ ਹੱਕ ਹੈ ਕਿ ਉਹ ਕੋਈ ਵੀ ਮੰਗ ਕਰ ਸਕਦਾ ਹੈ ਤੇ ਹਰ ਜਮਹੂਰੀ ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਸ ਮੰਗ ਤੇ ਸੋਚ ਵਿਚਾਰ ਕਰਕੇ ਉਸ ਮੰਗ ਨੂੰ ਮੰਨੇ ਜਾਂ ਰਦ ਕਰੇ, ਕਾਰਨ ਦੇ ਕੇ। ਕੀ ਸਰਕਾਰ ਨੇ ਆਪਣਾ ਇਹ ਫਰਜ ਪੰਜਾਬ ਪ੍ਰਤੀ ਨਿਭਾਇਆ ਹੈ?

ਚਲੋ ਛਡੋ ਪਿਛਲੀ ਗੱਲ ਨੂੰ ਸੁਆਲ ਇਹ ਉਠਦਾ ਹੈ ਕਿ ਕੀ ਸਰਕਾਰ ਹੁਣ ਕੋਈ ਮਹਤਵ-ਪੂਰਨ ਨਿਰਣਾ ਲਏਗੀ ਕਿ ਨਹੀਂ। ਕੀ ਸਰਕਾਰ ਆਪਣੀ ਕਾਰਵਾਈ ਦੀ ਜਿਤ ਨੂੰ ਮਾਣ ਕੇ ਹੰਕਾਰ ਨਾਲ ਫੁਲੇਗੀ ਜਿਦਾਂ ਕਿ ਉਹ ਦੂਸਰੇ ਦੇਸ਼ ਦੀ ਹੋਏ ਤੇ ਪੰਜਾਬ ਦੇਸ਼ ਫਤਹਿ ਕੀਤਾ ਹੋਵੇ?. ਜਾਂ ਸਰਕਾਰ ਪ੍ਰਧਾਨ ਮੰਤਰੀ ਦੇ ਕਹੇ ਕਥਨ ਨੂੰ ਕਿ 'ਰਿਸਦੇ ਜ਼ਖਮਾਂ ਤੇ ਮਰਹਮ ਲਾਉ' ਨੂੰ ਪੂਰਾ ਕਰੇਗੀ?

ਪੰਜਾਬ ਦੇ ਦੋ ਸਾਲ ਦੇ ਲਮਕਦੇ ਮਸਲੇ ਵਿਚ ਕੁਝ ਗੱਲਾਂ ਬੜੀਆਂ ਪਰਤਖ ਨੇ। ਅਕਾਲੀ ਅਤਿਵਾਦੀਆਂ ਦਾ ਗੁਰਦੁਆਰੇ ਨੂੰ ਕਿੱਲਾ ਬਣਾਉਨਾ ਪਹਿਲੀ ਭੁੱਲ ਸੀ। ਬੇਦੋਸ਼ਿਆਂ, ਜਿਹਨਾਂ ਦਾ ਸਿਆਸਤ ਨਾਲ ਕੋਈ ਸਰੋਕਾਰ ਨਹੀਂ ਸੀ, ਨੂੰ ਮੌਤ ਦੇ ਘਾਟ ਉਤਾਰਨਾ ਦੂਜੀ ਭੁਲ ਸੀ। ਬੰਦਰ ਦੀ ਬਲਾਅ ਤਵੇਲੇ ਦੇ ਸਿਰ ਵਾਲੀ ਗਲ ਸੀ।

ਇਹਦੇ ਵਿਰੁਧ ਸਰਕਾਰ ਦਾ ਇਹ ਕਹਿ ਕੇ ਕਿ ਫੌਜ ਹਰੀਮੰਦਰ ਵਿੱਚ ਨਹੀਂ ਵੜੇਗੀ, ਇਹ ਕਾਰਵਾਈ ਕਰਨਾ ਭੁੱਲ ਸੀ। ਇਹਦੇ ਨਾਲ ਸਰਕਾਰ ਦੇ ਬੋਲ ਦੀ ਕੀਮਤ ਘੱਟੀ ਹੈ. ਵੱਧੀ ਨਹੀਂ। ਦੂਜੇ ਫੌਜ ਨੂੰ ਦੇਸ਼ ਦੀ ਜਨਤਾ ਵਿਰੁਧ ਵਰਤਨਾ ਇਕ ਬੜੀ ਵਡੀ ਭੁੱਲ ਹੈ ਜਿਸ ਲਈ ਸਾਡੀ ਸਰਕਾਰ ਦੋਸ਼ੀ ਹੈ। ਫੌਜ ਦੇਸ਼ ਦੀ ਸੀਮਾਂ ਦੀ ਰਖਿਆ ਲਈ ਹੁੰਦੀ ਹੈ ਸ਼ਹਿਰੀਆਂ ਦੇ ਵਿਰੁਧ ਵਰਤੇ ਜਾਣ ਲਈ ਨਹੀਂ। ਫੇਰ ਇਸ ਕਾਰਵਾਈ ਦਾ ਸਾਡੀ ਪੁਲਸ ਤੇ ਦੂਜੀਆਂ ਅਸੈਨਿਕ ਸੈਨਾਵਾਂ ਤੇ ਭੀ ਅਸਰ ਹੋਏਗਾ। ਉਹਨਾਂ ਦਾ ਮਨ ਡੋਲੇਗਾ। ਗੁੱਸੇ ਤੇ ਸ਼ਰਮ ਨਾਲ ਉਹਨਾਂ ਨੂੰ ਨਕਾਰੇ, ਨਿਕੰਮੇ ਗਿਣਿਆ ਗਿਆ ਹੈ।

ਇਹ ਸਭ ਗੱਲਾਂ ਤੇ ਹੁਣ ਬਹਿਸ ਯੋਗ ਰਹਿ ਗਈਆਂ ਨੇ। ਵੇਖਣ ਵਾਲੀ ਗੱਲ ਹੈ ਕਿ ਅਗੇ ਕੀ ਹੁੰਦਾ ਹੈ। ਜੇ ਸਰਕਾਰ ਅਕਾਲੀਆਂ ਦੀਆਂ ਮੰਗਾ ਮਨ ਵੀ ਲਏ ਤੇ ਕੀ ਪੰਜਾਬ ਦੀ ਮਸਲਾ ਹੱਲ ਹੋ ਜਾਏਗਾ? ਉੱਕਾ ਹੀ ਨਹੀਂ ਕਿਉਂਕਿ ਸਰਕਾਰ ਤੇ ਸਰਕਾਰ ਦੇ ਵਿਚਾਰਵਾਨ ਪੰਜਾਬ ਦੇ ਮਸਲੇ ਦੀ ਮੁਢਲੀ ਗੱਲ ਨੂੰ ਹੀ ਨਹੀਂ ਸਮਝਦੇ। ਪੰਜਾਬ ਦਾ ਮਸਲਾ ਹੈ ਪੰਜਾਬ ਦੀ ਗਤੀਸ਼ੀਲਤਾ।

ਪੰਜਾਬ ਦੂਜਿਆਂ ਸੂਬਿਆਂ ਦੇ ਟਾਕਰੇ ਵਿਚ ਜਿਆਦਾ ਗਤੀਸ਼ੀਲ ਹੈ ਇਹਦੇ ਵਿੱਚ ਕੋਈ ਸ਼ੱਕ ਨਹੀਂ। ਪੰਜਾਬ ਨੂੰ ਥਾਂ ਚਾਹੀਦੀ ਹੈ ਆਪਣੀਆਂ ਗਤੀਵਿਧੀਆਂ ਨੂੰ ਫੈਲਾਉਣ ਲਈ ਵਿਸਥਾਰ ਦੇਣ ਲਈ ਪੰਜਾਬ ਜਿਹੜਾ ਪਹਿਲੇ ਪੰਜਾਹ ਸੌ ਵਰ੍ਹਿਆਂ ਵਿਚ ਬਦਲਦਾ ਸੀ ਅੱਜ ਕਲ ਹਰ ਦਹਾਕੇ ਵਿਚ ਬਦਲ ਜਾਂਦਾ ਹੈ, ਤੇ ਇਹ ਪਰਿਵਰਤਨ ਸ਼ਾਇਦ ਆਉਣ ਵਾਲੇ ਸਮੇਂ ਵਿਚ ਇਕ ਦਹਾਕੇ ਤੋਂ ਵੀ ਘੱਟ ਹੋ ਜਾਏ।

ਜਰਾ ਸੋਚੋ ਕਿ ੧੯੩੭ ਦਾ ਪੰਜਾਬ ਉਹ ਨਹੀਂ ਸੀ ਜਿਹੜਾ ੧੯੪੭ ਵਿਚ ਸੀ। ਤੇ ੧੯੪੭ ਦਾ ਉਹ ਨਹੀਂ ਸੀ ਜੋ ੧੯੫੭ ਵਿੱਚ ਬਣਿਆ। ੧੯੬੭ ਤੇ ੧੯੭੭ ਪੰਜਾਬ ਦੇ ਮੀਲ ਪੱਥਰ ਨੇ। ੧੯੮੭ ਦੇ ਪੰਜਾਬ ਦੀ ਗਤੀਸ਼ੀਲਤਾ ਕੀ ਹੋਏਗੀ ਕਹੀ ਨਹੀਂ ਜਾ ਸਕਦੀ। ਪੰਜਾਬ ਦੀ ਗੱਲ ਉਸ ਸਰਪਟ ਭਜਣ ਵਾਲੇ ਘੋੜੇ ਦੀ ਹੈ ਜਿਹਦਾ ਮਾਲਿਕ ਸਿਰਫ ਦੁਲਕੀ ਚਲਣਾ ਚਾਹੁੰਦਾ ਹੈ। ਕੀ ਉਹ ਉਸ ਘੋੜੇ ਦੀਆਂ ਲਤਾਂ ਤੋੜ ਦਏਗਾ ਕਿ ਉਹ ਸਰਪਟ ਨਾ ਭਜੇ?

ਪੰਜਾਬ ਨੂੰ ਕੰਮ ਦਿਓ। ਮੁਹਿੰਮ ਦਿਓ। ਜੋ ਹੋਰ ਕਿਸੇ ਤੋਂ ਨਹੀਂ ਹੁੰਦਾ ਉਹ ਕਰਨ ਨੂੰ ਕਹੋ। ਪੰਜਾਬ ਨੂੰ ਕੀਲੋ ਨਹੀਂ। ਸੀਮਤ ਨਹੀਂ ਕਰੋ। ਘੁਟੋ ਨਹੀਂ ਫੈਲਣ ਦਿਓ। ਨਵੇਂ ਮਰਹਲੇ ਫਤਹਿ ਕਰਨ ਦਿਓ। ਪੰਜਾਬ ਦੀ ਘੁਟੀ ਵਿੱਚ ਮਚਲਨਾ ਹੈ। ਅਗੇ ਵਧਣਾ ਹੈ। ਇਹਨੂੰ ਰੋਕੋ ਨਾ। ਇਹ ਤੇ ਹਿੰਦੋਸਤਾਨ ਦੀ ਕਲਗੀ ਹੈ। ਇਹਨੂੰ ਬਣਾ ਸੁਆਰ ਕੇ, ਮਾਣ ਨਾਲ ਆਪਣੀ ਪੱਗ ਵਿੱਚ ਟੁੰਗੋ। ਪੰਜਾਬ ਪੰਜਾਬ ਹੈ ਪੰਜਾਬ ਰਹੇਗਾ ਤੇ ਲਾਸਾਨੀ ਪਰਿੰਦੇ ਕੁਕਨੂਸ ਵਾਂਗ ਸਦਾ ਹੀ ਆਪਣੀ ਤਬਾਹੀ ਤੇ ਬਰਬਾਦੀ ਵਿਚੋਂ ਹੋਰ ਵੀ ਨਰੋਇਆ ਤੇ ਤਗੜਾ ਉਠੇਗਾ।

... ...

ਸਫ਼ਾ 15 ਦੀ ਬਾਕੀ


ਕਰਨੀ। ਅਤੇਗ ਝੜੰਗ ਹੋਣਾ - ਸੇਣਾ। ਵਿੱਦੁਭਾਗ-ਕਾਲੇ ਵਾਲ। ਸੁਆਇਆ - ਬੇੜਾ। ਸੁਆਇਆ - ਗਵਾ - ਕਿੰਰਿਤ ਪ੍ਰਸ਼ਾਦਿ। ਸੁੱਖਾ - ਭੰਗ। ਸੁਖਦੇਈ-ਤਲਾਈ, ਨਿਹਾਲੀ। ਸਿੰਘ - ਅੰਮ੍ਰਿਤ ਪਾਨ ਕੀਤਾ ਸਿੰਘ। ਸਿੰਘਣੀ - ਸਿੰਘ ਦੀ ਅਰਧੰਗੀ। ਸੁਚੇਤਾ ਤਾੜਨਾ - ਹੱਥ ਮੂੰਹ ਧੋਣਾ। ਸੁਚੇਤਾ - ਦੁਰਗੰਧ। ਸੁਚਾਲਾ ਸਿੰਘ - ਲੰਗੜਾ। ਸੁਜਾਖਾ - ਛਾਨਣਾ। ਸੁਜਾਖੀ - ਛਾਨਣੀ।

ਸਚਖੰਡ - ਨਰੰਕਾਰ ਦਾ ਨਿਵਾਸ ਅਸਥਾਨ। ਸਚਖੰਡ ਵਾਸਾ - ਮਰਨਾ। ਸਜਣਾ - ਬੈਠਣਾ, ਤਿਆਰ ਹੋਣਾ। ਸਜ ਜਾ ਜਾਉ - ਬੈਠ ਜਾਉ। ਸਫਾਜੰਗ - ਕੁਹਾੜੀ, ਟਕੂਆ। ਸੁਰੰਗ ਦੁਆਰੀਆ - ਨਕਵੰਦਾ। ਸੇਖੂ-ਬੇਰ। ਸਿਰ ਗੁੰਮ - ਰੋੜਾ। ਹਰਨੀਆਂ - ਮੱਖੀਆਂ। ਕੁਈ-ਦਾਤਰੀ। ਕੇਸ ਹਰ ਕਰਨੇ - ਕੇਸ ਸੁਕਾਉਣੇ। ਕਲਘਾ ਸਿੰਘ - ਗੰਜਾ। ਗੁੱਦੜ - ਮਲਾਈ। ਗੰਭਿੰਦੀਆਂ-ਗਾਜਰਾ। ਗਪਾਲ ਲਡੂ - ਅੰਡੇ। ਚੁਗਲ - ਪੋਸਤ ਦੇ ਡੋਡੇ। ਚੋਬਚੀਨੀ - ਮਿਰਚਾਂ। ਚੜ੍ਹਨਾ - ਹੌਲਾ ਕਰਨਾ। ਜਗਨ ਨਾਥੀ - ਮਿੱਟੀ ਦੀ ਹਾਂਡੀ, ਤੌੜੀ। ਜਲਫ਼ਗੀ - ਮੱਛੀ। ਜਲੇਬੀ - ਜੰਡ ਦੀਆਂ ਫਲੀਆਂ। ਟਹਿਲਾ - ਪਰਨਾ। ਤੋੜਾ ਝਾੜਨਾ - ਪੇਸ਼ਾਬ ਕਰਨਾ। ਤਿਮਤ-ਲੰਗੀ - ਲੰਗੜਾ ਸਿੰਘ। ਧਰਮਰਾਜ ਦੀ ਧੀ - ਨੀਂਦ। ਧਰਮ ਰਾਜ ਦਾ ਪੁਤਰ - ਬੁਖਾਰ। ਧੂੜ ਕੋਟ - ਲਹਿੰਗਾ, ਘਗਰਾ। ਪੰਜ ਕੇਸੀ - ਜਟਾ ਜੂਟ। ਪੰਜਵਾਂ - ਘਿਓ। ਪੰਜ ਲਖ ਫੌਜਾਂ - ਪੰਜ ਸਿੰਘ। ਫੌਜਾਂ - ਇਕ ਸਿੰਘ। ਬੰਤਿਤ੍ਰ ਸਿਧੀਆ - ਲੁਬਾਣਾ ਸਿੰਘ। ਬਟੇਰਾ - ਲੂਲਾ। ਬਭਰੂ - ਖੰਬੀਏ ਪ੍ਰਸ਼ਾਦੇ, ਡਬਲ ਰੋਟੀ। ਭੰਭੂਰ - ਸਲਗਮ। ਭੂਤਨੀ - ਰੇਲ। ਮਸਤ ਲੰਗਰ - ਭੁੱਖੇ। ਲਖ ਬਾਹਾਂ - ਲੂੰਜਾ। ਰੂਪ ਕੌਰ - ਕਣਕ। ਬਸੰਤ ਕੌਰ - ਮੱਕੀ। ਦਿਆਲ ਕੌਰ - ਕੜਛੀ। ਮਿਠੇ ਪ੍ਰਸ਼ਾਦੇ - ਬਾਸੀ ਰੋਟੀ।

ਉਪਰੋਕਤ ਕੁਝ ਕੁ ਨਿਹੰਗ ਸਿੰਘਾਂ ਦੇ ਬੋਲਿਆਂ ਦੇ ਉਦਾਹਰਣ ਹਨ। ਕਿਸੇ ਵਿਦਵਾਨ ਖੋਜੀ ਨੂੰ ਇਸ ਪਾਸੇ ਨਿਤਰਨਾ ਚਾਹੀਦਾ ਹੈ ਤਾਂ ਕਿ ਇਹ ਅਲੋਪ ਹੋ ਰਹੇ ਬੋਲ ਮੁੜ ਸੰਭਾਲੇ ਜਾ ਸਕਣ ਅਤੇ ਨਿਹੰਗ ਸਿੰਘਾਂ ਦਾ ਇਤਿਹਾਸ ਸਾਂਭਿਆ ਜਾ ਸਕੇ।

○ ਟੂਲੀਫੋਨ-ਡਾਇਰੈਕਟਰੀ
ਸਾਫ਼-ਸੁਥਰਾ ਸਾਹਿੱਤ।

ਸੇਵਕ ਕੋ ਸੇਵਾ ਬਨਿ ਆਈ



ਸ: ਬੁਧ ਸਿੰਘ ਢਾਹਾਂ

ਸ: ਬੁਧ ਸਿੰਘ ਢਾਹਾਂ ਪੂਰਬ ਤੇ ਪੱਛਮ ਦੀਆਂ ਸਭਿਅ-ਤਾਵਾਂ ਦਾ ਇਕ ਸੁਮੇਲ ਹਨ। ਆਪ ਅਕਾਲੀ ਲਹਿਰ ਦੀ ਉਪਜ ਹਨ। ਕਈ ਸਾਲ ਗੋਰਿਆਂ ਦੇ ਦੇਸ਼ ਕਨੇਡਾ ਵਿਚ ਪਰਿਵਾਰ ਸਮੇਤ ਰਹੇ ਹਨ। ਪਗ ਦਾ ਰੰਗ ਹਾਲੀ ਤਕ ਵੀ ਨੀਲਾ ਹੈ। ਭਾਵੇਂ ਪਜਾਮੇ ਦੀ ਥਾਂ ਪੈਂਟ ਪਾਉਂਦੇ ਹਨ। ਰੰਗ-ਰੂਪ ਤੇ ਨੈਣ-ਨਕਸ਼ ਪੰਜਾਬੀ ਹਨ ਪਰ ਬੋਲ ਚਾਲ ਤੇ ਉਕਤੀ-ਜੁਕਤੀ ਤੇ ਖਾਣ-ਪੀਣ ਦੀਆਂ ਆਦਤਾਂ ਪੱਛਮੀ ਹਨ। ਕੰਮ ਕਰਨ ਵਿਚ ਚੁਸਤੀ ਤੇ ਪਾਬੰਦੀ ਪੱਛਮ ਵਾਲੀ ਹੈ ਪਰ ਕੰਮ ਕਰਾ-ਉਣ ਵਿਚ ਮਨੁਖੀ ਮੋਹ ਨਿਰੋਲ ਪੂਰਬੀ।

ਸ: ਬੁਧ ਸਿੰਘ ਤੋਂ ਪਹਿਲਾਂ ਆਪ ਦਾ ਇਕ ਵਡਾ ਤੇ ਇਕ ਛੋਟਾ ਭਰਾ ਪਰਿਵਾਰ ਦੇ ਸਾਂਝੇ ਫੈਸਲੇ ਮੁਤਾਬਕ ਵਿਦੇਸ਼ ਗਿਆ। ਆਪ ਦੀ ਇਕ ਭੈਣ ਤੇ ਉਸ ਦਾ ਪਤੀ ਗਿਆਨੀ ਤਾਰਾ ਸਿੰਘ ਵੀ ਕਨੇਡਾ ਪਹੁੰਚ ਗਏ। ਭੈਣ ਨੇ ੧੯੬੦ ਵਿਚ ਬੁਧ ਸਿੰਘ ਨੂੰ ਵੀ ਉਥੇ ਬੁਲਾ ਲਿਆ। ਉਥੇ ਆਪ ਨੇ ੧੯੭੬ ਤਕ ਮਿਹਨਤ ਮਜ਼-ਦੂਰੀ ਕੀਤੀ। ਇਕ ਲੜਕਾ ਤੇ ਚਾਰ ਲੜਕੀਆਂ ਦਾ ਜਨਮ ਕਨੇਡਾ ਵਿਚ ਹੀ ਹੋਇਆ। ਅਜ ਉਹ ਸਾਰੇ ਕਨੇਡਾ ਨਿਵਾਸੀ ਬਣ ਚੁੱਕੇ ਹਨ। ੧੯੭੧ ਵਿਚ ਸ: ਬੁਧ ਸਿੰਘ ਵੈਨਕੋਵਰ ਵਿਚ ਪਕੀ ਤਰ੍ਹਾਂ ਅਬਾਦ (ਸੈਟਲ) ਹੋ ਗਏ ਤੇ "ਢਾਹਾਂ ਕਨਸਟ੍ਰਕਸ਼ਨ" ਨਾਂ ਦੀ ਆਪਣੀ ਕੰਪਨੀ ਬਣਾ ਕੇ ਖੂਬ ਕੰਮ ਕੀਤਾ ਤੇ ਇਮਾ-ਰਤ ਉਸਾਰੀ ਦਾ ਤਜ਼ਰਬਾ ਹਾਸਲ ਕੀਤਾ। ਪਰ ਕਮਾਈ ਦੇ ਨਾਲ ਨਾਲ ਆਪ ਸ਼ੁਰੂ ਤੋਂ ਹੀ--- "ਕਿਛੁ ਹਥਹੁ ਦੇਹ" ਅਨੁਸਾਰ ਚਲਦੇ ਆਏ ਹਨ। ਉਥੇ ਆਪ ਨੇ ਇਕ ਪੰਜਾਬੀ ਸਕੂਲ ਖੋਲ੍ਹਿਆ ਜਿਸ ਵਿਚ ਆਪ ਕਈ ਸਾਲ ਮੁਫਤ ਪੰਜਾਬੀ ਪੜ੍ਹਾਉਂਦੇ ਰਹੇ। ਅਜ ਅਜਿਹੇ ੪ ਸਕੂਲ ਵੈਨਕੋਵਰ ਵਿਚ ਚਲ ਰਹੇ ਹਨ। ਆਪ ਦੀ ਲੋਕ-ਸੇਵਾ ਦੀ ਲਗਨ ਵੇਖ ਕੇ ਆਪ ਨੂੰ ੧੯੭੫ ਵਿਚ 'ਖਾਲਸਾ ਦੀਵਾਨ ਸੁਸਾਇਟੀ' ਦਾ ਜਨਰਲ ਸਕੱਤਰ ਚੁਣਿਆ ਗਿਆ। ਆਪ ਨੇ ਉਥੋਂ ਇਕ ਅਖਬਾਰ "ਕੈਨੇਡੀਅਨ ਸਿਖ ਸਮਾਚਾਰ" ਜਾਰੀ ਕੀਤਾ ਜੋ ਹੁਣ ਤਕ ਚਲ ਰਿਹਾ ਹੈ।

ਸਾਲ ੧੯੭੭ ਦੀ ਗਲ ਹੈ ਕਿ ਸੇਵਾ ਦੇ ਮਹਾਨ ਪੁੰਜ ਸੰਤ ਬਾਬਾ ਸੇਵਾ ਸਿੰਘ ਜੀ ਗੁਰਧਾਮਾਂ ਦੀ ਉਸਾਰੀ ਪਿਛੋਂ ਵਾਪਸ ਆ ਰਹੇ ਸਨ ਕਿ ਸਵਰਗੀ ਮਾਸਟਰ ਅਜੀਤ ਸਿੰਘ ਅੰਬਾਲਵੀ ਨੇ ਸਹਿਜ ਸੁਭਾ ਹੀ ਸੰਤਾਂ ਨੂੰ ਕਿਹਾ, "ਆਪ ਨੇ ਗੁਰਦੁਆਰੇ ਇੰਨੇ ਬਣਵਾਏ ਹਨ ਕੋਈ ਹਸਪਤਾਲ ਵੀ ਬਣਵਾ ਦਿਉ।" ਸੰਤ ਕੁਝ ਚਿਰ ਚੁਪ ਰਹੇ ਪਰ ਜਦ ਸ: ਬੁਧ ਸਿੰਘ ਨੇ ਹਸਪਤਾਲ ਲਈ ਦੁਬਾਰਾ ਬੇਨਤੀ ਕੀਤੀ ਤਾਂ ਉਹਨਾਂ ਫੁਰਮਾਇਆ "ਫਿਰ ਤੂੰ ਇਹ ਆਪ ਹੀ ਕਿਉਂ ਨਹੀਂ ਕਰਦਾ?" ਕੁਝ ਚਿਰ ਪਿਛੋਂ ਆਪ ਨੇ ਸਾਰੇ ਪਰਿਵਾਰ ਦੀ ਇਕ ਤਰ੍ਹਾਂ ਨਾਲ ਇਕ ਇਕੱਤਰਤਾ ਸੱਦੀ ਤੇ ਉਸ ਵਿਚ ਕਿਹਾ, "ਮੈਂ ਤੁਹਾਡੇ ਸਾਰਿਆਂ ਦੀ ਦੇਖ ਭਾਲ ਦਾ ਜੋ ਜੀਵਨ ੧੯੬੦ ਤੋਂ ਅਰੰਭਿਆ ਹੋਇਆ ਹੈ ਉਹ ਜਾਰੀ ਰੱਖਾਂ ਜਾਂ ਦੇਸ਼ ਜਾ ਕੇ ਇਕ ਵੱਡੇ ਪਰਿਵਾਰ ਦੀ ਦੇਖ ਭਾਲ ਕਰਾਂ। ਮੇਰੀ ਰੀਝ ਢਾਹਾਂ ਵਿਖੇ ਇਕ ਵਡਾ ਹਸਪਤਾਲ ਤੇ ਮੈਡੀਕਲ ਕਾਲਜ ਬਣਾਉਣ ਦੀ ਹੈ।" ਇਸ ਉਤੇ ਆਪ ਦੀ ਸੁਪਤਨੀ ਸਰਦਾਰਨੀ ਕਸ਼ਮੀਰ ਕੌਰ ਨੇ ਕਿਹਾ "ਆਪ ਦੇਸ਼ ਜਾਉ, ਲੋਕ ਸੇਵਾ ਤੁਹਾਨੂੰ ਬੁਲਾ ਰਹੀ ਹੈ ਉਸ ਵਿਚ ਜੁਟ ਜਾਉ।"

ਸ: ਬੁਧ ਸਿੰਘ ਆਪਣੀ ਲਗਨ ਤੇ ਮਿਹਨਤ ਨਾਲ "ਸੇਵਕ ਕੋ ਸੇਵਾ ਬਨਿ ਆਈ, ਹੁਕਮਿ ਬੂਝ ਪਰਮਗਤ ਪਾਈ" ਦੇ ਮਹਾਵਾਕ ਉਤੇ ਪੂਰਾ ਉਤਰਨ ਦਾ ਸਿਰ ਤੋੜ ਯਤਨ ਕਰ ਰਹੇ ਹਨ।

—ਈਸ਼ਰ ਸਿੰਘ ਅਟਾਰੀ

ਲੰਕਾ ਵਿਚ 19 ਤਾਮਿਲ ਹਲਾਕ
ਤਾਮਿਲਾਂ ਨੂੰ ਬੰਬਾਂ ਨਾਲ ਉਡਾ ਦਿੱਤਾ ਗਿਆ

ਕੋਲੰਬੋ - ਜਫਨਾ ਪੁਲਸ ਸਟੇਸ਼ਨ ਤੇ ਬੰਬ ਸੁੱਟ ਕੇ 19 ਤਾਮਿਲ ਕੈਦੀਆਂ ਨੂੰ ਹਲਾਕ ਕਰ ਦਿੱਤੇ ਜਾਣ ਦੀ ਖਬਰ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਪੁਲਿਸ ਸਟੇਸ਼ਨ ਵਿੱਚੋਂ ਪੁਲਿਸ ਆਪ ਬਾਹਰ ਨਿਕਲ ਗਈ ਅਤੇ ਪੁਲਿਸ ਸਟੇਸ਼ਨ ਨੂੰ ਬੰਬ ਨਾਲ ਉਡਾ ਦਿੱਤਾ ਗਿਆ ਜਿਸ ਵਿੱਚ 19 ਤਾਮਿਲ ਕੈਦੀ ਮਾਰ ਦਿੱਤੇ ਗਏ। ਸਰਕਾਰੀ ਦਾਅਵੇ ਅਨੁਸਾਰ 11 ਤਾਮਿਲਾਂ ਨੇ ਆਪਣੇ ਆਪ ਬੰਬ ਚਲਾਇਆ। ਉਨ੍ਹਾਂ ਕਿਹਾ ਕਿ ਸੁਰੱਖਿਆ ਕਾਰਨ ਥਾਣਾ ਖਾਲੀ ਕੀਤਾ ਗਿਆ। ਗੈਰ ਸਰਕਾਰੀ ਸੂਤਰਾਂ ਅਨੁਸਾਰ ਮਦਰਾਸ ਵਿੱਚ ਹਵਾਈ ਅੱਡੇ ਤੇ ਜੋ ਬੰਬ ਫਟੇ ਸਨ ਉਹ 'ਤਾਮਿਲ ਅਤਿਵਾਦੀਆਂ' ਵੱਲੋਂ ਭੇਜੇ ਗਏ ਸਨ।

ਸਰਕਾਰੀ ਸੂਤਰਾਂ ਨੇ 4 ਅਗਸਤ ਤੋਂ ਪਿੱਛੋਂ ਮਰਨ ਵਾਲੇ ਲੋਕਾਂ ਦੀ ਗਿਣਤੀ 70 ਦੱਸੀ ਹੈ ਜਦ ਕਿ ਗੈਰ ਸਰਕਾਰੀ ਸੂਤਰਾਂ ਨੇ ਕਿਹਾ ਹੈ ਕਿ 100 ਵਿਅਕਤੀ ਲੰਕਾਂ ਦੀ ਸਰਕਾਰ ਵੱਲੋਂ ਕਤਲ ਕਰ ਦਿੱਤੇ ਗਏ ਹਨ। ਲੰਕਾ ਦੀ ਸਰਕਾਰ ਨੇ 'ਤਾਮਿਲ ਅਤਿਵਾਦੀਆਂ' ਨੂੰ ਇੱਕ ਪਿੰਡ ਵਿੱਚੋਂ ਬਾਹਰ ਕੱਢਣ ਲਈ 100 ਘਰ ਜਲਾ ਦਿੱਤੇ। ਲੋਕ ਭੱਜ ਕੇ ਜੰਗਲਾਂ ਵਿੱਚ ਜਾ ਵੜੇ।

ਯਾਦ ਰਹੇ ਕਿ ਤਾਮਿਲ ਲੋਕ ਲੰਕਾ ਵਿੱਚ ਘੱਟ ਗਿਣਤੀ ਵਿੱਚ ਹਨ ਅਤੇ ਉਹਨਾਂ ਦੀ ਗਿਣਤੀ ਸਿਨਹਾਲੀ ਲੋਕਾਂ ਦੇ ਮੁਕਾਬਲੇ 17 ਪ੍ਰਤੀਸ਼ਤ ਹੈ। ਅਸਲ ਵਿੱਚ ਇਹ ਲੜਾਈ ਬੋਧੀ ਅਤੇ ਹਿੰਦੂ ਫਿਰਕਿਆਂ ਵਿਚਕਾਰ ਹੈ। ਅਜੋਕਾ ਝਗੜਾ 1983 ਦਾ ਹੀ ਦੁਹਰਾ ਹੈ ਜਦੋਂ ਲੰਕਾ ਸਰਕਾਰ ਵੱਲੋਂ 400 ਤਾਮਿਲ ਮਾਰ ਦਿੱਤੇ ਗਏ ਸਨ।

ਡਾ: ਹਰਿਭਜਨ ਸਿੰਘ

੧.

ਚਲ ਬੁਲ੍ਹਿਆ ਚਲ
ਗਲ- ਕਟਿਅਨ ਸੰਗ ਰਹੀਏ
ਕਿਸੇ ਦੀ ਕਰਨੀ ਅਸਾਂ ਹੀ ਭਰਨੀ
ਅਨਹੋਣੀ ਵੀ ਸਹੀਏ

ਇਕਨਾ ਹਰਿ ਕੇ ਬੰਦੇ ਕੋਹੇ
ਇਕਨਾ ਹਰਿ ਕੇ ਮੰਦਰ
ਦੋਹਾਂ ਦੇ ਵਿਚ ਕੋਈ ਨਾ ਐਸਾ
ਜਿਸ ਨੂੰ ਆਪਣਾ ਕਹੀਏ

ਸੀਸ ਕਟਣ ਤੋਂ ਡਰਦੇ ਬੁਲ੍ਹਿਆ
ਜੀਭ ਕਟਾਕੇ ਜੀਵੇ
ਆਪਣੇ ਸਿਰ ਤੋਂ ਜੀਭ ਤੀਕ ਦੇ
ਕਦੇ ਤਾਂ ਰਸਤੇ ਪਈਏ
ਭੀੜਾਂ ਦੀ ਖਾਮੋਸ਼ੀ ਵੇਖੀ
ਤੇ ਭੀੜਾਂ ਦਾ ਰੌਲਾ
ਨਿਰੋ ਮਨੁਖ ਦੇ ਬੋਲ ਸੁਣਨ ਲਈ
ਕਿਸ ਗੋਸ਼ੇ ਜਾ ਬਹੀਏ

ਨਾ ਬੁਲ੍ਹਿਆ ਅਸੀਂ ਭਿੰਡਰਾਂ ਵਾਲੇ
ਨਾ ਅਸੀਂ ਇੰਦਰਾ ਵਾਲੇ
ਦੋ ਤੇਗਾਂ 'ਚੋਂ ਆਪਣੇ ਸਿਰ ਲਈ
ਕਿਹੜੀ ਤੇਗ਼ ਚੁਣ ਲਈਏ

ਗੁਰੂ ਦੀਆਂ ਲਾਡਲੀਆਂ ਫੌਜਾਂ

ਨਿਹੰਗ ਸਿੰਘ: ਅਕਾਲੀ ਸਿੰਘ

☐ ਦਵਿੰਦਰ ਸਿੰਘ ਗਿਲ

ਨਿਹੰਗ ਸਿੰਘ ਅਥਵਾ ਨਿਹੰਗ ਸੰਪ੍ਰਦਾਇ ਦਾ ਖਿਆਲ ਮਨ ਵਿਚ ਆਉਣ ਨਾਲ ਨੀਲ ਧਾਰੀ ਬਸਤਰ, ਫਰਹਰੇ ਸਜਾਈ, ਬੁਲੰਦ ਹੌਸਲੇ ਵਾਲੇ ਅਕਾਲੀ ਸਿੰਘਾਂ ਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ ਜਿਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਬਿਖੜੇ ਸਮੇਂ ਸਿਖੀ ਸਪਿਰਟ ਨੂੰ ਕਾਇਮ ਰਖਿਆ ਅਤੇ ਮਰੀਅਲ ਟੱਟੂਆਂ ਦੀ ਸਵਾਰੀ ਕਰ ਕੇ ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਜਿਹੇ ਧਾੜਵੀਆਂ ਨੂੰ ਲੁਟਿਆ ਸੀ। ਉਹਨਾਂ ਦੀ ਬਹਾਦਰੀ ਅਤੇ ਹੌਸਲੇ ਨੂੰ ਦੇਖ ਕੇ ਨਾਦਰ ਸ਼ਾਹ ਜਿਹਾ ਜਰਵਾਣਾ ਵੀ ਗਜ਼ਬਨਾਕ ਹੋਇਆ ਸੀ ਅਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੂੰ ਪੁੱਛੇ ਬਗੈਰ ਨਹੀਂ ਸੀ ਰਹਿ ਸਕਿਆ ਕਿ ਇਹ ਲੋਕ ਕੌਣ ਹਨ ਜੋ ਉਸ ਤੋਂ ਖ਼ੌਫ਼ ਨਹੀਂ ਖਾਂਦੇ, ਉਹਨਾਂ ਦੇ ਘਰ ਘਾਟ ਕਿਥੇ ਹਨ ਤਾਂ ਕਿ ਉਹਨਾਂ ਦਾ ਖਾਤਮਾ ਕੀਤਾ ਜਾ ਸਕੇ। ਜ਼ਕਰੀਆ ਖਾਨ ਦਾ ਉਤਰ ਸੀ : ਜਹਾਂਪਨਾਹ ! ਇਹਨਾਂ ਦੇ ਘਰ ਘਾਟ ਘੋੜਿਆਂ ਦੀ ਕਾਠੀਆਂ ਹੀ ਹਨ, ਜਿਹਨਾਂ ਤੇ ਉਹ ਆਰਾਮ ਕਰਦੇ ਅਤੇ ਦੁਖ ਸੁਖ ਤੋਂ ਨਿਰਲੇਪ ਰਹਿੰਦੇ ਹਨ। ਨਾਦਰ ਸ਼ਾਹ ਨੇ ਮੋੜਵਾਂ ਹੁਕਮ ਦਿੱਤਾ ਸੀ : ਉਹਨਾਂ ਨਾਲ ਰਾਜਨੀਤੀ ਨਾਲ ਪੇਸ਼ ਆਓ, ਕਿਸੇ ਦਿਨ ਉਹ ਜਰੂਰ ਤੁਹਾਡਾ ਰਾਜ ਖੋਹ ਲੈਣਗੇ।

ਨਿਹੰਗ ਸਿੰਘ ਕਈ ਕਈ ਦਿਨ ਘੋੜੇ ਦੀ ਪਿਠ ਤੇ ਬੈਠ ਕੇ ਕਈ ਕੋਹ ਦਾ ਸਫ਼ਰ ਤਹਿ ਕਰ ਲੈਂਦਾ। ਉਹ ਕਈ ਕਈ ਦਿਨ ਫਾਕੇ ਕਟ ਕੇ ਜਾਂ ਫਿਰ ਘਾਹ ਪੱਤਿਆਂ ਤੇ ਗੁਜ਼ਾਰਾ ਕਰ ਕੇ ਆਖਦਾ ਕਿ ਅਜ "ਸਬਜ ਪਲਾ" ਖਾਧਾ ਹੈ ਅਤੇ ਗੁਰਦੋਖੀਆਂ ਨੂੰ ਹੈਰਾਨ ਕਰ ਦੇਂਦਾ। ਦਸਮ ਪਾਤਸ਼ਾਹ ਜੀ ਤੋਂ ਬਾਅਦ ਵੀ ਜੇ ਇਹ ਸੰਪਰਦਾ ਹੋਂਦ ਵਿਚ ਨਾ ਹੁੰਦੀ ਤਾਂ ਹੋ ਸਕਦਾ ਸੀ ਕਿ ਸਿਖ ਕੌਮ ਖਤਮ ਹੋ ਚੁਕੀ ਹੁੰਦੀ।

ਜਨਮ ਅਤੇ ਵਿਕਾਸ :

ਨਿਹੰਗ ਸੰਪ੍ਰਦਾਇ ਅਥਵਾ ਨਿਹੰਗਾਂ ਦੇ ਆਗਮਨ ਬਾਰੇ ਇਤਿਹਾਸਕਾਰਾਂ ਵਿਚ ਕਾਫ਼ੀ ਮਤਭੇਦ ਹੈ। "ਨਿਹੰਗ" ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਭਾਈ ਕਾਹਨ ਸਿੰਘ ਨਾਭਾ ਜੀ ਅਨੁਸਾਰ, ਅਰਥ "ਮਗਰਮੱਛ" ਹੈ, ਜਨੁਕ ਲਹਿਰ ਦਰਯਾਵ ਤੇ ਨਿਕਸਯੋ ਵਡੋ ਨਿਹੰਗ" (ਚਰਿਤਰ ੨੧੭) ਜਾਂ ਫਿਰ

ਨਿਹਸੰਗ, ਨਿਰਲੇਪ, ਆਤਮਗਯਾਨੀ, ਦਵੰਦ ਦਾ ਤਿਆਗੀ "ਨਿਹੰਗ ਕਹਾਵੈ ਸੋ ਪੁਰਖ, ਦੁਖ ਸੁਖ ਮੰਨੇ ਨ ਅੰਗ" (ਪ੍ਰ: ਮ: ੫) ਇਸੇ ਤਰ੍ਹਾਂ ਇਹਨਾਂ ਦੀਆਂ ਸਿਫ਼ਤਾਂ ਬਾਰੇ ਇਕ ਕਹਾਵਤ ਪ੍ਰਸਿਧ ਹੈ:—

"ਮੁਲਾਂ ਬ੍ਰਾਹਮਣ ਨਾ ਬੁਝੇ
ਬੁਝੇ ਫਕਰ ਨਿਹੰਗ।"

ਭਾਈ ਕਾਹਨ ਸਿੰਘ ਜੀ ਅਨੁਸਾਰ ਇਕ ਵਾਰ ਸਾਹਿਬਜ਼ਾਦਾ ਫਤਿਹ ਸਿੰਘ ਜੀ ਗੁਰੂ ਜੀ ਕੋਲ ਸੀਸ ਤੇ ਦੁਮਾਲਾ ਸਜਾ ਕੇ ਆਏ ਤਾਂ ਗੁਰੂ ਜੀ ਨੇ ਨਿਰਾਲਾ ਬਾਣਾ ਵੇਖ ਕੇ ਸਾਹਿਬਜ਼ਾਦਾ ਜੀ ਨੂੰ ਕਿਹਾ ਕਿ ਤੁਹਾਡੇ ਤੋਂ ਨਿਹੰਗ ਪੰਥ ਚੱਲੇਗਾ। ਇਸ ਪ੍ਰਥਾਇ ਗਿਆਨੀ ਗਿਆਨ ਸਿੰਘ ਜੀ ਪੁਸਤਕ "ਪੰਥ ਪ੍ਰਕਾਸ" ਦੇ ਪੰਨਾ ੧੨੬੨ (ਛਾਪਕ ਭਾਸ਼ਾ ਵਿਭਾਗ ਪੰਜਾਬ) ਤੇ ਲਿਖਦੇ ਹਨ:—

ਕਬਿਤ ॥

ਫਤੇ ਸਿੰਘ ਸਾਹਿਬਜਾਦਾ ਬਾਲ ਕੇ ਲੈ ਸੰਗ ਜਯਾਦਾ
ਹੋਲੀਓਂ ਮੈ ਸ੍ਵਾਂਗ ਸਾਦਾ ਗੁਰੂ ਪਾਸ ਆਯੋ ਹੈ ॥
ਜੌਰਣ ਸੀ ਲੱਕ ਕੱਛ ਦਸਤਾਰ ਊਚ ਅਛ
ਸੋਟਾ ਮੋਟਾ ਕਾਧੇ ਸਛ ਬਸਨ ਸਜਾਯੋ ਹੈ ॥
ਬੋਲੇ ਹੈਂ ਅਕਾਲ ਤੇ ਅਕਾਲ ਤੇਗ ਢਾਲ ਧਾਰੇ
ਦੇਖ ਕੈ ਗੁਰੂ ਜੀ ਹੱਸ ਬਚਨ ਅਲਾਯੋ ਹੈ।
ਥਾਰੋ ਪੰਥ ਚਲੈਗੋ ਬਿਸਾਲੈ ਜੰਗ ਆਲੈ ਪਾਲੈ
ਸੋਦਕ ਅਕਾਲੈ ਕੋ ਅਕਾਲੀ ਬਿਧ ਤਾਯੋ ਹੈ ॥੨੯॥

ਨਿਹੰਗ ਸਿੰਘਾਂ ਦੀ ਨਵੇਕਲੀ ਸੁਹਜ-ਭਾਵਨਾ



ਕਈ ਇਤਿਹਾਸਕਾਰ ਨਿਹੰਗ ਸਿੰਘਾਂ ਦਾ ਮੁਢ ਸਾਹਿਬਜਾਦਾ ਅਜੀਤ ਸਿੰਘ ਜੀ ਤੋਂ ਹੋਇਆ ਮੰਨਦੇ ਹਨ। ਕੁਝ ਲੇਖਕਾਂ ਦਾ ਖਿਆਲ ਹੈ ਕਿ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੀਲਾ ਬਾਣਾ ਉਚ ਦੇ ਪੀਰ ਵਾਲਾ ਪਾੜ ਕੇ ਅੱਗ ਵਿਚ ਸਾੜਿਆ ਤਾਂ ਇਕ ਲੀਰ ਨੂੰ ਕਟਾਰ ਨਾਲ ਬੰਨਿਆ ਤਾਂ ਨੀਲਾਂਬਰੀ ਸੰਪ੍ਰਦਾਇ ਹੋਂਦ ਵਿਚ ਆਈ। ਭਾਈ ਸੰਤੋਖ ਸਿੰਘ ਜੀ 'ਗੁਰ ਪ੍ਰਤਾਪ ਸੂਰਜ' ਵਿਚ ਲਿਖਦੇ ਹਨ:—

ਸਗਲੇ ਫੂਕ ਚੁਕੇ ਨੀਲਾਂਬਰ ਤਨਿਕ, ਤਿਸੀ ਤੇ ਰਾਖਲਯ
ਜਮਧਰ ਸੰਗ ਬੰਧ ਕਰ ਸੋਊ ਪੰਥ ਬੇਖ ਹਿਤ ਸਭਿਨ ਛਯਾ।

ਭਾਈ ਸੰਤੋਖ ਸਿੰਘ ਜੀ ਉਪਰੋਕਤ ਲਿਖਤ ਵਿਚ ਇਹ ਵੀ ਲਿਖਦੇ ਹਨ ਕਿ ਗੁਰੂ ਜੀ ਨੇ ਭਾਈ ਮਾਨ ਸਿੰਘ ਜੀ ਨੂੰ ਵਰ ਦਿਤਾ ਕਿ ਤੇਰਾ ਨਿਹੰਗ ਪੰਥ ਚਲੇਗਾ:-

ਹੈ ਪ੍ਰਸੰਨ ਬਰ ਦੇਵਤ ਜੋਵੈ। ਪੰਥ ਖਾਲਸੇ ਮੇ ਤਵ ਹੋਵੈ।
ਤੁਝ ਸਮ ਬੇਖ ਸੁਭਾਉ ਬਿਸਾਲੀ।
ਨਾਮ ਨਿਹੰਗ ਅਨੇਕ ਅਕਾਲੀ।

ਨਿਹੰਗ ਸਿੰਘਾਂ ਵਿਚ ਇਹ ਵੀ ਵਿਚਾਰ ਪ੍ਰਚਲਤ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਹੰਗਾਂ ਦੇ ਦੁਮਾਲੇ ਦਾ ਫਰਹਰਾ ਨਿਸ਼ਾਨ ਦਾ ਚਿੰਨ ਥਾਪਿਆ ਸੀ। ਜੋ ਕਿ ਬਹਾਦਰੀ, ਸੂਰਬੀਰਤਾ ਅਤੇ ਜਿਤ ਦਾ ਪ੍ਰਤੀਕ ਸੀ। ਨਿਹੰਗ ਸਿੰਘ ਦੇ ਮੁਢ ਅਥਵਾ ਆਗਮਨ ਬਾਰੇ ਚਾਹੇ ਇਤਿਹਾਸਕਾਰਾਂ ਵਿਚ ਕਿੰਨਾ ਹੀ ਮਤ ਭੇਦ ਹੋਵੇ ਪਰ ਇਕ ਵਿਚਾਰ ਤੇ ਜਰੂਰ ਸਹਿਮਤੀ ਹੈ ਕਿ ਇਹ ਸੰਪ੍ਰਦਾਇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਂਦ ਵਿਚ ਆਈ। ਨਿਹੰਗ ਸਿੰਘ ਉਹਨਾਂ ਸਿੰਘਾਂ ਨੂੰ ਕਿਹਾ ਜਾਂਦਾ ਹੈ ਜੋ ਦੁਖ ਸੁਖ ਤੋਂ ਨਿਆਰਾ ਰਹੇ, ਗਊ ਗਰੀਬ ਦੀ ਰਖਿਆ ਕਰੇ, ਰਹਿਤ ਮਰਯਾਦਾ ਵਿਚ ਪ੍ਰਪੱਕ ਹੋਵੇ, ਅਰਦਾਸਾ ਸੋਧ ਕੇ ਪਿਠ ਨਾ ਦੇਵੇ, ਮੈਦਾਨਿ ਜੰਗ ਵਿਚ ਸ਼ੇਰ ਵਾਂਗ ਬੁੱਕੇ ਅਤੇ ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਦਾ ਜਾਪ ਨਾ ਕਰੇ ਭਾਵ ਕਿਸੇ ਦੇਵੀ ਦੇਵਤੇ ਦਾ ਨਾਮ ਨਾ ਧਿਆਏ। ਬਿਰਧ ਵਿਵੇਕਾ ਸਿੰਘ ਜੀ ਅੰਮ੍ਰਿਤਸਰੀ ਅਨੁਸਾਰ ਸਭ ਤੋਂ ਪਹਿਲਾਂ ਫ੍ਰਹਰਾ ਨਿਸ਼ਾਨ ਚਿੰਨ ਵਜੋਂ ਬਾਬਾ ਨੈਣਾ ਸਿੰਘ ਜੀ ਨੇ ਥਾਪਿਆ ਸੀ। ਨਿਰਮਲੇ ਸੰਤਾਂ 'ਚੋਂ ਪੰਡਤ ਨਿਹਾਲ ਸਿੰਘ ਥੋਹਾ (ਰਾਵਲਪਿੰਡੀ) ਨਿਵਾਸੀ ਅਦੁਤੀ ਵਿਦਵਾਨ ਹੋਏ ਹਨ ਜਿਹਨਾਂ ਨੇ ਸੰਸਕ੍ਰਿਤ ਭਾਸ਼ਾ ਵਿਚ ਜਪੁ ਜੀ ਸਾਹਿਬ ਦੀ ਸਟੀਕ ਰਚਨਾ 'ਗੁਢਾਰਥ ਦੀਪਕਾ' ਨਾਮ ਹੇਠ ਕੀਤੀ। ਆਪ ਜੀ ਉਸ ਵਿਚ ਦਸਮ ਪਾਤਸ਼ਾਹ ਜੀ ਦਾ ਨਿਹੰਗ ਸਿੰਘਾਂ ਬਾਰੇ ਫਰਮਾਨ ਇਸ ਤਰ੍ਹਾਂ ਬਿਆਨ ਕਰਦੇ ਹਨ:—

ਧਰਮ ਕੇ ਧੁਰੰਤਰ ਉਦਾਰਤਾ ਕੇ ਧਾਰਾਧਾਰ
ਭੋਲੇ ਭਾਲੇ ਭ੍ਰਾਜਤੇ ਪ੍ਰੇਮ ਰੰਗ ਮੇ।
ਸਰਬ ਲੋਹ ਧਾਰੇ ਅਬ ਖੂਲ ਲੇ ਨਾ ਦਬ ਬੰਧ
ਨੇਕ ਹੂੰ ਨਾ ਗੁਬ ਪੁੰਨ ਯਾ ਕੇ ਸੰਗ ਮੇ।
ਸਾਜ ਕੈ ਸੁਬਾਨੋ ਸੂਰ ਗਾਜ ਕੈ ਮ੍ਰਿਗੇਂਦਰ ਭੂਰਿ
ਭਾਜ ਕੈ ਸਨੀਮ ਕੋ ਬਿਦਾਰੈ ਜੋਰ ਜੰਗ ਮੇ।
ਮੋਦਕੇ ਤਰੰਗ ਮੈਂ ਉਮੰਗ ਕੇ ਉਤੰਗ ਪੰਥ
ਲੋਕ ਦੇਗ ਕੋਬੇ ਕੇ ਸੁ ਕੀਨੇ ਏ ਨਿਹੰਗ ਮੇਂ।

ਨਿਹੰਗ ਸਿੰਘਾਂ ਨੂੰ ਅਕਾਲੀ ਸਿੰਘ ਵੀ ਕਿਹਾ ਜਾਂਦਾ

(ਬਾਕੀ 14 ਤੇ)

ਲੌਇਲ ਫਰਨੀਚਰ ਲਿ:

2707 MAIN ST., VANCOUVER, B.C.

THE HOUSE OF QUALITY FURNITURE

'84 SUMMER SPECIALS

SALE FOR


- SERVICE
- QUALITY &
- BEST PRICES

ਵਧੀਆ ਫਰਨੀਚਰ ਦੀ ਚੋਣ 'ਚੋਂ ਖ੍ਰੀਦੋ :

- ਸੌਲਿਡ ਓਕ ਤੇ ਪਾਈਨ ਵੁੱਡ ਦੀਆਂ ਬੈੱਡਰੂਮ ਤੇ ਡਾਈਨਿੰਗ ਰੂਮ ਸੁਈਟਸ
- ਐਟਲਾਂਟਿਕ ਤੇ ਹੋਰ ਕੰਪਨੀਆਂ ਦੇ ਵਧੀਆ ਸੋਫਾ ਸੈਟ

ਤੇ ਹੋਰ ਹਰ ਤਰ੍ਹਾਂ ਦਾ ਫਰਨੀਚਰ ਖ੍ਰੀਦਣ ਦਾ ਸੁਨਹਿਰੀ ਮੌਕਾ





ਹਰ ਆਈਟਮ ਤੇ ਸੇਲ ਹੈ 15 ਪ੍ਰਤੀਸ਼ਤ ਤੋਂ 50 ਪ੍ਰਤੀਸ਼ਤ ਤੱਕ ਕੀਮਤਾਂ ਘੱਟ ਕਰ ਦਿੱਤੀਆਂ ਹਨ ।

- ਵਧੀਆ ਕੁਆਲਿਟੀ
- ਵਾਜਬ ਕੀਮਤਾਂ ਤੇ
- ਭਰੋਸੇਯੋਗ ਸਰਵਿਸ ਲਈ ਹਮੇਸ਼ਾਂ ਯਾਦ ਰੱਖੋ

ਆਪਣੇ ਘਰਾਂ ਵਿੱਚ ਵਧੀਆ ਮਜ਼ਬੂਤ ਤੇ ਸ਼ਾਨਦਾਰ ਫਰਨੀਚਰ ਰੱਖਣ ਲਈ ਹਮੇਸ਼ਾ ਇੱਕ ਹੀ ਨਾਮ ਯਾਦ ਰੱਖੋ

OPEN 7 DAYS A WEEK

LF

LOYAL FURNITURE LTD

Ph.: 879-8319 2707 Main Street,(at 11th Ave.) Vancouver, B.C. Loyal - The Most Trusted Name in Furniture Business. **Ph.: 879-4813**



ਛਿਆਨਵੇਂ ਕਰੋੜੀ ਬਾਬਾ ਸੰਤਾ ਸਿੰਘ ਜੀ

ਕਿਉਂ ਕਿ ਉਹ ਅਕਾਲ ਪੁਰਖ ਤੋਂ ਬਿਨਾ ਹੋਰ ਕਿਸੇ ਦੀ ਟੇਕ ਨਹੀਂ ਰਖਦੇ ਅਤੇ ਪਰਮਾਤਮਾ ਨੂੰ ਸਦਾ ਆਪਣੇ ਅੰਗ ਸੰਗ ਸਮਝਦੇ ਹਨ। ਪਰੰਤੂ ਇਹਨਾਂ ਨੂੰ ਦੋਵੇਂ ਨਾਂ ਨਿਹੰਗ ਅਤੇ ਅਕਾਲੀ ਕਦੋਂ ਦਿਤੇ ਅਤੇ ਕਿਵੇਂ ਪ੍ਰਚਲਿਤ ਹੋਏ, ਕੁਝ ਪਤਾ ਨਹੀਂ ਚਲਦਾ। ਭਾਈ ਕਾਹਨ ਸਿੰਘ ਨਾਭਾ ਜੀ ਨੇ 'ਨਿਹੰਗ' ਸ਼ਬਦ ਦੇ ਅਰਥ ਖੜਗ, ਘੜਿਆਲ (ਮਗਰਮੱਛ), ਨਿਰਭਉ, ਆਤਮ-ਗਿਆਨੀ ਆਦਿ ਕੀਤੇ ਹਨ ਪਰ ਨਿਹੰਗ ਸ਼ਬਦ ਦਾ ਅਰਥ ਮਗਰਮਛ ਕਢਣਾ ਅਤੇ ਅਕਾਲੀ ਸਿੰਘ ਨਾਲ ਜੋੜਨਾ, ਇਹ ਸੰਬੰਧ ਕਿਵੇਂ ਹੋਇਆ? ਕੋਈ ਤਸੱਲੀ ਯੋਗ ਜਵਾਬ ਨਹੀਂ ਮਿਲਦਾ। ਭਾਈ ਕਾਹਨ ਸਿੰਘ ਨਾਭਾ ਜੀ ਤੋਂ ਪਹਿਲਾ ਕਈ ਯੂਰਪੀਨ ਲਿਖਾਰੀਆਂ ਨੇ ਇਸ ਤੱਥ ਦੀ ਵਰਤੋਂ ਕੀਤੀ ਹੈ। ਐਚ. ਏ. ਰੋਜ਼ ਨਿਹੰਗ ਸਿੰਘਾਂ ਦੀ ਉਚੀ ਨੋਕਦਾਰ ਪੱਗ ਨੂੰ ਮਗਰਮੱਛ ਦੇ ਰੂਪ ਨਾਲ ਜੋੜਦਿਆ ਲਿਖਦਾ ਹੈ ਕਿ ਅਜਿਹੇ ਸਰੂਪ ਦੀ ਪਗੜੀ ਸਿਖਾਂ ਨੇ ਸ਼ਾਹ ਜ਼ਮਾਨ ਦੀਆਂ ਫੋਜਾਂ ਨਾਲ ਗੁਰੀਲਾ ਯੁਧ ਲੜਨ ਸਮੇਂ ਤੁਰਕੀ ਫੋਜੀਆਂ ਦਾ ਭੇਸ ਧਾਰਨ ਲਈ ਬੰਨ੍ਹੀ ਸੀ ਪਰੰਤੂ ਇਕ ਹੋਰ ਪਰੰਪਰਾ ਅਨੁਸਾਰ ਫਰਹਰੇ ਵਾਲੀ ਪਗੜੀ ਦਾ ਆਰੰਭ ਅਕਾਲੀ ਫੂਲਾ ਸਿੰਘ ਜੀ ਤੋਂ ਹੋਇਆ ਸੀ। ਚਾਹੇ ਕਿਸੇ ਵੀ ਪਰੰਪਰਾ ਨੂੰ ਮੰਨਿਆ ਜਾਵੇ, ਇਹਨਾਂ ਦੀ ਪੰਥ ਨੂੰ ਅਨਮੋਲ ਦੇਣ ਹੈ। ਉਹਨਾਂ ਨੇ ਅਠਾਰ੍ਹਵੀ ਸਦੀ ਵਿਚ ਅਨੇਕਾ ਗੁਰਦੁਆਰਿਆਂ ਦੀ ਸੇਵਾ ਸੰਭਾਲ ਕੀਤੀ ਅਤੇ ਪੂਰਨ ਮਹੰਤ ਮਰਯਾਦਾ ਨਿਭਾਉਂਦੇ ਰਹੇ।

ਉਹ ਗੁਰਦੁਆਰਿਆਂ ਵਿਚ ਜਥੇਦਾਰ, ਪਹਿਰੇਦਾਰ ਜਾਂ ਚੌਕੀਦਾਰ ਦੀ ਸੇਵਾ ਨਿਭਾਉਂਦੇ ਰਹੇ:—

ਸਵਾਰਥ ਤੋਂ ਬਿਨਾ ਗੁਰਦਵਾਰਿਆ ਦਾ ਚੋਕੀਦਾਰ
ਧਰਮ ਦੇ ਜੰਗ ਲਈ ਚੜ੍ਹੇ ਮੁਖ ਲਾਲੀ ਹੈ
ਪੂਜੇ ਨ ਅਕਾਲ ਬਿਨਾ ਹੋਰ ਕੋਈ ਦੇਵੀ ਦੇਵ
ਸਿਖ ਦਸਮੇਸ਼ ਦਾ ਸੋ ਕਹੀਏ 'ਅਕਾਲੀ' ਹੈ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਬੰਦਾ ਬਹਾਦਰ ਜੀ ਦੇ ਸਮੇਂ ਨਿਹੰਗਾਂ ਨੇ ਸਿਖਾਂ ਵਿਚ ਖਾਸ ਰੁਤਬੇ ਵਾਲੀ ਜਗਾ ਬਣਾ ਲਈ। ਜਦ ਵੀ ਪੰਥ ਵਿਚ ਰਹਿਤ ਮਰਯਾਦਾ ਦੀ ਅਵਗਿਆ ਵਾਲੀ ਕੋਈ ਘਟਨਾ ਵਾਪਰਨ ਲਗਦੀ ਤਾਂ ਉਹ ਝਟ ਅੜ ਖਲੋਂਦੇ ਸਨ। ਕਿਹਾ ਜਾਂਦਾ ਹੈ ਕਿ ਬੰਦਾ ਬਹਾਦਰ ਜੀ ਨੇ "ਵਾਹਿਗੁਰੂ ਜੀ ਕੀ ਫਤਹ" ਦੀ ਥਾਂ "ਫਤਿਹ ਦਰਸਨ" ਦੀ ਪਿਰਤ ਤੋਰੀ ਤਾਂ ਨਿਹੰਗ ਸਿੰਘ ਉਸ ਦੇ ਖਿਲਾਫ਼ ਹੋ ਗਏ। ਬਾਬਾ ਦੀਪ ਸਿੰਘ ਜੀ, ਬੰਦਾ ਬਹਾਦਰ ਜੀ ਦਾ ਸੰਗ ਛਡ ਕੇ ਵਾਪਸ ਆਪਣੇ ਸਦਰ ਮੁਕਾਮ ਤਲਵੰਡੀ ਸਾਬੋ, ਦਮਦਮਾ ਸਾਹਿਬ ਆ ਗਏ। ਜਦ ਵੀ ਪੰਥ ਤੇ ਕੋਈ ਭੀੜ ਖੋਂਦੀ ਜਾਂ ਮਾਰੂ ਹਨੇਰ ਝੁਲਦਾ ਤਾਂ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਿਖੇ 'ਗੁਰਮਤਾ' ਸੋਧਿਆ ਜਾਂਦਾ, ਉਸ ਸਮੇਂ ਉਹਨਾਂ ਨਿਹੰਗਾਂ ਦਾ ਖਾਸ ਰੋਲ ਹੁੰਦਾ ਸੀ। ਉਥੇ ਕਈ ਸਿਖ ਸਰਦਾਰ, ਜਥੇਦਾਰਾਂ ਤੇ ਮਿਸਲਦਾਰਾਂ ਦੀ ਆਪਸੀ ਈਰਖਾ ਅਤੇ ਦੁਸ਼ਮਣੀ ਉਹ ਨਿਹੰਗ ਹੀ ਦੂਰ ਕਰਦੇ ਸਨ ਅਤੇ ਗੁਰਮਤ ਤੇ ਚਲਣ ਦੀ ਪਰੇਰਨਾ ਕਰਦੇ ਸਨ। ਬੰਦਾ ਬਹਾਦਰ ਜੀ ਦੇ ਸ਼ਹੀਦ ਹੋਣ ਤੋਂ ਬਾਅਦ ਅਕਾਲੀ ਸਿੰਘਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਇਆ ਅਤੇ ਪਰੰਪਰਾ ਅਨੁਸਾਰ, ਅਨੁਸ਼ਾਸਨ ਵਿਚ ਰਖਣ ਲਈ ੧੭੩੪ ਈਸਵੀ ਵਿਚ ਵਿਚਾਰ-ਵਾਨ ਸਿੰਘਾਂ ਨੇ 'ਤਰਨ ਦਲ' ਅਤੇ 'ਬੁੱਢਾ ਦਲ' ਹੋਂਦ ਵਿਚ ਲਿਆਂਦੇ। ਤਰਨ ਦਲ ਵਿਚ ਸਿਰਫ਼ ਉਹ ਸਿੰਘ ਹੀ ਸ਼ਾਮਲ ਹੁੰਦੇ ਜਿਹਨਾਂ ਦੀ ਉਮਰ ਚਾਲ੍ਹੀ ਸਾਲ ਜਾਂ ਚਾਲ੍ਹੀ ਤੋਂ ਘਟ ਹੁੰਦੀ ਸੀ। ਬੁੱਢਾ ਦਲ ਵਿਚ ਚਾਲ੍ਹੀ ਸਾਲ ਤੋਂ ਉਪਰ ਵਾਲੀ ਉਮਰ ਦੇ ਸਿੰਘ ਸ਼ਾਮਲ ਹੁੰਦੇ ਸਨ। ਤਰਨ ਦਲ ਦੇ ਸਿੰਘਾਂ ਦੇ ਜ਼ੁੰਮੇ ਗੁਰਦੋਖੀਆਂ ਨੂੰ ਸੋਧਣਾ ਅਤੇ ਜੋ ਇਲਾਕੇ ਦੇ ਲੋਕ ਰਾਖੀ ਸਿਸਟਮ ਵਾਲਾ ਸਿਖਾਂ ਨੂੰ ਟੈਕਸ ਭਰਦੇ ਸਨ, ਉਹਨਾ ਦੀ ਚੋਰ ਉਚਕਿਆ ਤੋਂ ਰਾਖੀ ਕਰਨਾ ਸੀ। ਬੁਢਾ ਦਲ ਦੇ ਜ਼ੁੰਮੇ ਗੁਰਦੁਆਰਿਆਂ ਵਿਚ ਰਹਿਤ ਮਰਯਾਦਾ ਨੂੰ ਪਰਪੱਕ ਕਰਨ ਦਾ ਮੁਖ ਕਮ ਹੁੰਦਾ ਸੀ। ਬੁਢਾ ਦਲ ਦੇ ਜਥੇਦਾਰਾ ਦੇ ਨਾਮ ਨਵਾਬ ਕਪੂਰ ਸਿੰਘ, ਜਸਾ ਸਿੰਘ ਆਹਲੂਵਾਲੀਆ, ਬਘੇਲ ਸਿੰਘ ਆਦਿਕ ਹਨ। ਇਕ ਪਰੰਪਰਾ ਅਨੁਸਾਰ ਬੁਢਾ ਦਲ ਦੇ ਮੋਢੀ ਬਾਬਾ ਬੁਢਾ ਜੀ ਸਨ ਜੋ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਤਕ ਪੰਜ ਗੁਰੂ ਸਾਹਿਬਾਨ ਦੀ ਸੰਗਤ ਵਿਚ ਰਹੇ। ਕਿਹਾ ਜਾਂਦਾ ਹੈ ਕਿ ਜਦ ਜਹਾਂਗੀਰ ਬਾਦਸ਼ਾਹ ਨੇ ਛੇਵੀਂ ਪਾਤਸ਼ਾਹੀ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਰਖਿਆ ਸੀ ਤਾਂ ਬਾਬਾ ਬੁਢਾ ਜੀ ਨਿਸ਼ਾਨ ਸਾਹਿਬ ਤੇ ਇਕ ਚੋਲਾ ਲੈ ਕੇ ਯੁਧ ਕਰਨ ਤੁਰ ਪਏ ਤਾਂ ਕਿ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਜੰਗ ਕਰ ਕੇ ਛੁਡਾਇਆ ਜਿਸ ਜਗ੍ਹਾ ਸਾਹਿਬਜ਼ਾਦਾ ਬਾਬਾ ਫਤੇ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਚ ਪਹਿਲੀ ਵਾਰ ਦੁਮਾਲਾ

ਬਾਕੀ ਸਫਾ 15 ਤੇ



ਮੁਖ ਮੈ ਹਰਿ ਚਿਤ ਮੈ ਜੁਧ ਬਿਚਾਰੈ
ਗੁਰਦੁਆਰਾ ਹਰੀਆਂ ਵਲਾਂ (ਹੁਸ਼ਿਆਰਪੁਰ) ਵਿਖੇ
ਨਿਹੰਗ ਸਿੰਘ ਦਾ ਕਾਠ-ਚਿੱਤਰ

੦ ਗਰਲ ਫਰੈਂਡ
ਜੇਬ ਦੀ ਸਫਾਈ ਦਾ ਆਧੁਨਿਕ ਜੰਤਰ।

੦ ਸ਼ਾਦੀ
ਜੋ ਕਰੇ, ਸੋ ਭਰੇ।

ਅੱਗ ਦੇ ਅਨਾਰ

੦ ਅੰਗੂਠੀ
ਇਕ ਕੁੜੀ ਨੇ ਮੰਗਣੀ ਦੇ ਕੁਝ ਦਿਨ ਮਗਰੋਂ ਕੁਝ ਸਹੇਲੀਆਂ ਦੀ ਦਾਅਵਤ ਕੀਤੀ, ਪਰ ਦਾਅਵਤ ਵਿਚਕਾਰ ਸੰਜੋਗ ਨਾਲ ਕਿਸੇ ਨੇ ਵੀ ਉਹਦੀ ਅੰਗੂਠੀ ਵਲ ਧਿਆਨ ਨਹੀਂ ਦਿਤਾ, ਤਾਂ ਕੁਝ ਸੋਚਣ ਮਗਰੋਂ ਉਹ ਬੋਲੀ- "ਓਹ! ਕਿੰਨੀ ਸਖਤ ਗਰਮੀ ਏ। ਅੱਜ ਮੇਰਾ ਖਿਆਲ ਏ, ਅੰਗੂਠੀ ਲਾਹ ਕੇ ਹੀ ਰਖ ਦੇਵਾਂ।"

੦ ਲਾੜਾ
ਇਕ ਵਾਰ ਇਕ ਵਿਅਕਤੀ ਆਪਣੇ ਖੋਤੇ ਨੂੰ ਨੁਹਾ ਰਿਹਾ ਸੀ।
"ਇਹਨੂੰ ਕਿਉਂ ਨੁਹਾ ਰਹੇ ਹੋ?" ਇਕ ਨੇ ਪੁਛਿਆ
"ਇਹਦੀ ਸ਼ਾਦੀ ਏ"—ਜਵਾਬ ਮਿਲਿਆ।
"ਇਸ ਖੁਸ਼ੀ 'ਚ ਸਾਨੂੰ ਕੀ ਖੁਆਉਗੇ"— ਦੋਸਤ ਨੇ ਪੁਛਿਆ।
"ਜੋ ਲਾੜਾ ਖਾਵੇਗਾ, ਉਹੀ ਤੂੰ ਥਾ ਲਵੀਂ!"

੦ ਡਰਪੋਕ
ਪਤੀ— ਸ੍ਰੀਮਤੀ, ਰਾਤ ਸਾਡੇ ਘਰ ਦੋ ਚੋਰ ਵੜ ਆਏ। ਉਨ੍ਹਾਂ ਮੈਨੂੰ ਮੁਰਗਾ ਬਣਾ ਕੇ ਖੂਬ ਕੁਟਿਆ ਤੇ ਸਾਰਾ ਸਮਾਨ ਲੈ ਗਏ।
ਪਤਨੀ— ਤਾਂ ਫਿਰ ਤੁਸਾਂ ਸ਼ੋਰ ਕਿਉਂ ਨਹੀਂ ਮਚਾਇਆ?
ਪਤੀ— ਵਾਹ! ਭਲਾ ਮੈਂ ਕੀ ਇੰਨਾਂ ਡਰਪੋਕ ਸਾਂ ਕਿ ਸ਼ੋਰ ਮਚਾਂਦਾ।

੦ ਪੁਲੀਸ-ਅਫ਼ਸਰ ਦੀ ਪਤਨੀ
ਇਕ ਪੁਲੀਸ ਅਫ਼ਸਰ ਦੀ ਪਤਨੀ ਆਪਣੇ ਪਤੀ ਦੀ ਜੇਬ 'ਚੋਂ ਰੁਪਏ ਕਢ ਰਹੀ ਸੀ। ਅਚਾਨਕ ਪਤੀ ਨੇ ਕਿਹਾ—"ਸ੍ਰੀਮਤੀ, ਹੈਂਡਸ ਅੱਪ।"
ਪਤਨੀ ਨੇ ਕਿਹਾ—"ਸਿਰਤਾਜ! ਮੈਂ ਤੁਹਾਡੀ ਪਤਨੀ ਹਾਂ।"
ਪਤੀ ਨੇ ਕਿਹਾ—"ਸ੍ਰੀਮਤੀ, ਮੈਂ ਇਸ ਵੇਲੇ ਸਿਰ-ਤਾਜ ਨਹੀਂ, ਪੁਲੀਸ ਦਾ ਅਫ਼ਰ ਹਾਂ।"
ਪਤਨੀ ਨੇ ਦੋ ਸੋ ਰੁਪਏ ਪਤੀ ਨੂੰ ਦਿੰਦੇ ਹੋਏ ਕਿਹਾ—"ਮੁਆਮਲਾ ਇੱਥੇ ਹੀ ਰਹਿਣ ਦਿਉ।"

੦ ਮਰੀਜ਼-ਤਸਵੀਰ
ਚਿੱਤਰਕਾਰ ਨੇ ਇਕ ਆਦਮੀ ਦੀ ਤਸਵੀਰ ਬਣਾਈ ਤੇ ਪਹਿਲਾਂ ਆਪਣੇ ਇਕ ਡਾਕਟਰ-ਮਿੱਤਰ ਕੋਲ ਵਿਖਾਣ ਲੈ ਗਿਆ। ਡਾਕਟਰ ਚਿੰਤਾਤੁਰ ਲਹਿਜੇ 'ਚ ਬੋਲਿਆ- "ਇਹ ਬੱਚੇਗਾ ਨਹੀਂ। ਇਹਨੂੰ ਟਾਈ-ਫਾਇਡ ਹੋ ਗਿਆ ਏ।"


ਸਜਾਇਆ ਜੀ, ਉਸ ਜਗ੍ਹਾ ਅਜ ਕਲ ਗੁਰਦੁਆਰਾ ਦੁਮਾਲਗੜ੍ਹ ਸ਼ੋਭਾ ਪਾ ਰਿਹਾ ਹੈ। ਪੰਜ ਪਿਆਰਿਆਂ ਵਿਚੋਂ ਭਾਈ ਹਿੰਮਤ ਸਿੰਘ ਜੀ ਵੀ ਨਿਹੰਗ ਸਿੰਘ ਸਨ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਬਾਬਾ ਦੀਪ ਸਿੰਘ ਜੀ ਵੀ ਨਿਹੰਗ ਸਿੰਘ ਸਨ। ਉਹ ਨਿਹੰਗ ਸਿੰਘਾਂ ਦੀ ਅੰਮ੍ਰਿਤਸਰ ਛਾਉਣੀ ਦੇ ਜਥੇਦਾਰ ਵੀ ਸਨ।

ਬੁਢਾ ਦਲ ਦੀ ਪ੍ਰਣਾਲੀ ਅਨੁਸਾਰ ਜਥੇਦਾਰ ਨਵਾਬ ਕਪੂਰ ਸਿੰਘ, ਜਥੇਦਾਰ ਜੱਸਾ ਸਿੰਘ, ਫਿਰ ਅਕਾਲੀ ਫੂਲਾ ਸਿੰਘ, ਹਨੂਮਾਨ ਸਿੰਘ ਜੀ (ਜਿਹਨਾ ਦੀ ਅੰਗੀਠਾ ਕੰਬੜਾ ਵਿਖੇ ਹੈ) ਤੇ ਫਿਰ ਜਥੇਦਾਰ ਪ੍ਰਹਿਲਾਦ ਸਿੰਘ ਹੋਏ (ਉਹਨਾ ਦਾ ਅੰਗੀਠਾ ਸ੍ਰੀ ਹਜ਼ੂਰ ਸਾਹਿਬ ਵਿਖੇ ਹੈ) ਬਾਬਾ ਗਿਆਨ ਸਿੰਘ ਜੀ, ਜਥੇਦਾਰ ਸਚਖੰਡ ਹਜ਼ੂਰ ਸਾਹਿਬ ਤੋਂ ਧੌਂਸਾ ਤੇ ਨਿਸ਼ਾਨ ਸਾਹਿਬ ਲਿਆਏ ਸਨ, ਜਿਹਨਾਂ ਦਾ ਅੰਗੀਠਾ ਸ੍ਰੀ ਅੰਮ੍ਰਿਤਸਰ ਵਿਖੇ ਹੈ। ਬਾਬਾ ਗਿਆਨ ਸਿੰਘ ਜੀ ਪਿਛੋਂ ਜਥੇਦਾਰ ਤੇਜਾ ਸਿੰਘ ਜੀ ਦਲ ਦੇ ਮੁਖੀ ਹੋਏ (ਉਹਨਾਂ ਦਾ ਅੰਗੀਠਾ ਸ਼ਹੀਦੀ ਬਾਗ ਸ੍ਰੀ ਅਨੰਦ ਪੁਰ ਸਾਹਿਬ ਵਿਖੇ ਹੈ)। ਉਹਨਾਂ ਤੋਂ ਬਾਅਦ ਫਿਰ ਜਥੇਦਾਰ ਸਾਹਿਬ ਸਿੰਘ ਜੀ ਕਲਾਧਾਰੀ ਨੇ ਬੁਢਾ ਦਲ ਦੀ ਰਾਹਨੁਮਾਈ ਕੀਤੀ (ਉਹਨਾ ਦੀ ਅੰਗੀਠਾ ਸ੍ਰੀ ਅੰਮ੍ਰਿਤਸਰ ਵਿਖੇ ਹੈ) ਜਥੇਦਾਰ ਸਾਹਿਬ ਸਿੰਘ ਜੀ ਤੋਂ ਬਾਅਦ ਬਾਬਾ ਚੇਤ ਸਿੰਘ ਜੀ ਜਥੇਦਾਰ ਬਣੇ। ਉਹਨਾਂ ਦਾ ਅੰਗੀਠਾ ਦਮਦਮਾ ਸਾਹਿਬ ਵਿਖੇ ਹੈ। ਉਹਨਾਂ ਤੋਂ ਬਾਅਦ ਬਾਬਾ ਸੰਤਾ ਸਿੰਘ ਜੀ ਜਥੇਦਾਰ, ਛਿਆਨਵੇਂ ਕਰੋੜੀ ਬੁੱਢਾ ਦਲ ਪੰਜਵਾਂ ਤਖਤ ਚਕ੍ਰਵਰਤੀ ਚਲਦਾ ਵਹੀਰ ਦੇ ਨਿਯੁਕਤ ਹੋਏ। ਉਹਨਾਂ ਦਾ ਮੁਖ ਦਫ਼ਤਰ ਗੁਰੂ ਕੀ ਕਾਸ਼ੀ ਸ੍ਰੀ ਦਮਦਮਾ ਸਾਹਿਬ ਵਿਖੇ ਹੈ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਵੇਲੇ ਬੁੱਢਾ ਦਲ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਸਨ ਜੋ ਕਿ ਬਹੁਤ ਖਾੜਕੂ ਅਤੇ ਸਿਰਲੱਥ ਜਰਨੈਲ ਸਨ ਅਤੇ ਰਹਿਤ ਮਰਯਾਦਾ ਦੀ ਪੁਸ਼ਟੀ ਲਈ ਕਿਸੇ ਕਿਸੇ ਦੀ ਈਰੀ ਪੀਰੀ ਨਹੀਂ ਸੀ ਜਾਣਦੇ। ਇਤਿਹਾਸ ਗਵਾਹ ਹੈ ਕਿ ਜਦ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਦੀ ਪ੍ਰਸਿੱਧ ਕੰਜਰੀ ਮੋਹਰਾਂ ਨਾਲ ਵਿਆਹ ਕਰਵਾ ਲਿਆ ਤਾਂ ਅਕਾਲੀ ਫੂਲਾ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲ ਤਖਤ ਸਾਹਿਬ ਅਗੇ ਬੁਲਾ ਕੇ ਇਮਲੀ ਦੇ ਦਰਖਤ ਨਾਲ ਬੰਨ੍ਹ ਕੇ ਕੋਰੜੇ ਮਾਰੇ ਸਨ ਤੇ ਕਿਹਾ ਸੀ, "ਕਾਣਿਆਂ, ਤੈਨੂੰ ਸੱਚੇ ਪਾਤਸ਼ਾਹ ਨੇ ਮਹਾਰਾਜਾ ਬਣਾਇਆ, ਚੱਜ ਨਾਲ ਰਾਜ ਕਰ। ਤੂੰ ਨਿਤ ਤੀਏ ਦਿਨ ਵਿਆਹ ਕਰਵਾ ਲੈਂਦਾ ਹੈਂ।"

ਨਿਹੰਗ ਸਿੰਘ, ਗੋਰੇ ਅੰਗਰੇਜਾਂ ਨੂੰ ਮੂਲੋਂ ਹੀ ਖ਼ਤਮ ਕਰ ਦੇਣਾ ਚਾਹੁੰਦੇ ਸਨ। ਇਤਿਹਾਸ ਵਿਚੋਂ ਕਈ ਅਜਿਹੇ ਵਾਕਿਆਤ ਮਿਲਦੇ ਹਨ ਕਿ ਨਿਹੰਗ ਸਿੰਘਾਂ ਨੇ ਕਈ ਅੰਗਰਰੇਜ ਮੌਤ ਦੇ ਘਾਟ ਉਤਾਰ ਦਿਤੇ। ਜਦ ਵੀ ਕੋਈ ਅੰਗਰੇਜ਼ ਕਿਸੇ ਨਿਹੰਗ ਸਿੰਘ ਨੂੰ ਵੇਖ ਲੈਂਦਾ ਤਾਂ ਉਹ ਭੈਭੀਤ ਹੋ ਉਠਦਾ ਅਤੇ ਆਪਣੀ ਮੌਤ ਆਈ ਸਮਝਦਾ। ਜਦੋਂ ੧੮੦੯ ਈਸਵੀ ਵਿਚ ਚਾਰਲਸ ਮ੍ਰੇਟਕਾਫ਼ ਆਪਣੀ ਮੰਡਲੀ ਸਮੇਤ ਮਹਾਰਾਜਾ ਰਣਜੀਤ ਸਿੰਘ ਨਾਲ ਸੰਧੀ ਕਰਨ ਆਇਆ ਤਾਂ ਹੋ ਸਕਦਾ ਸੀ ਕਿ ਨਿਹੰਗ ਸਿੰਘ ਸਮੂਚੀ ਮੰਡਲੀ ਨੂੰ ਨੂੰ ਖਤਮ ਕਰ ਦੇਂਦੇ ਜੇਕਰ ਮਹਾਰਾਜਾ ਰਣਜੀਤ ਸਿੰਘ ਸਮੇਂ ਸਿਰ ਦਖਲ ਨਾ ਦੇਂਦਾ।

ਖਾਲਸਾ ਰਾਜ ਲਈ ਅਨੇਕਾਂ ਨਿਹੰਗ ਸਿੰਘਾਂ ਨੇ ਕੁਰਬਾਨੀਆਂ ਦਿਤੀਆਂ। ਜੇ ਅਕਾਲੀ ਫੂਲਾ ਸਿੰਘ ਜੀ ਨਾ ਹੁੰਦੇ ਤਾ ਕਦੇ ਵੀ ਨੌਸ਼ਹਿਰੇ ਦੀ ਕਠਿਨ ਮੁਹਿੰਮ ਨਾ ਜਿੱਤੀ ਜਾਂਦੀ। ਨਿਹੰਗ ਸਿੰਘ ਚਕਰ ਚਲਾਉਣ ਵਿਚ ਵੀ ਬਹੁਤ ਮਾਹਰ ਹੁੰਦੇ ਸਨ। ਜਦ ਯੂਰਪੀਨ ਉਹਨਾਂ ਚਕਰਾ ਨੂੰ ਵੇਖਦੇ ਤਾਂ ਉਹਨਾਂ ਦਾ ਸਾਹ ਸੁਕ ਜਾਂਦਾ ਸੀ। ਚਾਰਲਸ ਮੈਸਨ ਅਤੇ ਔਸਬੌਰਨ ਨੇ ਉਹਨਾਂ ਚਕਰਾਂ ਨੂੰ ਬਹੁਤ ਖਤਰਨਾਕ ਹਥਿਆਰ ਦਸਿਆ ਹੈ। ਚੱਕਰ ੬੦ ਤੋਂ ੮੦ ਗਜ਼ ਦੀ ਦੂਰੀ ਤੋਂ ਚਲਾਇਆ ਜਾਂਦਾ ਸੀ ਅਤੇ ਉਹ ਕਈ ਵਾਰ ਏਨੀ ਤੇਜੀ ਨਾਲ ਆਉਂਦਾ ਸੀ ਕਿ ਘੋੜਾ ਅਤੇ ਹਾਥੀ ਦੀ ਲਤ ਵੱਢੀ ਜਾਂਦੀ ਸੀ। ਫਰੰਗੀਆਂ ਲਈ ਇਹ ਬੰਦੂਕ ਤੋਂ ਵੀ ਜ਼ਿਆਦਾ ਖਤਰਨਾਕ ਸੀ।



ਬੁਰਜ ਅਕਾਲੀ ਫੂਲਾ ਸਿਘ, ਅੰਮ੍ਰਿਤਸਰ

੧੮੦੯ ਈਸਵੀ ਦੀ ਸੰਧੀ ਤੋਂ ਬਾਅਦ ਸਤਲੁਜ ਤੋਂ ਪਰਲੇ ਇਲਾਕੇ ਅੰਗਰੇਜਾਂ ਹਥ ਆ ਗਏ ਸਨ ਅਤੇ ਅਨੰਦਪੁਰ ਸਾਹਿਬ ਵੀ ਉਧਰ ਚਲਿਆ ਗਿਆ। ਇਸ ਲਈ ਹਰ ਹੋਲਾ ਮਹੱਲਾ ਦੇ ਅਵਸਰ ਤੇ ਅੰਗਰੇਜਾਂ ਵਲੋਂ ਨਿਹੰਗ ਸਿੰਘਾਂ ਨੂੰ ਕਾਬੂ ਵਿਚ ਰੱਖਣ ਲਈ ਲਾਹੌਰ ਤੋਂ ਸਿਖ ਫੌਜ ਦੇ ਦਸਤੇ ਮੰਗਵਾਉਣੇ ਪੈਂਦੇ ਸਨ। ੧੮੬੪ ਈਸਵੀ ਵਿਚ ਅਨੰਦਪੁਰ ਸਾਹਿਬ ਵਿਖੇ ਨਿਹੰਗ ਸਿੰਘਾਂ ਨੇ ਹੋਲਾ ਮਹੱਲੇ ਦੇ ਅਵਸਰ ਤੇ ਲੁਧਿਆਣੇ ਦਾ ਇਕ ਮਿਸ਼ਨਰੀ ਪਾਦਰੀ ਕਤਲ ਕਰ ਦਿਤਾ। ਪੰਜਾਬ ਉਪਰ ਅੰਗਰੇਜਾਂ ਦਾ ਕਬਜਾ ਹੋਣ ਉਪਰੰਤ ਹੈਨਰੀ ਲਾਰੰਸ ਨੇ ਨਿਹੰਗ ਸਿੰਘਾਂ ਉਪਰ ਖ਼ਾਸ ਨਜ਼ਰ ਰਖਣੀ ਸ਼ੁਰੂ ਕੀਤੀ ਅਤੇ ਇਹਨਾਂ ਦੀ ਸਾਖ ਨੂੰ ਨੁਕਸਾਨ ਪਹੁੰਚਾਉਣ ਦੀਆਂ ਤਰਕੀਬਾ ਸੋਚੀਆ ਜਾਂਦੀਆਂ। ੧੮੪੮ ਈਸਵੀ ਵਿਚ ਸ੍ਰੀ ਅੰਮ੍ਰਿਤਸਰ ਦੇ ਇਕ ਨਿਹੰਗ ਸਿੰਘ ਗੰਡਾ ਸਿੰਘ ਨੂੰ ਜੋ ਕਿ ਰਾਮਗੜ੍ਹੀਆ ਬੁਗਾ ਤੇ ਕਾਬਜ ਹੋ ਚੁਕਾ ਸੀ, ਚਲਾਕੀ ਤੇ ਧੋਖੇ ਨਾਲ ਪਕੜ ਕੇ ਲਾਹੌਰ ਲਿਆਂਦਾ ਗਿਆ ਅਤੇ ਫਾਸੀ ਦੀ ਸਜ਼ਾ ਦਿਤੀ ਗਈ।

ਨਿਹੰਗ ਸਿੰਘਾਂ ਦਾ ਬਾਣਾ ਤੇ ਰਤਿ ਮਰਯਾਦਾ

ਨਿਹੰਗ ਸਿੰਘ ਦਾ ਬਾਣਾ ਵੀ ਅਜਿਹਾ ਹੈ ਜੋ ਕਿ ਉਹਨਾਂ ਨੂੰ ਹਰ ਸਮੇਂ ਚੁਸਤ ਰਖਦਾ ਹੈ ਅਤੇ ਗੁਰੂ ਘਰ ਦੀ ਸੇਵਾ ਕਰਨ ਲਈ ਪ੍ਰਰਦਾ ਹੈ। ਨਿਹੰਗ ਸਿੰਘ ਗੋਡਿਆਂ ਤਕ ਲੰਮਾ ਕਛਹਿਰਾ ਪਹਿਨਦੇ ਹਨ ਅਤੇ ਉਸ ਤੋਂ ਹੇਠ ਇਕ ਕੱਛ ਪਹਿਨੀ ਹੁੰਦੀ ਹੈ। ਉਪਰ ਨੀਲੇ ਰੰਗ ਦਾ ਚੋਲਾ ਪਹਿਨਿਆ ਜਾਂਦਾ ਹੈ। ਚੋਲੇ ਦੇ [illegible] ਵੀ ਪਹਿਨੇ ਜਾ ਸਕਦੇ ਹਨ। ਉਪਰ [illegible] ਵਿਚ ਸ੍ਰੀ ਸਾਹਿਬ ਸਜਾਈ ਜਾਂਦੀ [illegible] ਉਪਰ ਦੁਮਾਲਾ ਸਜਾਇਆ ਜਾਂਦਾ ਹੈ [illegible] ਫਰਹਰੇ ਸਜਾਏ ਜਾਂਦੇ ਹਨ। ਬਾਬਾ [illegible] ਸਿੰਘ, ਨਿਹੰਗ ਸਿੰਘ ਜੀ ਪਟਿਆਲੇ ਵਾ[illegible] ਤੇ ਪੀਲੇ ਰੰਗ ਦੇ ਫਰਹਰੇ ਸਜਾਉਣ [illegible] ਸੀ। ਦੁਮਾਲੇ ਉਪਰ ਚਕਰ, ਖੰਡ[illegible] ਤੀਰ, ਬਾਘਨੱਖਾ ਆਦਿਕ ਸਜ[illegible] ਹਨ। ਇਨਾ ਤਰਹ ਦੇ ਭੁਜੰਗਾ ਜਾਂ

ਕਰ ਦਿਲਾ ਕੋਈ ਦੋਸਤੀ ਦਿਲਦਾ ਚਰਾਗ ਬਾਲ।
ਕਰੀਏ ਰਤਾ ਕੁ ਪੇਤਲਾ ਅਕਲਾਂ ਦਾ ਅੰਧ ਘੋਰ।

ਕਦੋਂ ਦਾ 'ਦਿਓਲ' ਬੀਤਿਆ ਹੈ ਗਜ਼ਲ ਦਾ ਸਮਾਂ।
ਹੁਣ ਵਿਚਾਰਾਂ ਹੋਰ ਹਨ ਹੁਣ ਬੈਹਰ ਨੇ ਹੋਰ।

ਕੱਛਾ ਹੁੰਦੀਆਂ ਹਨ ਅਤੇ ਦੋ ਹਜ਼ੂਰੀ ਪਰਨੇ (ਰੁਮਾਲੇ) ਹੁੰਦੇ ਹਨ। ਉਹਨਾ ਵਿਚੋਂ ਇਕ ਹੱਥ ਪੂੰਝਣ ਅਥਵਾ ਸਾਫ਼ ਕਰਨ ਲਈ ਅਤੇ ਦੂਜਾ ਕੱਛ ਬਦਲਣ ਲਈ ਅਤੇ ਹੁੰਦਾ ਹੈ। ਕੱਛ ਬਦਲਣ ਵਾਲੇ ਪਰਨੇ ਨਾਲ ਹੱਥ ਸਾਫ਼ ਨਹੀਂ ਕੀਤੇ ਜਾਂਦੇ। ਉਹ ਕੇਸ ਦਾੜ੍ਹੀ ਦਾ ਸਤਿਕਾਰ ਕਰਦੇ ਅਤੇ ਕੁੰਢੀਆਂ ਮੁਛਾਂ ਤੇ ਖੁਲ੍ਹੀਆਂ ਦਾੜ੍ਹੀਆਂ ਰਖਦੇ ਹਨ। ਦੋਰਾਂ ਬਾਹਾਂ ਵਿਚ ਲੋਹੇ ਦੇ ਮੋਟੇ ਕੜੇ ਪਹਿਨੇ ਹੁੰਦੇ ਹਨ ਜਿਹਨਾਂ ਨੂੰ ਸਰਬ ਲੋਹ ਦੇ ਕੜੇ ਆਖਿਆ ਜਾਂਦਾ ਹੈ। ਜਿਵੇਂ ਉਹ ਰਹਿਤ ਮਰਯਾਦਾ ਵਿਚ ਪ੍ਰਪੱਕ ਰਹਿੰਦੇ ਹਨ, ਉਸੇ ਤਰ੍ਹਾਂ ਸਰੀਰ ਨੂੰ ਰਿਸ਼ਟ ਪੁਸ਼ਟ ਰਖਣਾ ਅਤੇ ਸ਼ਸਤ੍ਰਾਂ ਦਾ ਅਭਿਆਸ ਕਰਨਾ ਵੀ ਉਹਨਾ ਦਾ ਰੋਜ਼ਾਨਾ ਮੁਖ ਫਰਜ਼ ਸਮਝਿਆ ਜਾਂਦਾ ਹੈ। ਉਹਨਾ ਦੇ ਸ਼ਸਤਰ ਭਾਰੇ, ਤੇਜ਼ ਅਤੇ ਕਾਰਗੀਰੀ ਦੇ ਨਮੂਨੇ ਹੁੰਦੇ ਹਨ ਜਿਹਨਾਂ ਨੂੰ ਉਠਾਉਣਾ ਅਤੇ ਵਰਤੋਂ ਵਿਚ ਲਿਆਉਣਾ ਮਾੜ ਸਰੀਰ ਵਾਲੇ ਇਨਸਾਨ ਦਾ ਕੰਮ ਨਹੀਂ।

ਕਦਾਵਰ ਥੇ ਬਲੀ ਅਪਾਰੀ
ਹਮ ਉਨ ਕੀ ਇਕ ਸ਼ਕਤਿ ਨਿਹਾਰੀ
ਉਨ ਸਿੰਘਨ ਕੇ ਸ਼ਸਤ੍ਰ ਜੋਈ
ਆਹਿ ਪਰਯੋ ਅਬ ਭੀ ਕਿਤ ਕੋਈ
ਸਾਗ ਢਾਲ ਸੰਜੋਇ ਆਹਨੀ
ਤੇਗ ਤੱੜਦਾਰ ਵਹਿਨੀ
ਜਵਾਨ ਜੋ ਐਸ ਜ਼ਮਾਨੇ ਕੇ ਹੈਂ
ਤਿਨ ਕੋ ਕੋਊ ਚਲਾ ਨ ਸਕੇ ਹੈਂ।

ਦਲ ਵਿਚ ਸ਼ਾਮਲ ਹੋਣ ਲਈ ਹਰ ਸਿਖ ਲਈ ਕੇਸ ਅਤੇ ਦਾੜ੍ਹੀ ਦਾ ਹੋਣਾ ਲਾਜ਼ਮੀ ਹੈ। ਦਲ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਸਿਖ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਜਾਂਦਾ ਹੈ ਤੇ ਫਿਰ ਉਸ ਸਿੰਘ ਦਾ ਨਵਾ ਨਾਮ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਹੁਕਮ ਲੈ ਕੇ ਰਖਿਆ ਜਾਂਦਾ ਹੈ ਅਤੇ ਉਸ ਨੂੰ ਬਾਣਾ ਅਤੇ ਸ਼ਸਤ੍ਰ ਸਜਾਉਣ ਦੀ ਆਗਿਆ ਦਿਤੀ ਜਾਂਦੀ ਹੈ।

ਨਵਾ ਸ਼ਾਮਲ ਹੋਇਆ ਨਿਹੰਗ ਸਿੰਘ ੧੧/- ਦਮੜੇ ਦਲ ਦੇ ਜਥੇਦਾਰ ਨੂੰ ਭੇਟ ਕਰਦਾ ਹੈ ਅਤੇ ਸ਼ਨਾਖਤੀ ਕਾਰਡ (ਆਈਡੈਂਟੀਟੀ ਕਾਰਡ) ਜਾਰੀ ਕਰ ਦਿੱਤਾ ਜਾਂਦਾ ਹੈ। ਜਿਸ ਨਿਹੰਗ ਸਿੰਘ ਕੋਲ ਸ਼ਨਾਖਤੀ ਕਾਰਡ ਨਾ ਹੋਵੇ, ਉਸ ਨੂੰ ਬੁਢਾ ਦਲ ਦਾ ਮੈਂਬਰ ਨਹੀ ਸਮਝਿਆ ਜਾਂਦਾ। ਉਸ ਸ਼ਨਾਖਤੀ ਕਾਰਡ ਨੂੰ ਹਰ ਸਾਲ ਰੀਨਿਊ ਕੀਤਾ ਜਾਂਦਾ ਹੈ, ਜਿਸ ਦੀ ਵਾਰਸ਼ਕ ਫੀਸ ਪੰਜ ਦਮੜੇ ਹੈ। ਇਸ ਤਰ੍ਹਾਂ ਪਿੰਡਾ ਤੇ ਕਸਬਿਆਂ ਵਿਚ ਜਾ ਕੇ ਸਿਖਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ।

ਨਿਹੰਗ ਸਿੰਘਾਂ ਦਾ ਰੋਜ਼ਾਨਾ ਕਾਰ ਵਿਹਾਰ

ਰੋਜ਼ਾਨਾ ਦਲ ਦਾ ਜਥੇਦਾਰ ਅੰਮ੍ਰਿਤ ਵੇਲੇ ਇਕ ਵਜੇ ਹੀ ਸਾਵਧਾਨ ਹੋ ਜਾਂਦਾ ਹੈ। ਦੋ ਵਜੇ ਸਾਰੀ ਫੌਜ (ਨਿਹੰਗ ਸਿੰਘ) ਸਾਵਧਾਨ ਹੋ ਜਾਂਦੀ ਹੈ। ਮੈਦਾਨ ਮਾਰਨਾ, ਦਾਤਨ ਕੁਰਲਾ ਕਰਨ ਤੋਂ ਬਾਅਦ ਇਸ਼ਨਾਨ ਕੀਤਾ ਜਾਂਦਾ ਹੈ ਅਤੇ ਫਿਰ ਬਾਣਾ ਸਜਾਇਆ ਜਾਂਦਾ ਜਿਸ ਨੂੰ ਸਜਾਉਣ ਲਈ ਪੌਣਾ ਕੁ ਘੰਟਾ ਲਗ ਜਾਂਦਾ ਹੈ।

ਅੰਮ੍ਰਿਤ ਵੇਲੇ ਚਾਰ ਵਜੇ ਸੁਖ ਨਿਧਾਨ ਦੀ ਦੇਗ ਤਿਆਰ ਕੀਤੀ ਜਾਂਦੀ ਹੈ ਜਿਸ ਨੂੰ ਸਿਰਫ਼ ਵਿਵੇਕੀ ਸਿੰਘ ਹੀ ਤਿਆਰ ਕਰਦੇ ਹਨ। ਇਸ ਦੇਗ ਨੂੰ "ਸ਼ਹੀਦੀ ਰਗੜਾ" ਵੀ ਲਗਾਇਆ ਜਾਂਦਾ ਹੈ। ਫਿਰ ਨਗਾਰੇ ਤੇ ਚੋਟ ਲਗਾਈ ਜਾਂਦੀ ਹੈ। ਚੋਟ ਅਥਵਾ ਡਗਾ ਲਗਾਉਣ ਦੇ ਵਖ ਵਖ ਤਰੀਕੇ ਹਨ। ਕਿਸ ਮਕਸਦ ਲਈ ਨਗਾਰਾ ਵਜਾਇਆ ਗਿਆ, ਇਸ ਨੂੰ ਨਿਹੰਗ ਸਿੰਘ ਤਾਂ ਕੀ, ਉਹਨਾ ਦੇ ਇਰਾਕੇ (ਘੋੜੇ) ਵੀ ਸਮਝ ਜਾਂਦੇ ਹਨ ਜੋ ਹਿਣਕਣ ਲਗ ਜਾਂਦੇ ਹਨ। ਦੇਗ ਸਭ ਵਿਚ ਵਰਤਾਈ ਜਾਂਦੀ ਹੈ। ਉਪਰੰਤ ਸੁਖਮਨੀ ਸਾਹਿਬ, ਜਾਪੁ ਸਾਹਿਬ, ਅਕਾਲ ਉਸਤਤਿ ਦਾ ਪਾਠ ਹੁੰਦਾ ਹੈ, ਫਿਰ ਆਦਿ ਗਰੰਥ ਦੀ ਕਥਾ, ਦਸਮ ਗ੍ਰੰਥ ਤੇ ਸਰਬ ਲੋਹ ਗਰੰਥ ਦੀ ਕਥਾ ਕੀਤੀ ਜਾਂਦੀ ਹੈ।

ਉਸ ਤੋਂ ਉਪਰੰਤ "ਗਰਮ ਜਲ" ਛਕਾਇਆ ਜਾਂਦਾ ਹੈ। ਪਹਿਲਾ ਚਾਹ ਵਰਤਾਈ ਜਾਂਦੀ ਸੀ ਪਰੰਤੂ ਬਾਦ ਵਿਚ ਇਸ ਦਾ ਵਰਤਾਰਾ ਬੰਦ ਕਰਵਾ ਦਿੱਤਾ ਗਿਆ। [illegible] ਗਰਮ ਜਲ, ਖੰਡ ਤੇ ਦੁਧ ਮਿਲਿਆ ਜਲ ਡਡ ਤੇ ਇਲਾਚੀਆਂ ਸਮੇਤ ਉਬਾਲਿਆ ਸੰਗਤ ਵਿਚ ਵਰਤਾਇਆ ਜਾਂਦਾ ਹੈ। ਦੁਪਹਿਰ ਸਮੇਂ ਫਿਰ ਨਗਾਰੇ ਤੇ ਡੱਗਾ ਲਗਾਇਆ ਜਾਂਦਾ ਹੈ ਤਾਂ ਸਾਰੇ ਸਿੰਘ ਲੰਗਰ ਛਕਣ ਆ ਜਾਂਦੇ ਹਨ, ਜਿਹਨਾਂ ਕੋਲ ਸਰਬ ਲੋਹ ਦੇ ਬਾਟੇ, ਕਰਮੰਡਲ ਤੇ ਡਬੋਲੀਏ ਹੁੰਦੇ ਹਨ। ਸ਼ਾਮ ਨੂੰ ਚਾਰ ਵਜ਼ੇ ਫਿਰ ਨਗਾਰੇ ਤੇ ਫਿਰ ਚੋਟ ਲਗਾਈ ਜਾਂਦੀ ਹੈ ਤੇ ਸ਼ਹੀਦੀ ਦੇਗ ਛਕਾਈ ਜਾਂਦੀ ਹੈ। ਸਰਬ ਲੋਹ ਦੇ ਬਾਟੇ ਜਿਹਨਾਂ ਵਿਚ ਦੋ ਕਿਲੋ ਵਸਤ ਪੈ ਸਕਦੀ ਹੈ, ਭਰਪੂਰ ਛਕਾਏ ਜਾਂਦੇ ਹਨ। ਉਸ ਤੋਂ ਪਿਛੋਂ "ਪੰਥ ਪ੍ਰਕਾਸ਼" ਦੀ ਕਥਾ ਹੁੰਦੀ ਹੈ। ਸ਼ਾਮ ਸਮੇਂ ਫਿਰ ਦੀਵਾਨ ਸਜਦਾ ਹੈ ਤਾਂ ਸ੍ਰੀ ਰਹਿਰਾਸ ਸਾਹਿਬ ਅਤੇ ਚੋਪਈ ਦਾ ਪਾਠ ਹੁੰਦਾ ਹੈ। ਉਪਰੰਤ ਆਰਤੀ, ਆਰਤਾ ਅਤੇ ਸ਼ਬਦ ਕੀਰਤਨ ਅਤੇ ਸ਼ਬਦ ਚੌਕੀ ਹੁੰਦੀ ਹੈ। ਰਾਤ ਦਾ ਲੰਗਰ ਅੱਠ ਨੌ ਵਜੇ ਤਕ ਛਕਾਇਆ ਜਾਂਦਾ ਹੈ।

ਸਿੰਘਾਂ ਦੇ ਬੋਲੇ ਗੜਗਜ ਬੋਲੇ :

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤਿ ਸਮਾਉਣ ਅਤੇ ਬੰਦਾ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਜੋ ਮਾਰੂ ਹਨੇਰੀ ਪੰਥ ਉਪਰ ਝੁੱਲੀ, ਉਸ ਨੂੰ ਖਿੜੇ ਮਥੇ ਝੱਲਣ ਲਈ ਨਿਹੰਗ ਸਿੰਘਾਂ ਨੇ ਵਰਤੋਂ ਵਾਲੀਆਂ ਚੀਜਾਂ ਦੇ ਅਜਿਹੇ ਨਾਮ ਰਖੇ ਜੋ ਕਿ ਉਹਨਾਂ ਦੀ ਸੂਰਬੀਰਤਾ ਦੇ ਪ੍ਰਤੀਕ ਹਨ, 'ਸਿੰਘਾ ਦੇ ਬੋਲੇ' ਕਹਾਏ। ਉਹਨਾ ਦੀ ਪੁਕਾਰ ਨਾਲ ਦੁਸ਼ਮਣ ਨੂੰ ਭਰਮ ਵਿਚ ਪਾਉਣਾ ਅਤੇ ਪੰਥ ਨੂੰ ਚੜ੍ਹਦੀ ਕਲਾ ਵਿਚ ਰਖਣਾ ਸੀ। ਸਮੇਂ ਦੀ ਤੋਰ ਅਨੇਕਾਂ ਉਹ ਬੋਲੇ ਖਤਮ ਹੋਈ ਜਾ ਰਹੇ ਹਨ। ਉਹਨਾਂ ਵਿਚੋਂ ਕੁਝ ਇਥੇ ਅੰਕਿਤ ਕੀਤੇ ਜਾ ਰਹੇ ਹਨ :

ਅਸਵਾਰਾ—ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਖ ਆਸਨ ਕਰਨਾ। ਅਕਲਦਾਨ-ਸੋਟਾ। ਅਕਾਲ-ਵਾਹਿਗੁਰੂ। ਅਕਾਲ ਅਕਾਲ-ਹੱਲਾ ਕਰਨ ਸਮੇਂ ਜੈਕਾਰਾ। ਅਕਾਲ ਬਾਂਗਾ - ਸਤਿ ਸ੍ਰੀ ਅਕਾਲ ਗਜਾਉਣਾ। ਅਕਾਲ ਬੁੰਗਾ - ਅਕਾਲੀਆਂ ਦਾ ਰਹਿਣ ਅਸਥਾਨ। ਅਕਾਲੀ-ਨਿਹੰਗ ਸਿੰਘ। ਅੰਗੀਠਾ - ਸ਼ਮਸ਼ਾਣ, ਮਸਾਣ। ਅਥੱਕ ਅਰਾਕੀ - ਮਾੜਾ ਘੋੜਾ। ਅਨੰਦ - ਵਿਆਹ ਖੁਸ਼ੀ, ਤ੍ਰਿਪਤ। ਅਨੰਦ ਪੜਾਉਣਾ - ਵਿਆਹ ਕਰਾਉਣਾ। ਅਫਲਾਤੂਨੀ-ਰਜ਼ਾਈ। ਅੰਮ੍ਰਿਤ - ਜਿਸ ਨੂੰ ਪਾਨ ਕਰ ਪੂਰਨ ਸਿੰਘ ਸਜਦਾ ਹੈ। ਅਬਚਲ ਨਗਰ-ਹਜ਼ੂਰ ਸਾਹਿਬ (ਨਦੇੜ) ਅਰਦਾਸਾ ਸੋਧਨਾ - ਬੇਨਤੀ

ਬਾਕੀ ਸਫਾ 10 ਤੇ



ਸਿੰਘਾਂ ਤਾਂ ਪੱਤਣ ਮੱਲੇ :

ਮਾਨ ਮਿਊਜ਼ਿਕ ਵੀਡੀਓ ਐਂਡ ਫ਼ੋਟੋ ਸਟੂਡੀਓ

6512 ਮੇਨ ਸਟਰੀਟ (49 ਐਵੇਨਿਊ) ਵੈਨਕੂਵਰ, ਬੀ. ਸੀ.

ਫ਼ੋਨ : 321-6667

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਭਰਪੂਰ ਸਿੰਘ ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਲੈਕਚਰ ਦੀ ਵੀਡੀਓ ਟੇਪ ਪਹੁੰਚ ਗਈ ਹੈ

"ਅਡੋਲ ਖਾਲਸਾ" ਕੁਲਦੀਪ ਮਾਣਕ ਦੀ 11 ਨੰਬਰ ਟੇਪ ਵਿੱਚ ਸੁਣੋ।

86 ਨੰਬਰ ਵਿੱਚ ਸੁਣੋ, ਗੁਰਦਾਸ ਮਾਨ, ਜਗਮੋਹਣ ਕੌਰ, ਕੁਲਦੀਪ ਮਾਣਕ ਅਤੇ ਹੋਰ ਬਹੁਤ ਸਾਰੇ ਕਲਾਕਾਰਾਂ ਦੇ ਗੀਤ

****

87 ਨੰਬਰ ਟੇਪ ਵਿੱਚ ਬਿਲਕੁੱਲ ਨਵੇਂ ਗਾਣੇ ਪਹੁੰਚ ਚੁੱਕੇ ਹਨ।

****

ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਲੈਕਚਰ ਦੀਆਂ 17 ਟੇਪਾਂ ਦਾ ਸੈਟ ਅਤੇ ਗਿਆਨੀ ਸੰਤ ਸਿੰਘ ਮਸਕੀਨ ਹੋਰਾਂ ਦੀਆਂ ਟੇਪਾਂ ਤੋਂ ਇਲਾਵਾ ਸ਼ਬਦ ਕੀਰਤਨ, ਧਾਰਮਿਕ ਗੀਤਾਂ ਦੀ 16 ਨੰਬਰ ਟੇਪ ਪਹੁੰਚ ਗਈ ਹੈ।

ਨੋਟ - ਵੀਡੀਓ ਮਸ਼ੀਨ, ਟੇਪ ਰਿਕਾਰਡ, ਰੇਡੀਓ ਦੀ ਤਸੱਲੀ ਬਖਸ਼ ਮੁਰੰਮਤ ਲਈ ਮਾਨ ਮਿਊਜਕ ਐਂਡ ਵੀਡਓ ਨੂੰ ਹਮੇਸ਼ਾ ਚੇਤੇ ਰੱਖੋ।

ਮੁਹੰਮਦ ਰਫੀ ਦੀਆਂ 32 ਗਾਣਿਆਂ ਦੀਆਂ ਟੇਪਾਂ ਸਾਥੋਂ ਖਰੀਦੋ।

ਰੀਕਾਰਡਿੰਗ ਵਧੀਆ ਤੇ ਟੇਪਾਂ ਦੀ ਕੁਆਲਿਟੀ ਵਧੀਆ।

ਆਪਨੀ ਮਨਪਸੰਦ ਦੇ ਗੀਤ ਤੁਸੀਂ ਮਾਨ ਮਿਊਜਕ ਤੋਂ ਭਰਵਾ ਸਕਦੇ ਹੋ। ਵਿਆਹ ਦੀ ਵੀਡੀਓ ਮੂਵੀਆਂ ਜਾਂ ਫੋਟੋਆਂ ਮਾਨ ਫੋਟੋ ਸਟੂਡੀਓ ਤੇ ਖਿਚਵਾਓ। ਪਾਸਪੋਰਟ ਜਾਂ ਵੀਜ਼ੇ ਲਈ ਫੋਟੋ ਪੰਜ ਮਿੰਟ ਵਿੱਚ ਖਿਚਵਾਓ।

ਸਟੋਰ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ

ਹੋਰ ਜਾਣਕਾਰੀ ਲਈ ਫੋਨ ਕਰੋ 321-6667

ਭਾਰਤ ਦੀ ਏਕਤਾ — ਅੰਖਡਤਾ ਨੂੰ ਖਤਰਾ

'ਸੂਫੀ' ਅਮਰਜੀਤ

ਅੱਜ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਸਾਰਿਆ ਸਮਿਆਂ ਨਾਲੋਂ ਵੱਧ ਖਤਰਾ ਪੈਦਾ ਹੋ ਚੁਕਿਆ ਹੈ। ਜਦੋਂ ਅਸੀਂ ਏਕਤਾ ਅਤੇ ਅਖੰਡਤਾ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਅਰਥ ਹੁੰਦਾ ਹੈ ਲੋਕਾਂ ਦੀ ਏਕਤਾ ਅਤੇ ਭੂਗੋਲਕ ਤੋਰ ਤੇ ਦੇਸ਼ ਦੀ ਅਖੰਡਤਾ। ਤਾਂ ਫਿਰ ਲੋਕਾਂ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਕਿਸ ਤੋਂ ਪੈਦਾ ਹੋ ਚੁੱਕਾ ਹੈ ? ਇਹ ਸਵਾਲ ਹੈ ਜਿਸ ਉਪਰ ਅਸੀ ਵਿਚਾਰ ਕਰਨਾ ਚਾਹੁੰਦੇ ਹਾਂ।

ਨਿਸ਼ਚੇ ਹੀ ਇਹ ਖਤਰਾ ਹੋਰ ਕਿਸੇ ਪਾਸਿਓਂ ਜਾਂ ਹੋਰਨਾਂ ਸ਼ਕਤੀਆਂ ਤੋਂ ਦੂਜੇ ਦਰਜੇ ਉਪਰ ਆਉਂਦਾ ਹੈ ਪਹਿਲਾਂ ਇਸ ਦਾ ਮੂਲ ਕਾਰਨ ਤਾਂ ਆਜ਼ਾਦੀ ਤੋਂ ਮਗਰੋਂ ਦੀ ਕਾਂਗਰਸ ਪਾਰਟੀ ਦੀ ਸਰਕਾਰ ਹੈ, ਸਰਕਾਰ ਜੋ ਕਿ ਨਹਿਰੂ ਖਾਨਦਾਨ ਦੀ ਇਕ ਹਕੂਮਤ ਹੈ, ਨੇ ਪੈਦਾ ਕੀਤਾ ਹੈ। ਜਿਸਨੇ ਲਗਾਤਾਰ ਅਜਿਹੀਆ ਨੀਤੀਆਂ ਧਾਰਨ ਕੀਤੀਆਂ ਹਨ ਜੋ ਇਕ ਪਾਸੇ ਦੇਸ਼ ਦੀ ਵੱਡੀ ਸਰਮਾਏਦਾਰੀ ਅਤੇ ਜਾਗੀਰਦਾਰਾਂ ਭਾਵ ਵਿਰਲਿਆਂ, ਟਾਟਿਆਂ ਤੇ ਰਜਵਾੜਿਆਂ ਦੇ ਹਿਤਾਂ ਦੀ ਰਾਖੀ ਕਰਦੀਆਂ ਹਨ, ਅਤੇ ਉਨ੍ਹਾਂ ਦੀ ਭਾਰਤ ਦੀ ਆਰਥਕਤਾ ਉਪਰ ਜਕੜ ਨੂੰ ਮਜ਼ਬੂਤ ਕਰਦੀਆਂ ਹਨ। ਦੂਜੇ ਪਾਸੇ ਦੇਸ਼ ਦੇ ਕਰੋੜਾਂ ਲੋਕਾਂ ਨੂੰ ਗਰੀਬੀ, ਬੇਰੁਜ਼ਗਾਰੀ, ਕੁਰੱਪਸ਼ਨ, ਅਨਪੜ੍ਹਤਾ ਆਦਿ ਦੀਆਂ ਜੰਜ਼ੀਰਾਂ ਵਿਚ ਜਕੜ ਕੇ ਉਨ੍ਹਾਂ ਨੂੰ ਅਨੈਰਵਿਰਤੀ ਵਿਚਾਰਾਂ ਦੀ ਅੰਧ-ਵਿਸ਼ਵਾਸ਼ੀ ਦੀ ਦਲਦਲ ਵਿਚ ਸੁੱਟਦੀਆਂ ਹਨ।

ਸਾਨੂੰ ਪਤਾ ਹੈ ਕਿ ਭਾਰਤ ਇਕ ਬਹੁ ਕੌਮੀ, ਬਹੁ ਸਭਿਆਚਾਰਕ ਅਤੇ ਵਿਭਿਨ ਭੂਗੋਲਕ ਹਾਲਤਾਂ ਵਾਲਾ ਦੇਸ਼ ਹੈ ਅਤੇ ਹਰ ਥਾਂ ਉਪਰ ਆਰਥਕ ਵਿਕਾਸ ਅਸਾਵਾਂ ਹੈ। ਅੰਗਰੇਜ਼ ਰਾਜ ਤੋਂ ਪਹਿਲਾਂ ਅਤੇ ਅੰਗਰੇਜ਼ ਰਾਜ ਸਮੇਂ ਦੇਸ਼ ਦੇ ਵਿਕਾਸ ਵੱਲ ਕੋਈ ਧਿਆਨ ਨਹੀਂ ਦਿਤਾ ਗਿਆ ਸੀ। ਪ੍ਰੰਤੂ ਆਜ਼ਾਦੀ ਤੋਂ ਮਗਰੋਂ ਕਾਂਗਰਸ ਸਰਕਾਰ ਨੇ ਜਿਨ੍ਹਾਂ ਨੀਤੀਆ ਨੂੰ ਧਾਰਨ ਕੀਤਾ, ਉਨ੍ਹਾਂ ਅਨੁਸਾਰ ਦੇਸ਼ ਦੇ ਕਰੋੜਾਂ ਲੋਕਾਂ ਦੀ ਮਿਹਨਤ ਦਾ ਫਲ ਉਨ੍ਹਾਂ ਦੇ ਪੱਲੇ ਪੈਣ ਨਹੀਂ ਦਿਤਾ ਗਿਆ। ਲੋਕਾਂ ਨੇ ਦਿਨ ਰਾਤ ਇਕ ਕਰਕੇ ਏਨੀ ਕਰਨੀ ਮਿਹਨਤ ਕੀਤੀ ਅਤੇ ਸਾਰੇ ਖੇਤਰਾਂ ਵਿਚ ਹੀ ਬੇਹੱਦ ਉਤਪਾਦਨ ਕੀਤਾ, ਜੋ ਕਿ ਸਾਡੇ ਦੇਸ਼ ਦੇ ਲੋਕਾਂ ਦਾ ਜੀਵਨ ਖੁਸ਼ੀਆ ਭਰਿਆ ਬਣਾ ਸਕਦਾ ਸੀ। ਪ੍ਰੰਤੂ ਉਹ ਸਾਰਾ ਉਤਪਾਦਨ ਦੇਸ਼ ਦੇ ਸਰਮਾਏਦਾਰਾਂ ਅਤੇ ਹਾਕਮਾਂ ਨੇ ਸਮੇਟ ਲਿਆ। ਅੱਜ ਦੇਸ਼ ਦੇ 119 ਘਰਾਣਿਆਂ ਕੋਲ ਭਾਰਤ ਦੀ ਕੁੱਲ ਪੂੰਜੀ ਦਾ 50 ਫੀਸਦੀ ਹੈ।

ਏਕਤਾ ਨੂੰ ਸੱਟ

ਦੇਸ਼ ਦੇ ਲੋਕਾਂ ਦੀ ਏਕਤਾ ਨੂੰ ਤੋੜਨ ਲਈ ਹਾਕਮ ਜਮਾਤਾਂ ਦੀਆ ਪਾਰਟੀਆਂ ਨੇ ਹਰ ਉਹ ਹਰਬਾ ਵਰਤਿਆ, ਜਿਸ ਨਾਲ ਇਕੋ ਜਮਾਤ ਨਾਲ ਸੰਬੰਧ ਰੱਖਣ ਵਾਲੇ ਲੋਕ ਇਕ ਦੂਜੇ ਦੇ ਵੈਰੀ ਬਣ ਜਾਣ। ਸਾਰੇ ਮਿਹਨਤੀ-ਕਿਸਾਨ ਲੋਕ, ਜੋ ਧਰਮਾਂ ਵਜੋਂ ਹਿੰਦੂ, ਸਿਖ, ਮੁਸਲਮਾਨ ਜਾਂ ਈਸਾਈ ਹਨ, ਪ੍ਰੰਤੂ ਮਿਹਨਤੀ ਹੋਣ ਦੇ ਕਾਰਨ ਇਕ ਮਿਹਨਤਕਸ਼ ਜਮਾਤ ਨਾਲ ਸੰਬੰਧ ਰੱਖਦੇ ਹਨ। ਸਾਰੇ ਮਿਹਨਤੀ ਲੋਕਾਂ ਦੀ ਏਕਤਾ ਦਾ ਹੋਣਾ, ਹਾਕਮ ਕਾਂਗਰਸ ਪਾਰਟੀ ਅਤੇ ਹਾਕਮ ਲੁਟੇਰੀ ਜਮਾਤ ਨੂੰ ਕਮਜ਼ੋਰ ਕਰਦਾ ਹੈ। ਇਸ ਲਈ ਇਨ੍ਹਾਂ ਲੋਕਾਂ ਦੀ ਏਕਤਾ ਨੂੰ ਤੋੜਨ ਲਈ ਸਿੱਧੇ ਸਾਦੇ ਅਸੂਲਾਂ ਨੂੰ ਵੀ ਇਸ ਤਰ੍ਹਾਂ ਲਾਗੂ ਕੀਤਾ ਕਿ ਇਕੋ ਜਮਾਤ ਨਾਲ ਸੰਬੰਧ ਰੱਖਣ ਵਾਲੇ ਲੋਕ, ਬੋਲੀ ਦੇ ਵਖਰੇਵੇਂ ਕਾਰਨ, ਧਰਮ ਦੇ ਵਖਰੇਵੇਂ ਕਾਰਨ ਜਾਂ ਰਾਜਾਂ ਦੇ ਵਖਰੇਵੇਂ ਕਾਰਨ, ਪਿਛਲੇ 37 ਸਾਲਾਂ ਵਿਚ ਇਕ ਦੂਜੇ ਨਾਲ ਲੜਾਏ ਗਏ ਹਨ। ਇਸ ਵਿਚ ਧਰਮ ਦੇ ਆਧਾਰ ਉਪਰ ਬਣੀਆਂ ਪਾਰਟੀਆਂ ਅਤੇ ਕੱਟੜਵਾਦੀ ਧਾਰਮਕ ਫਿਰਕਿਆਂ ਦਾ ਵੀ ਪੂਰਾ ਹਿਸਾ ਹੈ। ਅਸੀਂ ਵੇਖਿਆ ਹੈ ਕਿ ਆਜ਼ਾਦੀ ਤੋਂ ਮਗਰੋਂ ਕਿਵੇਂ ਹਿੰਦੂ ਅਤੇ ਮੁਸਲਮਾਨਾਂ ਦੇ ਖੂਨੀ ਫਸਾਦ ਕਰਵਾਏ ਗਏ। ਇਸ ਦੀ ਤਾਜ਼ਾ ਮਿਸਾਲ ਜਲਗਾਉਂ, ਵਿਭੰਡੀ ਹਨ ਜਿਥੇ 14 ਸਾਲ ਪਹਿਲਾਂ ਵੀ ਹਿੰਦੂ ਮੁਸਲਮਾਨ ਫਸਾਦ ਕਰਾਏ ਗਏ ਸਨ। ਪਹਿਲਾਂ ਜਮਸ਼ੇਦਪੁਰ, ਅਹਿਮਦਾਬਾਦ ਆਦਿ ਥਾਵਾਂ ਉਪਰ ਵੀ ਅਜਿਹੇ ਫਸਾਦ ਹੋਏ, ਜਿਨ੍ਹਾਂ ਵਿਚ ਬੇਗੁਨਾਹ ਮਿਹਨਤੀ ਲੋਕਾਂ ਦਾ ਖੂਨ ਡੁਲ੍ਹਿਆ। ਆਸਾਮ ਵਿਚ ਆਸਾਮੀ ਅਤੇ ਗੈਰ ਆਸਾਮੀਆਂ ਦੇ ਆਧਾਰ ਉਪਰ ਹਜ਼ਾਰਾਂ ਲੋਕਾਂ ਦਾ ਖੂਨ ਹੋਇਆ। ਪੰਜਾਬ ਵਿਚ ਹਿੰਦੂ ਸਿੱਖਾਂ ਦੇ ਦਰਮਿਆਨ ਜੋ ਨਫਰਤ ਦੀ ਅਗ ਪਿਛਲੇ 25-30 ਸਾਲਾਂ ਤੋਂ ਮਘਾਈ ਜਾ ਰਹੀ ਸੀ ਉਸਦਾ ਨਤੀਜਾ ਪੰਜਾਬ ਵਿਚ ਹਿੰਦੂਆਂ ਅਤੇ ਹਰਿਆਣੇ ਵਿਚ ਸਿਖਾਂ ਦੇ ਕਤਲਾਂ ਵਿਚ ਨਿਕਲਿਆ।

ਪੰਜਾਬ ਦੀਆਂ ਘਟਨਾਵਾਂ ਤਾਂ ਅਜਿਹਾ ਰੂਪ ਧਾਰਨ ਕਰ ਗਈਆਂ, ਜਿਸ ਨਾਲ ਸਮੁੱਚਾ ਦਜ਼ਲ ਹੀ ਝੰਜੋੜਿਆ ਗਿਆ। ਹਰਿਮੰਦਰ ਸਾਹਿਬ ਵਿੱਚ ਦੀਆਂ ਦੁੱਖਦਾਈ ਘਟਨਾਵਾਂ ਨੇ ਸਾਰੇ ਸਿੱਖ ਜਗਤ ਦੇ ਦਿਲਾਂ ਉਪਰ ਬੜੀ ਕਾਰੀ ਸੱਟ ਮਾਰੀ ਹੈ। ਇਹ ਸਭ ਕੁਝ ਕਿਉਂ ? ਕਿ ਕਾਂਗਰਸ ਸਰਕਾਰ ਆਪਣੀ ਪਾਰਟੀ ਹਿਤਾਂ ਲਈ ਅਤੇ ਸਰਕਾਰ ਉਪਰ ਕਬਜ਼ਾ ਜਮਾਈ ਰੱਖਣ ਲਈ ਸਮੱਸਿਆਵਾਂ ਨੂੰ ਸੁਲਝਾਉਣ ਦੀ ਥਾਵੇਂ, ਜਾਣ ਬੁੱਝ ਕੇ ਉਲਝਾਉਣ ਵਿੱਚ ਲੱਗੀ ਹੋਈ ਹੈ। ਅਜਿਹੇ ਖਤਰਨਾਕ ਕੰਮ, ਜੋ ਲੋਕਾਂ ਨੂੰ ਤੋੜਦੇ ਹੋਣ ਅਤੇ ਲੋਕਾਂ ਨੂੰ ਇਕ ਦੂਜੇ ਦੇ ਦੁਸ਼ਮਣ ਬਣਾ ਦਿੰਦੇ ਹੋਣ, ਉਹ ਦੇਸ਼ ਦੇ ਵਿਆਪਕ ਹਿਤਾਂ ਦੇ ਵਿਰੁੱਧ ਹਨ। ਇਹ ਇੱਕ ਤਰ੍ਹਾਂ ਨਾਲ ਸਾਡੇ ਬਹਾਦਰ ਦੇਸ਼ ਭਗਤਾਂ ਅਤੇ ਆਜ਼ਾਦੀ ਲਹਿਰ ਦੇ ਸ਼ਹੀਦਾਂ ਵੱਲੋਂ ਕਾਇਮ ਕੀਤੀਆਂ ਏਕਤਾ ਦੀਆਂ ਬੁਨਿਆਦਾਂ ਅਤੇ ਨਰੋਈਆਂ ਪਰੰਪਰਾਵਾਂ ਨਾਲ ਗਦਾਰੀ ਹੈ।

ਲੋਕਾਂ ਨੂੰ ਪਾੜਨ ਦਾ ਕੰਮ ਅੰਗਰੇਜ਼ ਇਸ ਲਈ ਕਰਦੇ ਸਨ ਕਿ ਉਹ ਆਪਣਾ ਰਾਜ ਕਾਇਮ ਰੱਖਣ ਸਕਣ। ਇਹੋ ਕਾਂਗਰਸ ਪਾਰਟੀ ਨੇ ਆਪਣੀਆਂ ਭੈੜੀਆਂ ਇੱਛਾਵਾਂ ਦੀ ਪੂਰਤੀ ਲਈ ਆਪਣੀਆਂ ਨੀਤੀਆਂ ਦਾ ਆਧਾਰ ਬਣਾ ਲਿਆ ਹੈ। ਕਾਂਗਰਸ ਦਾ ਅੰਤ ਵੀ ਅੰਗਰੇਜ਼ਾਂ ਵਾਲਾ ਹੀ ਹੋਵੇਗਾ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਹੈ। ਕਿਉਂਕਿ ਇਕ ਵੱਡੀ ਗਿਣਤੀ ਵਿੱਚ ਲੋਕ ਵਿਚ ਇਹ ਮਹਿਸੂਸ ਕਰਨ ਲੱਗ ਗਏ ਹਨ ਕਿ ਇੰਦਰਾ ਸਰਕਾਰ ਉਨ੍ਹਾਂ ਦੀ ਦੁਸ਼ਮਣ ਹੈ। ਇਹ ਵਿਸ਼ੇਸ਼ ਪਰਚਾਰ-ਪ੍ਰਾਪੇਗੰਡੇ ਦੇ ਕਾਰਨ ਨਹੀਂ ਹੋਇਆ, ਸਗੋਂ ਇਹ ਕਾਂਗਰਸ ਸਰਕਾਰ ਦੇ ਲੋਕ ਵਿਰੋਧੀ ਅਮਲਾਂ ਤੋਂ ਪੈਦਾ ਹੋਈ ਭਾਵਨਾ ਹੈ। ਭਾਰਤ ਦੇ ਲੋਕ ਅੱਜ ਬੜੇ ਹੀ ਦੁਖੀ ਹਨ, ਜਦੋਂ ਬੇਰੁਜ਼ਗਾਰੀ ਇੰਨੀ ਵੱਡੀ ਗਿਣਤੀ ਵਿਚ ਹੋਵੇ, ਜਦੋਂ ਮਹਿੰਗਾਈ ਅਤੇ ਰਿਸ਼ਵਤ ਦਾ ਬੋਲਬਾਲਾ ਹੋਵੇ, ਲੋਕਾਂ ਦੀਆਂ ਸਾਧਾਰਨ ਅਤੇ ਵਾਜਬ ਮੰਗਾਂ ਨੂੰ ਪ੍ਰਵਾਨ ਨਾ ਕੀਤਾ ਜਾਂਦਾ ਹੋਵੇ, ਉਲਟਾ ਵੀ ਆਵਾਜ਼ ਨੂੰ ਲਾਠੀ ਗੋਲੀ, ਦਫਾ 144 ਅਤੇ ਕਰਫਿਊ ਨਾਲ ਦਬਾ ਦਿਤਾ ਜਾਂਦਾ ਹੋਵੇ ਤਾਂ ਲੋਕਾਂ ਦੇ ਮਨਾਂ ਵਿਚ ਰੋਹ ਪੈਦਾ ਹੋਣਾ ਕੁਦਰਤੀ ਹੈ। ਉਹ ਵੱਖ ਵੱਖ ਰੂਪਾਂ ਵਿੱਚ ਪੈਦਾ ਹੋ ਰਿਹਾ ਹੈ। ਪਰ ਸਰਕਾਰ ਲੋਕਾਂ ਨੂੰ ਲੋਕਾਂ ਵਿਰੁਧ ਹੀ ਮੋੜਨ ਵਿੱਚ ਹਾਲੇ ਤੱਕ ਸਫਲ ਹੋ ਰਹੀ ਹੈ। ਇਸ ਲਈ ਕਿ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਦੇਸ਼ ਵਿੱਚ ਲੋਕ ਜਮਹੂਰੀ ਲਹਿਰ ਪਿਛਲੇ ਦੋ ਸਾਲਾਂ ਵਿੱਚ ਕਾਫੀ ਵਧੀ ਫੁੱਲੀ ਸੀ। ਜਿਨ੍ਹਾਂ ਅਮਨ ਦਾ ਸਵਾਲ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਦਾ ਸਵਾਲ ਆਦਿ ਉਠਾ ਕੇ ਲੋਕਾਂ ਨੂੰ ਲਾਮਬੰਦ ਕੀਤਾ, ਜਿਸ ਕਾਰਨ ਸਰਕਾਰ ਨੇ ਹੱਦ ਦਰਜੇ ਦੀਆਂ ਨੀਵਾਣਾਂ ਤੱਕ ਉਤਾਰ ਕੇ ਵਿਰੋਧੀ ਪਾਰਟੀਆਂ ਉਪਰ ਘਟੀਆ ਹਮਲਜ਼ ਕੀਤੇ। ਆਪਣੇ ਆਪ ਨੂੰ ਉੱਚਾ ਬਣ ਦਿਖਾਉਣ ਦੇ ਯਤਨ ਕੀਤੇ। ਪ੍ਰੰਤੂ ਉਹ ਲੋਕਾਂ ਦੀ ਅੱਖੀਂ ਧੂੜ ਬਹੁਤਾ ਚਿਰ ਨਹੀਂ ਪਾ ਸਕਦੀ। ਇਸ ਲੋਕ ਜਮਹੂਰੀ ਲਹਿਰ ਨੂੰ ਤੋੜਨ ਲਈ ਅਤੇ ਨੁਕਸਾਨ ਪਹੁੰਚਾਉਣ ਲਈ ਸਰਕਾਰ ਨੇ ਫਿਰਕੂ ਜ਼ਹਿਰ ਰੋਕਣ ਦੀ ਥਾਵੇਂ ਜਾਣ ਬੁਝ ਕੇ, ਅਣਗੌਲਿਆ ਕਰਕੇ, ਉਨ੍ਹਾਂ ਨੂੰ ਵਧਣ ਫੁੱਲਣ ਲਈ ਆਧਾਰ ਤਿਆਰ ਕੀਤਾ।

ਸਾਰੇ ਦੇਸ਼ ਦੇ ਲੋਕਾਂ ਦੀ ਏਕਤਾ ਹੀ ਇੰਦਰਾ ਕਾਂਗਰਸ ਸਰਕਾਰ ਦੇ ਦੁਰਰਾਜ ਦਾ ਅੰਤ ਕਰ ਸਕਦੀ ਹੈ। ਇਸ ਲਈ ਲੋਕਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ ਕਿ ਸਰਕਾਰ ਜਾਂ ਹੋਰ ਫੁੱਟ ਪਾਉਣ ਵਾਲੀਆਂ ਸ਼ਕਤੀਆਂ, ਉਨ੍ਹਾਂ ਦੀ ਏਕਤਾ ਨੂੰ ਤੋੜਨ ਵਿੱਚ ਸਫਲ ਨਾ ਹੋ ਜਾਣ।

ਅਖੰਡਤਾ ਤੇ ਵਾਰ

ਪਿਛਲੇ ਸਮੇਂ ਵਿੱਚ ਭਾਰਤ ਵਿੱਚ ਜੋ ਵੱਖੋ ਵੱਖ ਥਾਵਾਂ ਉਪਰ ਵੱਖਵਾਦੀ ਰੁਝਾਨ ਪੈਦਾ ਹੋਏ ਹਨ; ਚਾਹੇ ਉਹ ਨਾਗਾਲੈਂਡ, ਮੀਜ਼ੋਰਾਮ, ਆਸਾਮ, ਪੰਜਾਬ ਤਾਮਲਨਾਡੂ ਜਾਂ ਹੋਰ ਜਿਧਰੇ ਸਨ, ਉਨ੍ਹਾਂ ਦਾ ਕਾਰਨ ਕੇਂਦਰ ਸਰਕਾਰ ਦਾ ਰਾਜਾਂ ਨੂੰ ਵਧੇਰੇ ਅਧਿਕਾਰ ਨਾ ਦੇਣਾ ਅਤੇ ਕੇਂਦਰ ਦੀ ਸ਼ਕਤੀ ਨੂੰ ਹੋਰ ਮਜ਼ਬੂਤ ਕਰਨਾ ਹੈ। ਕਾਂਗਰਸ ਵੱਖੋ ਵੱਖ ਸੂਬਿਆ ਦੀਆਂ ਰਾਜ ਪੱਧਰ ਦੀਆਂ ਪਾਰਟੀਆਂ ਨੂੰ ਦੇਸ਼ ਲਈ ਫੁੱਟ ਪਾਊ ਗਰਦਾਨ ਰਹੀ ਹੈ ਅਤੇ ਕੌਮੀ ਪੱਧਰ ਦੀਆਂ ਪਾਰਟੀਆਂ ਨੂੰ ਕਾਂਗਰਸ ਪਾਰਟੀ ਦੇ ਰਾਜ ਨੂੰ ਖਤਮ ਕਰਕੇ ਆਪਣੀ ਹਕੂਮਤ ਕਾਇਮ ਕਰਨ ਦਾ ਦੋਸ਼ੀ ਠਹਿਰਾਉਂਦੀ ਹੈ। ਅਸਲ ਵਿੱਚ ਇਹ ਇੰਦਰਾ ਕਾਂਗਰਸ ਪਾਰਟੀ ਦੀ ਗੈਰ ਜਮਹੂਰੀ ਅਤੇ ਲੋਕ ਵਿਰੋਧੀ ਡਿਕਟੇਟਰਾਨਾ ਸੋਚ ਦਾ ਹੀ ਪ੍ਰਗਟਾ ਹੈ।

ਜੇ ਰਾਜਾਂ ਨੂੰ ਵਧੇਰੇ ਅਧਿਕਾਰ ਹੋਣਗੇ, ਤਦ ਹੀ ਰਾਜ ਪੱਧਰ ਅਤੇ ਕੌਮੀ ਪੱਧਰ ਦੀਆਂ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ, ਉਨ੍ਹਾਂ ਦੇ ਰਾਜਨੀਤਿਕ-ਆਰਥਿਕ ਪ੍ਰੋਗਰਾਮਾਂ ਨੂੰ ਲਾਗੂ ਕਰਨ ਦਾ ਮੌਕਾ ਮਿਲੇਗਾ, ਜੋ ਕਿ ਕਾਂਗਰਸ ਸਰਕਾਰ ਨਹੀਂ ਦੇਣਾ ਚਾਹੁੰਦੀ। ਇਹੋ ਕੁੱਝ ਰਾਜਾਂ ਦੀ ਕੇਂਦਰ ਨਾਲ ਟੱਕਰ, ਰਾਜਾਂ ਦੀ ਗੁਆਂਢੀ ਰਾਜਾਂ ਨਾਲ ਟੱਕਰ ਅਤੇ ਵੱਖਵਾਦੀ ਰੁਝਾਨਾਂ ਨੂੰ ਜਨਮ ਦਿੰਦੀ ਹੈ। ਜੋ ਕਿ ਦੇਸ਼ ਦੀ ਅਖੰਡਤਾ ਲਈ ਖਤਰਾ ਪੈਦਾ ਕਰਦੇ ਹਨ। ਇਸ ਲਈ ਦੇਸ਼ ਦੀ ਅਖੰਡਤਾ ਨੂੰ ਖਤਰੇ ਦਾ ਮੂਲ ਕਾਰਨ ਇੰਦਰਾ ਕਾਂਗਰਸ ਸਰਕਾਰ ਹੈ।

ਕੱਲਾ ਕਹਿਰਾ ਕੋਈ ਰਾਜ ਕੇਂਦਰ ਤੋਂ ਵੱਧ ਅਧਿਕਾਰ ਪ੍ਰਾਪਤ ਨਹੀਂ ਕਰ ਸਕਦਾ, ਸਗੋਂ ਸਾਰੀਆਂ ਰਾਜ ਪੱਧਰ ਅਤੇ ਕੌਮੀ ਪਾਰਟੀਆਂ ਹੀ ਮਿਲ ਕੇ ਇਹ ਹੱਕ ਜਿੱਤ ਸਕਦੀਆਂ ਹਨ। ਯਾਦ ਰਹੇ ਭਾਰਤੀ ਜਨਤਾ ਪਾਰਟੀ (ਪਹਿਲਾਂ ਦੀ ਜਨਸੰਘ) ਜੋ ਜਨਤਾ ਰਾਜ ਵੇਲੇ ਭਾਰੂ ਸੀ, ਵੀ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੇ ਵਿਰੁੱਧ ਹੈ। ਸਗੋਂ ਉਹ ਤਾਂ ਬੋਲੀ ਦੇ ਆਧਾਰ ਉਪਰ ਸੂਬਿਆਂ ਨੂੰ ਖਤਮ ਕਰਕੇ ਚਾਰ-ਪੰਜ ਹਿੱਸਿਆਂ ਵਿੱਚ ਦੇਸ਼ ਦੀ ਵੰਡ ਕਰਕੇ ਹਿੰਦੂ ਰਾਜ ਦੀ ਸਥਾਪਨਾ ਦੀ ਵਕਾਲਤ ਕਰਦੀ ਰਹੀ ਹੈ ਅਤੇ ਅੱਜ ਵੀ ਅਜਿਹੇ ਸੁਪਨੇ ਲੈਂਦੀ ਹੈ।

ਦੇਸ਼ ਦੀ ਅਖੰਡਤਾ ਕਿਉਂ ਜ਼ਰੂਰੀ ਹੈ? ਇਸ ਲਈ ਕਿ ਇਹ ਦੇਸ਼ ਦੇ ਮਿਹਨਤੀ-ਕਿਸਾਨਾਂ ਅਤੇ ਆਮ ਲੋਕਾਂ ਦੇ ਹਿੱਤਾਂ ਵਿਚ ਹੈ। ਜਿੰਨਾ ਵੱਡਾ ਕੰਮ ਕਰਨ ਦਾ ਖੇਤਰ ਹੋਵੇਗਾ ਉਨ੍ਹੀ ਵੱਡੀ ਹੀ ਸੰਭਾਵਨਾ ਮਿਹਨਤੀ ਲੋਕਾਂ ਲਈ ਕੰਮ ਭਾਲਣ ਲਈ ਸਹਾਈ ਹੋਵੇਗੀ। ਅਸਾਂ ਪੰਜਾਬ ਦੀ ਮਿਸਾਲ ਹੀ ਲਈਏ ਕਿ ਇਕ ਕਰੋੜ ਦੇ ਕਰੀਬ ਪੰਜਾਬੀ ਬੋਲਣ ਵਾਲੇ ਲੋਕ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਹਨ। ਜਿਨ੍ਹਾਂ ਵਿੱਚ 70 ਲੱਖ ਸਿਖ ਹਨ ਜੋ ਕਿ ਦੇਸ਼ ਦੇ ਹਰ ਰਾਜ ਵਿੱਚ ਆਪਣੇ ਕਾਰੋਬਾਰ ਖੇਤੀ, ਵਿਉਪਾਰ, ਟਰਾਂਸਪੋਰਟ ਆਦਿ ਦੇ ਕਿੱਤਿਆਂ ਵਿਚ ਲੱਗੇ ਹੋਏ ਹਨ। ਇਸੇ ਤਰ੍ਹਾਂ ਯੂ. ਪੀ. ਦੇ ਭਈਏ ਮਜ਼ਦੂਰ ਪੰਜਾਬ ਆਉਂਦੇ ਹਨ। ਤਾਮਲਨਾਡੂ ਦੇ ਮਹਾਰਾਸ਼ਟਰ, ਗੁਜਰਾਤ ਤੇ ਹੋਰ ਥਾਵਾਂ ਵਿੱਚ, ਬੰਗਾਲ ਦੇ ਆਸਾਮ ਵਿੱਚ ਆਦਿ। ਭਾਵ ਇਹ ਹੈ ਕਿ ਮਿਹਨਤੀ ਲੋਕਾਂ ਲਈ ਜਿਨਾ ਵੱਡਾ ਕੰਮ ਦਾ ਖੇਤਰ ਹੋਵੇਗਾ ਉਨ੍ਹਾਂ ਦੇ ਹਿੱਤ ਵਿੱਚ ਹੀ ਹੋਵੇਗਾ।

ਬਾਕੀ ਸਫਾ 19 ਤੇ

ਬੇਇਨਸਾਫੀ

ਗੁਰਦਿਆਲ ਸਿਘ ਭਟੋਆ

ਅੱਜ ਭਾਰਤ ਦੀ ਤਾਣੀ ਉਲਝੀ ਪਈ ਹੈ। ਕਿਸੇ ਪਾਸੇ ਵੀ ਨਜ਼ਰ ਮਾਰੋ ਕੋਈ ਵੀ ਚੀਜ਼ ਸਪਸ਼ਟ ਨਜ਼ਰ ਨਹੀਂ ਆਉਂਦੀ। ਕੀ ਮੈਂ ਪੁਛ ਸਕਦਾ ਹਾਂ ਕਿ ਮਨੁਖਤਾ ਦੇ ਪਤਣ ਦਾ ਰੋਗ ਜੋ ਇਤਨੀ ਤੇਜ਼ੀ ਨਾਲ ਵਧ ਰਿਹਾ ਹੈ ਇਸ ਨੂੰ ਕੌਣ ਜਨਮ ਦੇ ਰਿਹਾ ਹੈ। ਇਸ ਦੇ ਕਟਾਣੂਆਂ ਨੂੰ ਕੌਣ ਪਾਲ ਰਿਹਾ ਹੈ। ਭਾਰਤ ਸਰਕਾਰ ਇਹ ਸਭ ਕੁਝ — ? ਜੇ ਨਹੀਂ ਤਾਂ ਇਤਨਾ ਲੰਮਾ ਸਮਾਂ ਚੁਪ ਕਿਉਂ ਬੈਠੀ ਰਹੀ। ਪੰਜਾਬ ਵਿਚ ਜੋ ਵੀ ਬੇਇਨਸਾਫੀ ਕੀਤੀ ਹੈ ਇਸ ਤੋਂ ਸਾਫ ਨਜ਼ਰ ਆਉਂਦਾ ਹੈ ਕਿ ਸਰਕਾਰ ਦੀ ਨੀਅਤ ਸਾਫ ਨਹੀਂ ਹੈ। ਸਭ ਬੇਚੈਨੀ ਦੀ ਜ਼ਿੰਮੇਵਾਰ ਭਾਰਤ ਸਰਕਾਰ ਹੀ ਹੈ। ਕਿਉਂਕਿ ਸਰਕਾਰ ਦੀ ਵਿਸ਼ੇਸ਼ ਜ਼ਿੰਮੇਵਾਰੀ ਸੀ ਕਿ ਪੰਜਾਬ ਦੀ ਸਥਿਤੀ ਨੂੰ ਸੰਭਾਲਦੀ- ਕਿਉਂਕਿ ਸਰਕਾਰ ਸਾਰੇ ਭਾਰਤ ਦੀ ਸਾਂਝੀ ਹੈ। ਪਰ ਕੀ ਕੀਤਾ ਜਾਵੇ ਭਾਰਤ ਸਰਕਾਰ ਦੀ ਨੀਂਹ ਹੀ ਹਿੰਸਾ ਤੇ ਰੱਖੀ ਹੋਈ ਹੈ। ਹਿੰਸਕ ਹਿਸਾਬ ਕਿਤਾਬ ਵਾਲੇ ਕਦੇ ਵੀ ਅਸਾਨੂੰ ਸਿਟੇ ਨਹੀਂ ਕੱਢ ਸਕਦੇ ਹਮੇਸ਼ਾ ਤਬਾਹੀ ਦੇ ਹੀ ਬੀਜ ਬੀਜਣਗੇ। ਸਰਕਾਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਦੇ ਵੀ ਜਨਤਕ ਬੇਚੈਨੀ ਰੋਹਬ ਨਾਲ ਜਾਂ ਛੇੜ ਕੇ ਅਤੇ ਕਿਸੇ ਵੀ ਸ਼ਕਤੀ ਨਾਲ ਦਬਾਈ ਨਹੀਂ ਜਾ ਸਕਦੀ। ਇਹ ਜੋ ਬੰਦੂਕਾਂ ਤੇ ਬੰਬਾਂ ਨਾਲ ਟੈਂਕਾਂ ਨਾਲ ਫੈਸਲਾ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਫੈਸਲੇ ਦੀ ਮੰਜ਼ਲ ਫਿਰ ਵੀ ਦੂਰ ਹੀ ਰਹੀ। ਮੈਂ ਸੋਚਦਾ ਹਾਂ ਕਿ ਜੇ ਪਹਿਲਾਂ ਤੋਂ ਹੀ ਇਸ ਤਰ੍ਹਾਂ ਬੰਦੂਕਾਂ ਬੰਬਾ ਟੈਂਕਾਂ ਨਾਲ ਫੈਸਲੇ ਹੁੰਦੇ ਹੁੰਦੇ ਤਾਂ ਦੁਨੀਆ ਅੱਜ ਨੂੰ ਖਤਮ ਹੁੰਦੀ। ਇਹ ਸਭ ਸ਼ਕਤੀ ਦਿਖਲਾ ਕੇ ਸਰਕਾਰ ਨੇ ਕਰਮ ਤੇ ਧਰਮ ਅਤੇ ਸ਼ਰਮ ਸਭ ਕੁਝ ਗੁਆ ਲਿਆ ਹੈ। ਅੱਜ ਸਮੇਂ ਨੂੰ ਪਹਿਚਾਣ ਕੇ ਸਹੀ ਰੂਪ ਦੇਣਾ ਹੀ ਪਵੇਗਾ। ਜ਼ਮਾਨਾ ਦਲੀਲ ਦਾ ਹੈ ਜ਼ਬਰਦਸਤੀ ਦਾ ਨਹੀਂ ! ਪੰਜਾਬ ਦੀ ਦਰਦ ਭਰੀ ਕਹਾਣੀ ਸੁਣ ਕੇ ਪੱਥਰ ਤਾਂ ਰੋ ਸਕਦੇ ਹਨ ਪਰ ਹਿੰਸਕ ਸਰਕਾਰ ਤਾਂ ਇਕ ਹੰਝੂ ਕੇਰਨ ਤੋਂ ਵੀ ਗੁਰੇਜ਼ ਹੀ ਕਰਨਾ ਹੈ ਪਰ ਸਿੱਖ ਧਰਮ ਦਾ ਇਤਿਹਾਸ ਗਵਾਹ ਹੈ ਕਿ ਜਦ ਤੋਂ ਇਸ ਧਰਮ ਨੇ ਜਨਮ ਲਿਆ ਹੈ ਉਸ ਵਕਤ ਤੋਂ ਹੀ ਮੁਕਾਬਲੇ ਤੇ ਕੁਰਬਾਨੀਆ ਹੁੰਦੀਆ ਹੀ ਆਈਆਂ ਹਨ। ਇਹ ਦੁਖ ਤਾਂ ਸਿਖ ਧਰਮ ਦੀ ਇਕ ਯੂਨੀਵਰਸਿਟੀ ਹੀ ਬਣ ਗਈ ਹੈ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਨੇ ਪਿਆਰ ਨਾਲ ਅਤੇ ਆਪਣੀ ਗੈਰਤ ਨਾਲ ਕੌਮ ਦਾ ਦਿਲ ਜਿਤ ਲਿਆ ਸੀ ਗੈਰਤ ਹੀ ਇਕ ਉਹਨਾਂ ਦਾ ਸਭ ਤੋਂ ਵੱਡਾ ਖਜ਼ਾਨਾ ਸੀ। ਸੰਤਾਂ ਨੇ ਅਤੇ ਉਹਨਾਂ ਦੇ ਸਾਥੀਆਂ ਨੇ ਅਣਗਿਣਤ ਗੁਰ ਸਿੱਖਾਂ ਨੇ ਆਪਣੇ ਜੀਵਨ ਧਰਮ ਖੇਤਰ ਵਿਚ ਲੇਖੇ ਲਾ ਪਾਇਆ। ਸਜਣੋ ਸ਼ਹੀਦੀ ਦਾ ਸ਼ਬਦ ਕਹਿਣਾ ਆਸਾਨ ਹੈ ਪਰ ਕਰਨਾ ਅਤੀਅੰਤ ਔਖਾ ਹੈ। ਸ਼ਹੀਦੀ ਕਿਸੇ ਸੱਚੇ ਇਨਸਾਨ ਦੀ ਹੀ ਵੱਡੀ ਨਿਸ਼ਾਨੀ ਹੈ ਪਰ ਬਹੁਤ ਮੁਦਤ ਤੇ ਅਭਿਆਸ ਤੋਂ ਬਾਅਦ ਇਸ ਦੇ ਪਹਿਰ ਦੀ ਦਲੇਰੀ ਆਉਂਦੀ ਹੈ ਜੋ ਕੌਮਾਂ ਦ੍ਰਿੜ ਇਰਾਦੇ ਨਾਲ ਅਟੱਲ ਵਿਸ਼ਵਾਸ ਨਾਲ ਮੁਸੀਬਤਾਂ ਨਾਲ ਟੱਕਰ ਲੈਂਦੀਆਂ ਹਨ ਉਹ ਹੀ ਦੁਨੀਆਂ ਵਿਚ ਸਤਿਕਾਰੀਆ ਜਾਂਦੀਆ ਹਨ। ਜੋ ਆਪਣੇ ਪੈਰਾਂ ਤੇ ਚੱਲ ਕੇ ਮੰਜ਼ਲਾਂ ਦਾ ਪੈਂਡਾਮੁਕਾ ਲੈਂਦੀਆ ਹਨ ਉਹ ਹੀ ਸੁਖਾਂ ਦੇ ਭਾਗੀ ਬਣਦੇ ਹਨ ਜੋ ਰਾਹ ਵਿਚ ਘਬਰਾ ਜਾਂਦੇ ਹਨ ਉਹ ਕਦੇ ਮੰਜ਼ਲ ਤੇ ਨਹੀਂ ਪੁਜਦੇ। ... ਤੋਂ ਬਿਨਾ ਚਲਿਆ ਧਰਮ ਇਸ ਧਰਤੀ ... ਸਿਖ ਧਰਮ ਵਿਚ ਸ਼ਕਤੀ ਬਹੁਤ ਹੈ ਬਲ ਬਹੁਤ ਹੈ ... ਕਮਜ਼ੋਰੀ ਹੀ ਸਾਨੂੰ ਇਸਤੇਮਾਲ ਕਰਨ ਲੈ ਜਾਂਦੀ ਹੈ ... ਜਿਸ ਕੌਮ ਵਿਚ ਜਿਸ ਮੁਲਕ ਵਿਚ ਏਕਤਾ ... ਨਹੀਂ ਕਰ ਸਕਦੇ। ਜਿਨ੍ਹਾਂ ਕੌਮਾਂ ਵਿਚ ਏਕਤਾ ਨਹੀਂ ਹੈ ਉਹਨਾਂ ਤੇ ... ਰਾਜ ਕਰਦੇ ਹਨ। ਫਿਕਰ ਨਾ ਕਰ ਸਮਾਂ ਬੜਾ ਹੀ ਬਲਵਾਨ ਹੈ ... ਦੀਆਂ ਕਦੇ ਪੁੱਠੇ ਦੀਆਂ। ਕਹਿੰਦੇ ਹਨ ਕਿ ਇਤਿਹਾਸ ਆਪਣੇ ਆਪ ਦਾ ਗੇੜਾ ਬੰਨੀ ਰਖਦਾ ਹੈ ਕਦੇ ਪਾਸਾ ਪੁਠਾ ਤੇ ਕਦੇ ਸਿੱਧਾ। ਸਮਾਂ ਹੀ ਸਮਾਜ ਨੂੰ ਸੂਝਵਾਨ ਬਣਾਉਂਦਾ ਹੈ। ਕਈ ਵਾਰ ਸਧਾਰਨ ਚਲੀ ਹੋਈ ਗਲ ... ਅਖਤਿਆਰ ਕਰ ਲੈਂਦੀ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਅਤੇ ਹਜ਼ਾਰਾਂ ਗੁਰਸਿੱਖਾਂ ਨੂੰ ਸੱਚੇ ਦਿਲੋਂ ਸ਼ਰਧਾ ਦੇ ਫੁਲ ਭੇਂਟ ਕਰਦੇ ਹਾਂ ਅਤੇ ਹਰਿਮੰਦਰ ਸਾਹਿਬ ਜੀ ਦੇ ਪਵਿੱਤਰ ਅਸਥਾਨ ਤੇ ਹਮਲੇ ਅਤੇ ... ਨਿਖੇਧੀ ਕਰਦੇ ਹਾਂ।

ਨਾ ਮੈਥੋਂ ਖੁਸ਼ਬੋਈਆਂ ਖੋਹਵੋ, ਨਾ ਖੋਹਵੋ ਹਰਿਆਲੀ,
ਇਕ ਦੋ ਫੁੱਲ ਮਸੂੰਮ ਜਿਹਾਂ ਸੰਗ, ਪਰਚੀ ਜਿੰਦ ਨਿਗੂੰਣੀਂ।

ਪੌਣ ਨਾਲ ਕੋਈ ਗੱਲ ਕੀ ਕਰੀਏ, ਗੁਪਤਚਰਾਂ ਜੇਹੀ ਲਗਦੀ,
ਮੌਸਮ ਨਾਲ ਜਾਮ ਕੀ ਪੀਈਏ, ਲਗਦਾ ਜਿਵੇਂ ਦਮੂੰਹਣੀਂ।

○ ਰੁਪਏ ਚਾਹੀਦੇ ਨੇ :

"ਮੈਨੂੰ ਰੁਪਿਆਂ ਦੀ ਲੋੜ ਏ।"
"ਕਿਹਦੇ ਲਈ ?"
"ਇਕ ਆਦਮੀ ਨੂੰ ਦਫਨ ਕਰਨਾ ਏ।"
"ਉਹਦਾ ਕਦੋਂ ਸਵਰਗਵਾਸ ਹੋਇਆ ?"
"ਹੁਣੇ ਦੋ ਘੰਟੇ ਪਹਿਲਾਂ, ਅਤੇ ਜੇਕਰ ਤੂੰ ਰੁਪਏ ਨਹੀਂ ਦਿਤੇ, ਤਾਂ ਅਗਲਾ ਨੰਬਰ ਤੇਰਾ ਹੋਵੇਗਾ।"

ਕੋਇਲ ਕਦੋਂ ਅਲਾਪੇ ਸਰਗਮ, ਦੁੱਖ ਆਪਣਾ ਉਹ ਰੋਵੇ,
ਕਾਲਿਆਂ ਕਾਵਾਂ ਲੁੱਟ ਕੇ ਉਸ ਨੂੰ, ਕੀਤਾ ਗੀਤ ਵਿਹੂਣੀਂ।

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜ਼ਰੂਰ ਦੱਸੋ।


ਚਿਟ ਨੰਬਰ-------------------
ਪੁਰਾਣਾ ਪਤਾ-------------------

ਨਵਾਂ ਪਤਾ ਸਟਰੀਟ/ਐਵੇਨਿਊ-------------------
ਟਾਊਨ-------------------
ਸਟੇਟ-------------------
ਪੋਸਟਲ ਕੋਡ-------------------
ਫੋਨ ਨੰਬਰ-------------------

ਸਿਤਾਰਿਆਂ ਨਾਲ ਭਰਿਆ 'ਲਾਈਵ' ਸ਼ੋਅ

ਨਾਜ਼ੀਆ ਅਤੇ ਜ਼ੁਹੇਬ ਹਸਨ

ਇਸ ਸਦੀ ਦਾ ਬੇਹਤਰੀਨ ਸ਼ੋਅ ਸਾਰੇ ਨਵੇਂ ਸਟਾਰ ਪਹਿਲੀ ਵਾਰ ਆ ਰਹੇ ਹਨ



Sensational Star
RAJ BABBAR

ਸੁਪਰ ਸਟਾਰ

ਰਾਜ ਬੱਬਰ

ਚੋਟੀ ਦੀ ਕਲਾਕਾਰ


ਸਮੀਤਾ ਪਾਟਿਲ

ਪੌਪ ਕੁਈਨ

ਨਾਜ਼ੀਆ ਹਸਨ

ਪੌਪ ਕਿੰਗ

ਜ਼ੁਹੇਬ ਹਸਨ



Magnificent Pop Singers
NAZIA & ZOHEB HASSAN



Ravishing
ANITA RAJ

'ਸੌਤਨ' ਵਰਗੀਆਂ ਮਸ਼ਹੂਰ ਫ਼ਿਲਮਾਂ ਦੀ ਮਿਊਜ਼ਿਕ ਡਾਇਰੈਕਟਰ

ਊਸ਼ਾ ਖੰਨਾ ਤੇ ਆਰਕੈਸਟਰਾ

ਹੋਰ ਵੀ ਮਸ਼ਹੂਰ ਫ਼ਿਲਮ ਗੀਤਕਾਰ ਹਸਾ ਹਸਾ ਢਿੱਡੀ ਪੀੜਾਂ ਪਾ ਦੇਣ ਵਾਲੇ ਕਲਾਕਾਰ ਭਾਰਤੀ, ਬ੍ਰਤਾਨਵੀ ਅਤੇ ਪਾਕਿਸਤਾਨੀ ਸੰਗੀਤਕਾਰ



SMITA PATIL



'Dulhan' Girl
RAMESHWARI

ਸ਼ੋਅ 30 ਸਤੰਬਰ, 1984 ਨੂੰ ਵੈਨਕੂਵਰ ਪੀ. ਐਨ. ਈ. ਕੌਲਸੀਅਮ ਵਿਚ ਹੋਵੇਗਾ

ਕੈਲਗਰੀ ਵਿਚ — 5 ਅਕਤੂਬਰ, 1984
ਐਡਮਿੰਟਨ ਵਿਚ — 6 ਅਕਤੂਬਰ, 1984
ਵਿਨੀਪੈਗ ਵਿਚ — 7 ਅਕਤੂਬਰ, 1984

Show Available For Fiji

Contact :
Gemline Enterprises
Ph. 525-9019

Worldwide Promoter:
RAPHAEL ANTHONY
C/o India Impact
P.O.BOX 6161
GLENDALE, Ca. 91205
Tel:(213)466-7126

Watch for tickets Sales
Gemline Enterprises
441, Columbia St.
New Westminster, B.C.

(ਨੋਟ : ਸਮੀਤਾ ਪਾਟਿਲ ਅਤੇ ਰਾਜ ਬੱਬਰ ਕੇਵਲ ਵੈਨਕੂਵਰ ਵਾਲੇ ਸ਼ੋਅ ਵਿਚ ਆ ਰਹੇ ਹਨ)

ਮਰਦ ਤੇ ਔਰਤ

ਰਾਮ ਸਿੰਘ ਢਿੱਲੋਂ (ਗੋਰਾਇਆ), ਸਰੀ

ਮਰਦ ਤੇ ਇਸਤਰੀ ਦੋਵੇਂ ਇਕੋ ਜੇਹੇ ਪੰਜ-ਭੂਤਕ ਸਰੀਰ ਰੱਬੀ ਪ੍ਰਮਾਤਮਾ ਦੀ ਰਹਿਮਤ ਸਦਕਾ, ਸਰੀਰ ਵਿਚ ਫੂਕੀ ਰੂਹ ਉਪਰੰਤ . ਮਾਤਾ ਪਿਤਾ ਦੇ ਪਿਆਰ ਕ੍ਰਿਸ਼ਮੇ ਕਾਰਨ, ਮਾਤਾ ਦੇ ਉਦਰ ਦੁਆਰਾ ਇਸ ਸੰਸਾਰ ਵਿਚ ਆਉਂਦੇ ਹਨ. ਸੋ ਇਹ ਦੋਵੇਂ ਲਿੰਗ ਇਕੋ ਦਰਖੱਤ ਦੇ ਟਾਹਣੇ ਹਨ।

ਸੰਸਾਰ ਦੇ ਵਾਧੇ ਲਈ ਜਿਵੇਂ ਕਿ ਮੁਢਲੀਆਂ ਮਜ਼ਹਬੀ ਲਿਖਤਾਂ ਤੋਂ ਜ਼ਾਹਰ ਹੈ, ਕਿ ਪ੍ਰਮਾਤਮਾ ਨੇ ਪਹਿਲਾਂ ਮਨੁਖ ਆਦਮ ਬਣਾਇਆ ਤੇ ਫਿਰ ਇਕ ਪਸਲੀ ਕੱਢ ਉਸਤੋਂ ਈਵ (ਹਵਾ) ਬਣਾ, ਜੋੜਾ ਕਾਇਮ ਕਰ, ਹੁਕਮ ਦਿਤਾ (ਗੋ ਐਂਡ ਮਲਟੀ ਪਲਾਈ) ਜਾਓ! ਵਧੋ ਫੁਲੋ. ਦੋਵਾਂ ਲਿੰਗਾਂ ਦਾ ਹੋਣਾ ਇਕੋ ਜਿਨਾ ਜ਼ਰੂਰੀ ਹੈ. ਕਿਉਂ ਜੋ ਇਕ ਤੋਂ ਬਗੈਰ ਵਾਧਾ ਨਾ ਮੁਮਕਿਨ ਹੈ ਕਾਜਨ ਇਕੱਲੇ ਦੀ ਕੀਮਤ ਸਿਫਰ ਹੀ ਹੁੰਦੀ ਹੈ।

ਬਾਵਜੂਦ ਏਸ ਸਚਾਈ ਦੇ ਕਿ ਦੋਵੇਂ ਓਸ ਦਾਤਾਰ ਦੀ ਇਕੋ ਜੇਹੀ ਬਖਸ਼ਿਸ਼ ਹਨ ਤੇ ਇਸਤਰੀ ਤੋਂ ਬਗੈਰ ਸੰਸਾਰ ਦਾ ਵਾਧਾ ਵੀ ਨਾ-ਮੁਮਕਿਨ ਹੈ. ਫੇਰ ਜਨਮ ਤੋਂ ਹੀ ਸਰੀਰਕ ਤੌਰ ਤੇ ਕਮਜ਼ੋਰ ਪਰ ਖੂਬਸੂਰਤ ਵਰਗ ਨਾਲ ਵਿਤਕਰਾ ਹੋਣਾ ਸ਼ੁਰੂ ਹੋ ਜਾਂਦਾ ਹੈ, ਸ਼ਾਇਦ ਏਸ ਲਈ ਕਿ ਸੰਸਾਰ ਦੀ ਰਾਜਨੀਤੀ ਤੇ ਮਰਦ ਪ੍ਰਭਾਵਤ ਤੇ ਭਾਰੂ ਹੋਣ ਕਰਕੇ ਓਹਦੀ ਸੋਚਣੀ ਮੂਜਬ. ਬਹੁਤੀਆਂ ਬੱਚਾ-ਮਸ਼ੀਨਾਂ ਬੇ-ਅਰਥ ਤੇ ਬੇ-ਲੋੜੀਆਂ ਹਨ ਕਿਉਂ ਜੋ ਥੋੜੀਆਂ ਮਸ਼ੀਨਾਂ ਤੋਂ ਵੀ ਲੋੜ ਅਨੁਸਾਰ ਵਾਧਾ ਹੋ ਸਕਦਾ ਹੈ, ਏਸੇ ਲਈ ਇਕ ਮਰਦ ਆਪਣੇ ਹਰਮ ਵਿਚ ਅਨੇਕ ਔਰਤਾਂ ਰਖਦਾ ਰਿਹਾ। ਮਰਦ ਦੇ ਮਰਨ ਉਪਰੰਤ ਓਹਦੀਆਂ ਇਸਤਰੀਆਂ ਓਹਦੀ ਚਿਤਾ ਵਿਚ ਜੀਉਂਦੇ-ਜੀ ਛਾਲਾਂ ਮਾਰ ਓਹਦੇ ਨਾਲ ਸਤੀ ਹੋਣ ਤੇ ਮਜਬੂਰ ਹੁੰਦੀਆਂ ਰਹੀਆਂ ਕਿਉਂ ਜੋ ਚਲਾਕ ਕਰਦ ਨੇ ਉਨ੍ਹਾਂ ਦੇ ਮਨਾਂ ਅੰਦਰ ਕਈ ਪ੍ਰਕਾਰ ਦੀਆਂ ਹੇਰਾ-ਫੇਰੀਆਂ, ਪੰਡਤਾਂ ਆਦਿ-ਦਵਾਰਾ ਸਵਰਗ-ਪ੍ਰਾਪਤੀ ਦਾ ਨਿਸ਼ਾਨਾ ਦ੍ਰਿੜ ਕਰਵਾਇਆ ਹੋਇਆ ਸੀ। ਮੁੰਡਾ ਜੰਮਣ ਤੇ ਖੁਸ਼ੀਆਂ ਤੇ ਕੁੜੀ ਜੰਮਣ ਤੇ ਢਿੱਲੇ ਢਿੱਲੇ ਲੰਮੇ ਲੰਮੇ ਮੂੰਹ ਕਰ ਸੋਗਮਈ ਦ੍ਰਿਸ਼ ਸਭ ਚਲਾਕ ਮਰਦ ਦੇ ਹੀ ਨਾਟਕ ਹਨ। ਇਕ ਚੰਦਰੀ ਜੇਹੀ ਭੂਆ, ਦੋ ਚਾਰ ਮਹੀਨੇ ਮਗਰੋਂ ਜਦ ਪੇਕੀਂ ਗੇੜਾ ਮਾਰਦੀ ਤਾਂ ਓਹ ਕਿਸੇ ਕੁੜੀ ਜੰਮੀ ਦੀ ਸੂਹ ਵਸੀਮੇਂ ਤੋਂ ਹੀ ਸੁਣ, ਮਸਾਣਾ ਆਦਿ ਵਿਚੋਂ ਦੀਵਾ ਲੱਭ, ਅੱਕ ਦਾ ਦੁਧ ਓਹਦੇ ਵਿਚ ਚੋ ਲੈਂਦੀ ਤੇ ਸਿਧੀ ਕੁੜੀ-ਜੰਮੇ ਘਰ ਉਪੜਦੀ ਤੇ ਨਿੱਕੀ ਜਿਹੀ ਗੁੱਡੀ ਨੂੰ ਕੁਛੜ ਚੁਕ, ਮਲਕ-ਦੇਣੀ ਓਹਦੇ ਮੂੰਹ ਵਿਚ ਅੱਕ ਦੇ ਦੁੱਧ ਦੇ ਦੋ ਤ੍ਰੁਪਕੇ ਚੋ ਦਿੰਦੀ ਤੇ ਓਹ ਕੁਝ ਮਿੰਟਾਂ ਵਿਚ ਹੀ ਰੱਬ ਨੂੰ ਪਿਆਰੀ ਹੋ ਜਾਂਦੀ, 'ਸਿਰਮੁੰਨੀ' ਹਾਲੇ ਹੁਣ ਖੇਡਦੀ ਸੀ, ਪਤਾ ਨਹੀਂ ਕੀ ਹੋ ਗਿਆ', ਗੋਇਆ ਓਹ ਚੰਦਰੀ-ਭੂਆ ਆਪਣੀ ਹੀ ਜ਼ਾਤ ਲਈ ਇਕ ਚਲਦਾ ਫਿਰਦਾ ਯਮਦੂਤ ਸੀ ਤੇ ਕੋਈ ਓਹਨੂੰ ਹੋੜਨ ਦਾ ਹੀਆ ਨਹੀਂ ਸੀ ਕਰਦਾ ਕਿਉਂ ਜੋ ਓਸ ਬਾਲੜੀ ਨਾਲ ਕਿਸੇ ਦੀ ਹਮਦਰਦੀ ਤੇ ਹੈ ਹੀ ਨਹੀਂ ਸੀ ਤੇ ਕੁੜੀ ਦੀ ਮਾਂ ਵੀ ਏਸ ਜ਼ਹਮਤ ਤੋਂ ਛੁਟਕਾਰਾ ਹੀ ਸਮਝਿਆ ਕਰਦੀ ਸੀ ਤੇ ਘਰ ਵਾਲੇ ਵੀ ਜਿਵੇਂ ਓਹਦੇ ਵਿਆਹ-ਖਰਚ (ਹੋਣ ਵਾਲੇ) ਤੋਂ ਪਾੜਖਤੀ ਸਮਝ ਸ਼ੁਕਰ ਕਰਦੇ।

ਲੜਾਈਆਂ ਤੇ ਜੰਗਾਂ ਜਿਥੇ ਮਰਦਾਂ ਦੀਆਂ ਖੂਹਣੀਆਂ ਦੀਆਂ ਖੂਹਣੀਆਂ (ਇਹ ਫੌਜ ਦੀ ਇਕ ਪ੍ਰਕਾਰ ਦੀ ਗਿਣਤੀ ਸੀ ਕਿ ਯੋਧਿਆਂ, ਹਾਥੀ-ਘੋੜਿਆਂ ਤੇ ਰਥਾਂ ਆਦਿ ਦੀ ਉਡਦੀ ਧੂੜ ਨਾਲ ਨੇੜਲਾ ਖੂਹ ਭੁਰ ਜਾਵੇ ਤਾਂ ਓਹ ਇਕ ਖੂਹਣੀ ਸਦਵੇਂਦੀ ਸੀ) ਤਬਾਹ-ਬਰਬਾਦ ਹੁੰਦੀਆਂ। ਓਹ ਯੁੱਧ ਵੀ ਮਰਦ ਦੇ ਹੀ ਛੇੜੇ-ਸਹੇੜੇ ਹੁੰਦੇ ਸੀ ਜੇਹਦਾ ਕਾਰਨ ਅਮੂਮਨ ਦੂਜੇ ਦੀ ਜ਼ਰ, ਜੋਰੂ, ਜ਼ਮੀਨ ਹਥਿਔਣਾਂ ਹੀ ਹੋਇਆ ਕਰਦਾ ਸੀ। ਬੱਚਾ ਪੈਦਾ ਹੋਣ ਵਿਚ ਕਿਉਂ ਜੋ ਓਹ 9 ਮਹੀਨੇ ਆਪਣੇ ਪੇਟ ਵਿਚ ਚੁਕੀ ਫਿਰਦੀ ਕਰਕੇ ਇਸਤਰੀ ਦਾ ਬੜਾ ਮੇਜਰ-ਰੋਲ ਹੈ. ਸੋ ਪੁਤ ਨਾਲ ਮਾਂ ਦਾ ਪਿਆਰ (ਪਿਤਾ ਦੇ ਮੁਕਾਬਲੇ) ਕੁਦਰਤੀ ਤੌਰ ਤੇ ਵਧੇਰੇ ਹੈ, ਜਿਸਦਾ ਭਾਵ, ਲੜਾਈ ਵਿਚ ਮਰੇ ਯੋਧਿਆਂ ਦਾ ਬਹੁਤਾ ਦੁਖ ਇਸਤਰੀ ਜਾਤੀ ਨੂੰ ਹੀ ਹੈ। ਇਸਦੇ ਨਾਲ ਲੜਾਈ ਵਿਚ ਜੇਤੂ ਫੌਜੀਆਂ ਦਾ ਓਸ ਪਰਾਏ ਦੇਸ਼ ਦੀਆਂ ਇਸਤਰੀਆਂ ਦੀ ਪਤ ਲੁਟ ਹੋਣ ਕਾਰਨ ਵੀ ਏਸ ਖੂਸੂਰਤ ਵਰਕ ਨੂੰ ਹੀ ਕੁਰਬਾਨੀ ਦਾ ਬੱਕਰਾ ਬਣਨਾ ਪੈਂਦਾ ਹੈ ਗੋਇਆ ਪੁਤਾਂ ਦਾ ਮਰਨਾ ਤੇ ਇੱਜ਼ਤ ਦਾ ਲੁਟਿਆ ਜਾਣਾ, ਇਸ ਵਿਚਾਰੀ ਉਪਰ ਦੋ-ਪਾਸੜ ਸੱਟ ਹੈ।

ਬਾਵਜੂਦ ਏਸ ਗੱਲ ਦੇ ਕਿ ਸੰਸਾਰ-ਵਾਧੇ ਲਈ ਇਹਦੀ ਕੀਤੀ ਕੁਰਬਾਨੀ ਦੀ ਦਾਦ ਦਿੰਦਿਆਂ ਇਹਦੀ ਇੱਜ਼ਤ-ਮਾਣ ਤੇ ਸਤਿਕਾਰ ਕੀਤਾ ਜਾਵੇ, ਇਹਨੂੰ (ੳ) ਇਹ ਗਊ ਹੈ ਇਹਦੇ ਹਥ ਪੀਲੇ ਕਰ ਜਿਹਦੇ ਨਾਲ ਮਰਜ਼ੀ ਤੋਰ ਦਿੰਦੇ (ਅ) ਜੀ ਅੰਤ ਢੇਰ ਦਾ ਕੂੜਾ ਢੇਰ ਤੇ ਹੀ ਜਾਣਾ (ੲ) ਇਹਨੂੰ ਪੈਰ ਦੀ ਜੁੱਤੀ ਸਮਝ, ਪੁਰਾਣੀ ਹੋਣ ਤੇ ਨਵੀਂ ਲੈ ਆਉਣੀ (ਸ) ਇਹਨੂੰ ਚਰਿੱਤਰਾਂ-ਭਰੀ ਦੱਸ ਇਸਤੇ ਭਰੋਸਾ ਨਾ ਕਰਨਾ (ਹ) ਅਜੋਕੇ ਤਰੱਕੀ-ਯਾਫਤਾ ਯੁਗ ਵਿਚ ਵੀ ਅਨੇਕ ਇਸਤਰੀਆਂ ਦਾ ਦਾਜ ਦੀ ਬਲੀ ਚੜਨਾ, ਹਾਲਾਂ ਕਿ ਦੇਸ ਦੀ ਵਾਗ-ਡੋਰ ਇਕ ਔਰਤ ਦੇ ਹੱਥ ਵਿਚ ਹੈ ਆਦਿ ਇਸ ਵਰਗ ਉਪਰ ਜ਼ੁਲਮ-ਵਿਤਕਰੇ ਦੇ ਪ੍ਰਤੱਖ ਸਬੂਤ ਹੋਨ।

ਮੇਰੇ ਖਿਆਲ ਵਿਚ ਏਸ ਖੂਬਸੂਰਤ ਵਰਗ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਨੂੰ ਨਜ਼ਰ-ਅੰਦਾਜ਼ ਕੀਤਾ ਜਾਂਦਾ ਰਿਹਾ ਹੈ:—

(1) ਮਰਦ ਦੇ ਮੁਕਾਬਲੇ ਇਸਤਰੀ ਬਹੁਤੀ ਐਡਵੈਂਚਰਿਸਟ (ਸਾਹਸੀ-ਜਾਂਬਾਜ਼) ਹੈ। ਜਿਸ ਘਰ ਵਿਚ ਇਹ ਜਨਮ ਲੈਂਦੀ, ਪਲਦੀ, ਪੜ੍ਹਦੀ ਤੇ 18-20 ਸਾਲ ਇਕ ਮਾਲਿਕ ਵਾਂਗ ਪ੍ਰਵੇਸ਼ ਕਰਦੀ ਹੈ, ਇਕ ਦਮ ਹੀ ਇਹ, ਓਸ ਘਰ, ਓਸ ਭਾਈਚਾਰੇ, ਮਾਪੇ, ਭਰਾਵਾਂ, ਭੈਣਾਂ ਤੇ ਸਹੇਲੀਆਂ ਨੂੰ ਗੁਡਬਾਈ ਆਖ, ਇਕ ਅਜਨਬੀ ਦੇ ਲੜ ਲਗ ਇਕ ਅਣ-ਡਿਠੇ ਘਰ, ਅਣਪਛਾਤੇ ਭਾਈਚਾਰੇ, ਜਿਨ੍ਹਾਂ ਬਾਰੇ ਇਹਨੂੰ ਬਿਲਕੁਲ ਕੁਝ ਨਹੀਂ ਪਤਾ, ਜਿਹੜੇ ਓਸ ਨਵੇਂ ਘਰ ਦੇ ਮਾਲਿਕ-ਕਾਬਜ਼, ਉਨ੍ਹਾਂ ਦੇ ਘਰ ਵਿਚ ਬਿਨਾਂ ਚੂੰ-ਚਿਰਾ ਕੀਤੇ, ਨੀਵੀਂ ਪਾ, ਸੱਸ ਸਹੁਰੇ, ਦੇਰ, ਜੇਠ, ਨਣਾਨਾਂ ਆਦਿ ਦੇ ਹੁਕਮ ਮੰਨ ਜੁੜ ਮਾਰਨ ਲਈ ਕੂਕਾਂ ਮਾਰਦੀ ਤੇ ਹੰਜੂ ਕੇਰਦੀ, ਸਤ ਸਤ ਆਖ ਤੁਰ ਪੈਂਦੀ ਹੈ - ਕੀ ਇਕ ਮਰਦ ਇਹ ਕੁਝ ਕਰਨ ਦਾ ਹੀਆ ਕਰ ਸਕਦਾ ਹੈ?

(2) ਮਰਦ ਦੇ ਮੁਕਾਬਲੇ ਇਸਤਰੀ ਬਹੁਤੀ ਹਠੀਆ ਹੈ। ਜੌਹਰ-ਘਰ ਉਪੜ ਇਕ ਦੋ ਚਾਰ ਮਹੀਨੇ ਨਹੀਂ, ਸਾਲਾਂ ਬੱਧੀ, ਸੱਸ ਜੀ ਦੇ ਝਿੜਕੇ ਖਾਂਦੇ ਤੇ ਦੁਧ, ਘਿਉ, ਮਿਠੇ ਆਦਿ ਨੂੰ ਜੰਦਰੇ ਲਗੇ ਦੇਖ ਲੰਮੇ ਲੰਮੇ ਸਾਹ ਲੈਂਦੀ (ਕਿਉਂ ਜੋ ਪੇਕੀਂ ਤਾਂ ਓਹ ਹਰ ਚੀਜ਼ ਦੀ ਸਾਰਖਰੀ ਮਾਲਿਕ ਸੀ) ਤੇ ਕੇਵਲ ਰੋਟੀ ਪਕਾਉਣਾ ਹੀ ਉਹਦੀ ਡਿਊਟੀ ਹੈ, ਚੋਪੜੀਆਂ ਤੜਕਣੀਆਂ ਤੇ ਵਰਤਾਉਣੀਆਂ ਤੇ ਸੱਸ ਜੀ ਨੇ ਹੈਨ, ਅਨੇਕ ਪ੍ਰਕਾਰ ਦੇ ਜਬਰ ਝੱਲਦੀ ਉਮਰ ਹੀ ਬਿਤਾ ਦਿੰਦੀ ਹੈ ਤੇ ਇਹ ਲੌਂਡੀਆਂ ਵਾਲੀ ਜ਼ਿੰਦਗੀ ਮਜ਼ਬੂਰਨ ਉਹਨੂੰ ਬਸਰ ਕਰਨੀ ਪੈਂਦੀ ਹੈ ਕਿਉਂ ਜੋ ਪਤੀ-ਦੇਵ ਜੀ ਆਪਣੀ ਮਾਂ ਜੀ ਦੇ ਏਨੇ ਆਗਿਆਕਾਰੀ ਸਪੁਤਰ ਹਨ ਕਿ ਓਹ ਆਪਣੀ ਪਤਨੀ ਨਾਲ ਪ੍ਰਤੱਖ ਬੇ-ਇਨਸਾਫੀ ਦੇਖਦੇ ਵੀ ਮਾਂ ਜੀ ਨੂੰ ਓਹਦੀ ਜ਼ਿਆਦਤੀ ਆਖਣ ਦਾ ਹੌਂਸਲਾ ਹੀ ਨਹੀਂ ਕਰ ਸਕਦੇ। ਜਦ ਕਦੀ ਓਹਦੇ ਆਪਣੇ ਪੁਤਰ, ਧੀਆਂ ਜਿਹੜੇ ਆਪਣੇ ਮਾਤਾ ਜੀ ਨਾਲ ਜ਼ੁਲਮ ਹੋਣ ਦੇ ਚਸ਼ਮ-ਦੀਦ ਹੁੰਦੇ ਹਨ, ਉਨ੍ਹਾਂ ਦੀ ਵੋਟ ਮਾਂ ਦੇ ਹੱਕ ਵਿਚ ਹੋ ਜਾਂਦੀ ਹੈ, ਜਾਂ ਚੰਮ ਦੀਆਂ ਚਲਾਉਣ ਵਾਲੇ ਸੱਸ ਜੀ ਰੱਬ ਨੂੰ ਪਿਆਰੇ ਹੋ ਜਾਂਦੇ ਹਨ, ਤਾਂ ਜਾ ਕੇ ਉਸ ਵਿਚਾਰੀ ਨੂੰ ਇਨਸਾਨਾਂ ਵਾਲੀ ਜ਼ਿੰਦਗੀ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਕੀ ਮਰਦ ਏਨੇ ਹਠ ਜਾਂ ਜਿਗਰੇ ਦੀ ਪ੍ਰਦਰਸ਼ਨੀ ਕਰ ਸਕਦਾ ਹੈ?

(3) ਇਸਤਰੀ ਮਰਦ ਦੇ ਮੁਕਾਬਲੇ ਬਹੁਤੀ ਸੰਜਮੀ ਅਥਵਾ ਕਫਾਇਤ-ਸ਼ਆਰ ਹੈ। ਕਿਸੇ ਵਿਰਲੇ ਟਾਵੇਂ ਘਰ ਦੀ ਇਸਤਰੀ (ਜਿਹਦਾ ਪਤੀ-ਦੇਵ ਬਹੁਤ ਹੀ ਬੁਧੂ ਹੁੰਦਾ ਹੋਇਆ ਸ੍ਰੀਮਤੀ ਜੀ ਦੇ ਹੇਠ-ਲਗਾ ਹੋਇਆ ਹੋਵੇ) ਫਜ਼ੂਲ ਖਰਚ ਹੋਇਆ ਕਰਦੀ ਹੈ। ਕੁੜੀ ਜੰਮਣ ਤੇ ਹੀ, ਉਹ ਉਹਦੇ ਦਾਜ-ਦਹੇਜ ਦੇਣ ਲਈ ਪ੍ਰੋਗਰਾਮ ਉਲੀਕ, ਲੀੜਾ ਲੱਤਾ ਬਣਾਉਣ ਦੇ ਆਹਰ ਲਗ ਜਾਂਦੀ ਹੈ ਤੇ ਖਾਣ ਪੀਣ ਦੀਆਂ ਵਸਤਾਂ ਵੀ ਉਹ ਸੰਜਮ ਕਰ, ਲਕੋ-ਸਾਂਭ ਆਏ ਗਏ ਦੇ ਵੇਲਾ ਸਾਰਨ ਲਈ ਤਤਪਰ ਰਹਿੰਦੀ ਹੈ।

ਬਾਕੀ ਸਫਾ 20 ਤੇ

ਮੇਨਕਾ ਗਾਂਧੀ ਦਾ ਸੰਜੇ ਮੰਚ ਕੋਈ ਸਮਝੌਤਾ ਨਹੀਂ ਕਰੇਗਾ

ਬੰਗਲੌਰ - ਰਾਸ਼ਟਰੀਆ ਸੰਜੇ ਮੰਚ ਦੀ ਸੰਚਾਲਕ ਸ੍ਰੀਮਤੀ ਮੇਨਕਾ ਗਾਂਧੀ ਨੇ ਇੱਥੇ ਕਿਹਾ ਕਿ ਉਸ ਦੀ ਪਾਰਟੀ ਕਿਸੇ ਹੋਰ ਪਾਰਟੀ ਨਾਲ ਸਮਝੌਤਾ ਨਹੀਂ ਕਰੇਗੀ - ਸਗੋਂ ਇਕੱਲੇ ਹੀ ਚੋਣ ਲੜੇਗੀ। ਮੰਚ ਦੀ ਯੁਵਾ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ ਮੇਨਕਾ ਗਾਂਧੀ ਨੇ ਕਿਹਾ ਕਿ ਬਾਕੀ ਪਾਰਟੀਆਂ ਨੇ ਉਸ ਨੂੰ ਸਮਝੌਤੇ ਲਈ ਬੇਨਤੀ ਕੀਤੀ ਹੈ ਅਤੇ ਸੀਟਾਂ ਦੇ ਲੈਣ ਦੇਣ ਦਾ ਸੁਝਾਅ ਵੀ ਦਿੱਤਾ ਹੈ।

ਸ੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਕਿ ਮੰਚ ਹਰ ਕਰਨਾਟਕ ਦੀ ਸੀਟ ਤੇ ਚੋਣ ਲੜਨ ਲਈ ਵੀਹ ਹਜ਼ਾਰ ਮੈਂਬਰ ਭਰਤੀ ਕਰੇਗਾ।

ਸੰਤ ਭਿੰਡਰਾਂਵਾਲੇ ਜਿਉਂਦੇ ਨਹੀਂ - ਇੰਦਰਾ ਗਾਂਧੀ

ਨਵੀਂ ਦਿੱਲੀ - ਰਾਜ ਸਭਾ ਵਿੱਚ ਇਕ ਸਵਾਲ ਦਾ ਜਵਾਬ ਦਿੰਦਿਆਂ ਸ੍ਰੀਮਤੀ ਗਾਂਧੀ ਨੇ ਕਿਹਾ ਕਿ ਖਾੜਕੂ ਸਿੱਖ ਲੀਡਰ ਸੰਤ ਭਿੰਡਰਾਂਵਾਲਾ ਫੌਜੀ ਕਾਰਵਾਈ ਸਮੇਂ ਯੁਨ ਵਿੱਚ ਮਾਰੇ ਗਏ ਹਨ ਅਤੇ ਉਨ੍ਹਾਂ ਦੇ ਸਰੀਰ ਦੀ ਸ਼ਨਾਖਤ ਹੋ ਚੁਕੀ ਹੈ।

ਸ੍ਰੀਮਤੀ ਗਾਂਧੀ ਤੋਂ ਇਕ ਸਪਲੀਮੈਂਟਰੀ ਸਵਾਲ 'ਸ੍ਰੀਮਤੀ ਮਾਰਗ੍ਰੇਟ' ਅਲਵਾ ਨੇ ਪੁੱਛਿਆ ਤੇ ਕਿਹਾ ਕਿ ਪਾਕਿਸਤਾਨੀ ਟੀ. ਵੀ. ਸੰਤ ਭਿੰਡਰਾਂ ਵਾਲੇ ਦੀ ਫੋਟੋ ਮੁੜ ਮੁੜ ਵਿਖਾਉਂਦੀ ਹੈ ਤਾਂ ਕਿ ਲੋਕ ਸਮਝਣ ਕਿ ਉਹ ਜਿੰਦਾ ਹਨ।

ਸਫਾ 17 ਦੀ ਬਾਕੀ

ਮਿਹਨਤੀ ਲੋਕਾਂ ਨੂੰ ਪੇਸ਼ ਆਉਂਦੀਆਂ ਮੁਸ਼ਕਿਲਾਂ, ਉਨ੍ਹਾਂ ਨੂੰ ਉਨ੍ਹਾਂ ਦੇ ਕਿੱਤਿਆਂ ਦੀਆਂ ਜੱਥੇਬੰਦੀਆਂ ਵਿੱਚ ਜੱਥੇਬੰਦ ਹੋਣ ਲਈ ਵੀ ਪ੍ਰੇਰਦੀਆਂ ਹਨ ਅਤੇ ਉਨ੍ਹਾਂ ਨੂੰ, ਉਨ੍ਹਾਂ ਦੀ ਗਰੀਬੀ ਦਾ ਕਾਰਨ ਸਮਝਣ ਲਈ ਵੀ ਸਹਾਇਤਾ ਕਰਦੀਆਂ ਹਨ। ਇਹੋ ਕੁੱਝ ਪਿਛਲੇ ਸਮੇਂ ਤੋਂ ਹੋ ਰਿਹਾ ਹੈ ਜੋ ਕਿ ਪਿਛਲੇ ਦੋ-ਢਾਈ ਸਾਲਾਂ ਵਿੱਚ ਕਾਫੀ ਵਧਿਆ ਹੈ. ਜਿਸ ਤੋਂ ਇੱਕ ਪਾਸੇ ਦੇਸ਼ ਦੀ ਹਾਕਮ ਜਮਾਤ ਭੈ ਭੀਤ ਹੋ ਰਹੀ ਹੈ ਦੂਜੇ ਪਾਸੇ ਅਮਰੀਕਨ ਸਾਮਰਾਜ ਚਿੰਤਾ ਵਿੱਚ ਹੈ।

ਜੇਕਰ ਭਾਰਤ ਵਿੱਚ ਮਿਹਨਤੀ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਸਰਕਾਰ ਬਣ ਜਾਂਦੀ ਹੈ ਤਾਂ ਦੇਸ਼ ਚੋਂ ਲੁੱਟ ਦਾ ਪ੍ਰਬੰਧ ਕਰੇਗੀ, ਆਮ ਲੋਕਾਂ ਦੇ ਜੀਵਨ ਵਿਕਾਸ ਲਈ ਕੰਮ ਕਰੇਗੀ। ਰਿਸ਼ਵਤ, ਕਲੌਕ ਬੇਰੁਜ਼ਗਾਰੀ ਆਦਿ ਦਾ ਖਾਤਮਾ ਕਰੇਗੀ। ਦੁਨੀਆ ਦੇ ਅਮਨ ਦੀ ਰਾਖੀ ਲਈ ਖਲੋਵੇਗੀ। ਅਮਰੀਕੀ ਸਾਮਰਾਜ ਦੇ ਜੰਗੀ ਮਨਸੂਬਿਆਂ ਤੇ ਸੱਟ ਮਾਰੇਗੀ।

ਭਾਰਤ ਵਰਗਾ ਸਾਢੇ ਸੱਤਰ ਕਰੋੜ ਆਬਾਦੀ ਦਾ ਦੇਸ਼ ਜੇ ਕਰ ਲੋਕ-ਜਮਹੂਰੀ ਰਾਜ ਸਥਾਪਤ ਕਰ ਲੈਂਦਾ ਹੈ ਤਾਂ ਦੁਨੀਆਂ ਵਿੱਚ ਲੁੱਟ ਘਸੁੱਟ ਦਾ ਪ੍ਰਬੰਧ ਤੇਜ਼ੀ ਨਾਲ ਢਹਿ ਢੇਰੀ ਹੋਣ ਵੱਲ ਵਧੇਗਾ। ਸਾਨੂੰ ਪਤਾ ਹੈ ਜਦੋਂ ਦੂਜੀ ਵੱਡੀ ਜੰਗ ਤੋਂ ਮਗਰੋਂ ਭਾਰਤ ਵਿੱਚੋਂ ਅੰਗਰੇਜ਼ੀ ਹਕੂਮਤ ਦਾ ਖਾਤਮਾ ਹੋਇਆ ਸੀ ਤਾਂ ਉਸ ਤੋਂ ਮਗਰੋਂ ਛੇਤੀ ਹੀ 30 - 40 ਦੇਸ਼ ਅੰਗਰੇਜ਼ੀ ਹਕੂਮਤ ਤੋਂ ਮੁਕਤ ਹੋ ਗਏ ਸਨ। ਹੁਣ ਜੇ ਭਾਰਤ ਚੋਂ ਸਰਮਾਏਦਾਰ-ਜਾਗੀਰੂ ਪ੍ਰਬੰਧ ਦਾ ਅੰਤ ਹੁੰਦਾ ਹੈ ਤਾਂ ਇਸ ਦਾ ਅਸਰ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਦੇ ਬੰਦੀ ਮੁਕਤੀ ਦੇ ਸੰਘਰਸ਼ਾਂ ਉਪਰ ਪਵੇਗਾ।

ਸੋ ਦੇਸ਼ ਦੀ ਅਖੰਡਤਾ ਨੂੰ ਦੇਸ਼ ਦੇ ਲੋਕ ਹੀ ਬਚਾ ਸਕਦੇ ਹਨ। ਕਾਂਗਰਸ ਸਰਕਾਰ ਅਤੇ ਅਮਰੀਕੀ ਸਾਮਰਾਜ ਅਖੰਡਤਾ ਨੂੰ ਭੰਗ ਕਰਨ ਲਈ ਆਪੋ ਆਪਣੇ ਢੰਗਾਂ ਨਾਲ ਕੰਮ ਕਰ ਰਹੇ ਹਨ। ਰਾਜਾਂ ਨੂੰ ਵੱਧ ਅਧਿਕਾਰ ਖੱਬੀਆਂ ਅਤੇ ਜਮਹੂਰੀ ਸ਼ਕਤੀਆਂ ਦੀ ਸਰਕਾਰ ਹੀ ਦੇ ਸਕਦੀ ਹੈ, ਰਾਜਾਂ ਨੂੰ ਵੱਧ ਅਧਿਕਾਰ ਦੇਸ਼ ਦੀ ਅਖੰਡਤਾ ਨੂੰ ਮਜ਼ਬੂਤ ਕਰੇਗੀ। ਕਾਂਗਰਸ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਥਾਂਵੇਂ ਲੋਕ-ਜਮਹੂਰੀ ਨੀਤੀਆਂ ਦਾ ਲਾਗੂ ਕਰਨਾ ਹੀ ਦੇਸ਼ ਦੇ ਲੋਕਾਂ ਦੇ ਜੀਵਨ ਨੂੰ ਖੁਸ਼ਹਾਲ ਬਣਾ ਸਕਦਾ ਹੈ।

ਦੋ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਲੋਕ ਸੰਘਰਸ਼ਾਂ ਦੁਆਰਾ ਲੋਕ ਜਮਹੂਰੀ ਭਾਰਤ ਹੀ ਲੋਕਾਂ ਦੀ ਏਕਤਾ ਅਤੇ ਦੇਸ਼ ਦੀ ਅਖੰਡਤਾ ਨੂੰ ਪੱਕਿਆਂ ਕਰ ਸਕਦਾ ਹੈ।

ਨੋਟ:- ਸੂਫੀ ਅਮਰਜੀਤ ਦੇ ਨਾਂ ਨਾਲ ਜੇ ਕਿਸੇ ਅਦਾਰੇ ਦਾ ਨਾਂ ਲਿਖਿਆ ਹੋਵੇ ਤਦ ਹੀ ਉਸ ਦੀ ਲਿਖਤ ਨੂੰ ਸੰਬੰਧਤ ਅਦਾਰੇ ਦੇ ਵਿਚਾਰ ਸਮਝਿਆ ਜਾਵੇ। ਇਸ ਤੋਂ ਬਿਨਾਂ ਉਸ ਦੇ ਕਿਸੇ ਲੇਖ ਨੂੰ ਉਨ੍ਹਾਂ ਦੇ ਨਿੱਜੀ ਵਿਚਾਰ ਸਮਝਿਆ ਜਾਵੇ। ਇਹ ਵੱਖਰੀ ਗੱਲ ਹੈ ਕਿ ਉਹ ਕਿਸੇ ਅਦਾਰੇ ਜਾਂ ਪਾਰਟੀ ਦੇ ਵਿਚਾਰ ਨਾਲ ਮਿਲਦੇ ਜੁਲਦੇ ਹੋਣ। - ਸੰਪਾਦਕ

ਸਫਾ 19 ਦੀ ਬਾਕੀ

(4) ਮਰਦ ਦੇ ਮੁਕਾਬਲੇ ਇਸਤਰੀ ਕਾਮੀ(ਹਾਰਡ-ਵਰਕ) ਵੀ ਤਕੜੀ ਹੈ ਅਥਵਾ ਅਣਥਕ ਕਮਾਊ ਹੈ। ਮੀਂਹ ਜਾਵੇ ਹਨੇਰੀ ਜਾਵੇ, ਬੱਚਿਆਂ ਦੀ ਸੇਵਾ-ਸੰਭਾਲ ਪ੍ਰਵਾਰ ਲਈ ਰੋਟੀ ਟੁਕ, ਘਰ ਦੀ ਸਫਾਈ, ਲਵੇਰੇ ਦਾ ਸਾਂਭਣਾ, ਚੋਣਾ-ਰਿੜਕਣਾ, ਘਰ ਦੇ ਜੀਆਂ ਦੇ ਪਾਟੇ ਪੁਰਾਣੇ ਗੰਢਣੇ, ਧੋਣੇ, ਗਵਾਂਢ ਨਾਲ ਲੈਣ-ਦੇਣ ਦੀ ਸਾਂਝ. ਇਸਤਰੀ ਦੀਆਂ ਇਹ ਨਿਤਾ-ਪ੍ਰਤੀ ਦੀਆਂ ਅਠਿਕਾ ਡਿਊਟੀਆਂ ਹਨ ਜਿਨ੍ਹਾਂ ਨੂੰ ਪੋਸਟਪੋਨ ਨਹੀਂ ਕੀਤਾ ਜਾ ਸਕਦਾ. ਇਸਤੋਂ ਇਲਾਵਾ ਓਹ ਆਪਣੇ ਪਤੀ ਨਾਲ ਉਹਦੇ ਕੰਮ ਵਿਚ(ਫਸਲ ਬੀਜਣੀ, ਕਪਾਹ ਚੁਗਣੀ ਆਦਿ) ਹੱਥ ਵਟਾਉਣਾ ਵੀ ਆਪਣਾ ਫਰਜ਼ ਖਿੜੇ ਮੱਥੇ ਨਿਭਾਉਂਦੀ ਹੈ। ਪਤੀ ਜੀ ਨੂੰ ਤਾਂ ਕੰਮ ਤੋਂ ਛੁੱਟੀ ਆਦਿ ਹੋਣ ਤੇ ਵੇਹਲ ਹੋ ਸਕਦਾ ਹੈ ਪਰ ਇਸਤਰੀ ਨੂੰ ਸਗੋਂ ਓਸ ਦਿਨ ਸ਼ਾਇਦ ਪਤੀ ਦੇ ਕਿਸੇ ਮਿਤਰ ਆਏ ਦੀ ਵੀ ਉਚੇਚੀ ਮਹਿਮਾਨ-ਨਿਵਾਜ਼ੀ ਕਰਨੀ ਪੈਂਦੀ ਹੋਵੇ।

(5) ਮਰਦ ਦੇ ਮੁਕਾਬਲੇ ਇਸਤਰੀ ਖੁਦਾ-ਤਰਸ ਵੀ ਬਹੁਤ ਹੈ ਤੇ ਕਿਸੇ ਗੁਨਾਹ ਕਰਨ ਜਾਂ ਕਿਸੇ ਤੇ ਜ਼ੁਲਮ ਕਰਨ ਤੋਂ ਬੜਾ ਦਰੇਗ ਕੀਤਾ ਕਰਦੀ ਹੈ ਤੇ ਵਾਹ ਲਗਦੀ ਆਪਣੇ ਪਤੀ ਦੇਵ ਨੂੰ ਵੀ ਕਿਸੇ ਪ੍ਰਕਾਰ ਦਾ ਪਾਪ ਜਾਂ ਕੁਨਿਆਂ ਕਰਨ ਤੋਂ ਪਰਚਾਰਦੀ ਰਹਿੰਦੀ ਹੈ ਤੇ. "ਸਾਨੂੰ ਕਬੀਲਦਾਰਾਂ ਨੂੰ ਹਰ ਦਾ ਸਿਮਰਨ ਕਰਦਿਆਂ ਜ਼ਰੂਰ ਨੇਕ ਕੰਮ ਕਰਨੇ ਚਾਹੀਦੇ ਹਨ" ਆਦਿ ਟਕੋਰਦੀ ਹੀ ਰਹਿੰਦੀ ਹੈ। ਏਸੇ ਲਈ ਤੇ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਦੀਆਂ ਮਾਈਆਂ ਬਾਰੇ ਆਖਿਆ ਸੀ. "ਅੰਬਰਸਰੀਏ ਅੰਦਰ ਸੜੀਏ, ਮਾਈਆ ਰੱਬ-ਰਜਾਈਆ।"

(6) ਬਿਨਾਂ ਕੀਤੇ ਗੁਨਾਹ ਦੀ ਜ਼ਿੰਮੇਵਾਰ। ਇਸਤਰੀ ਦਾ ਮਰਦ ਚੋਰ ਹੋਵੇ, ਜੂਏਬਾਜ਼ ਹੋਵੇ ਜਾਂ ਕਿਸੇ ਹੋਰ ਪ੍ਰਕਾਰ ਦਾ ਉਪਰਾਧੀ. ਇਸਤਰੀ ਨੂੰ ਇਕਦਮ ਹੀ ਉਹਦੇ ਲਪੇਟ ਵਿਹਦੀ ਭਾਈਵਾਲਣ ਸਮਝਣ ਲਗ ਜਾਂਦੇ ਹਨ। ਭਾਈਚਾਰਾ ਉਹਨੂੰ ਨਫਰਤ ਦੀ ਨਿਗਾਹ ਦੇਖਣ ਲਗ ਜਾਂਦਾ ਹੈ। ਇਸਤੋਂ ਉਲਟ ਇਸਤਰੀ ਵਿਚ ਭਾਵੇਂ ਚੰਗੀ ਘਰੇਲੂ ਦਿਆਨਤਦਾਰ, ਸਚਾਈਪਸੰਦ, ਖੁਦਾ-ਤਰਸ, ਭਲੀ ਮਾਣਸ, ਸਚਿਆਰੀ ਆਦਿ ਕਿੰਨੇ ਗੁਣ ਹੋਣ, ਉਹਦੇ ਗੁਣਾਂ ਦੀ ਰੋੜ੍ਹ(ਬਹਾ) ਪਤੀ ਵੱਲ ਨੂੰ ਬੜੀ ਘਟ ਹੁੰਦੀ ਹੈ ਅਥਵਾ ਇਸਤਰੀ ਦੇ ਗੁਣਾਂ ਦਾ ਕ੍ਰੈਡਿਟ ਪਤੀ ਨੂੰ ਬੜਾ ਘਟ ਮਿਲਦਾ ਹੈ. ਸ਼ਾਇਦ ਏਸ ਲਈ ਕਿ ਘਰ ਦਾ ਮਾਲਿਕ ਜਾਂ ਕਰਤਾ-ਧਰਤਾ ਹਮੇਸ਼ਾ ਮਰਦ ਨੂੰ ਹੀ ਗਿਣਦੇ ਹਨ। ਇਹਦੇ ਵਿਚਾਰੀ ਦੇ ਤਾਂ ਆਪਣੇ ਧੀਆਂ-ਪੁਤਰ ਵੀ ਪੈਦਾਇਸ਼ੀ ਰਜਿਸਟਰ ਵਿਚ ਦਰਜ ਨਹੀਂ ਸੀ ਹੋਇਆ ਕਰਦੇ, ਹੋਇਆ ਨਿਰਾ ਪਿਤਾ ਦਾ ਹੀ ਨਾਮ ਹੋਇਆ ਕਰਦਾ ਸੀ ਮਾਤਾ ਦਾ ਬਿਲਕੁਲ ਨਹੀਂ।

(7) ਮਰਦ ਦੇ ਮੁਕਾਬਲੇ ਦੂਰ-ਅੰਦੇਸ਼(ਦੂਰ-ਦਰਸ਼ੀ) ਵੀ ਬਹੁਤ ਹੈ। ਬੱਚਿਆਂ ਦੇ ਉਜਲੇ ਭਵਿਖ ਬਾਰੇ, ਪਿਤਾ ਦੇ ਮੁਕਾਬਲੇ ਮਾਂ ਨੂੰ ਬਹੁਤ ਲਗਨ ਹੁੰਦੀ ਹੈ। ਬੇਸ਼ਕ ਕਮਾਈ ਕਰਨ ਲਈ ਮਰਦ ਦਾ ਪਾਰਟ ਬੜਾ ਮੇਜਰ ਹੈ ਪਰ ਫਜ਼ੂਲ-ਖਰਚੀ ਤੋਂ ਸੰਜਮ ਕਰ ਬੱਚਿਆਂ ਦੇ ਉਜਲੇ ਭਵਿਖ ਤੇ ਖਰਚ ਕਰਨ ਲਈ ਔਰਤ ਹਮੇਸ਼ਾਂ ਮਰਦ ਨੂੰ ਝਿੜਕੇ ਖਾ ਕੇ ਵੀ ਪਰੇਰਦੀ ਰਹਿੰਦੀ ਹੈ ਤੇ ਜਵਾਨ ਪੁਤ ਨਾਲ ਖੋਹਬੜ-ਖਭੜਾ ਤੋਂ ਵੀ ਪਤੀ ਜੀ ਨੂੰ ਵਰਜਦੀ ਹੀ ਰਹਿੰਦੀ ਹੈ ਤਾਂ ਕਿ ਪਰਵਾਰ ਦਾ ਆਪਸੀ ਪਿਆਰ ਬਣਿਆ ਰਹੇ। ਜਿਸ ਪਰਵਾਰ ਵਿਚ ਮਰਦ ਔਰਤ ਇਕ ਦੂਜੇ ਦਾ ਆਦਰ ਮਾਣ ਸਤਿਕਾਰ ਕਰਦੇ ਹਨ ਅਥਵਾ ਜਿਸ ਘਰ ਸਮਾਨਤਾ (ਬਰਾਬਰਤਾ) ਦਾ ਵਾਤਾਵਰਨ ਹੋਵੇ ਉਹ ਘਰ ਜ਼ਰਗਰ ਮਿੱਟੀ ਤੋਂ ਸੋਨਾ ਪੈਦਾ ਕਰ ਸਕਦਾ ਹੈ ਅਥਵਾ ਤਰੱਕੀ ਦੀਆਂ ਮੰਜ਼ਲਾਂ ਛੂਹ ਸਕਦਾ ਹੈ।

(8) ਪਰਵਾਰ ਵਿਚ ਸ਼ਾਂਤ ਵਾਤਾਵਰਨ ਰਖਣ ਲਈ ਵੀ ਮਰਦ ਦੇ ਮੁਕਾਬਲੇ ਔਰਤ ਦੀ ਬਹੁਤ ਕੁਰਬਾਨੀ ਹੈ। ਜੇ ਕੋਈ ਮੂੜ੍ਹ ਪਤੀ ਕਰੋਧ ਵਿਚ ਆਪਣੇ ਕਿਸੇ ਜਵਾਨ ਬੱਚੇ ਮਗਰ ਗੰਨ ਲੈ ਕੇ ਮਾਰਨ ਲਈ ਭੱਜਦਾ ਹੈ ਤਾਂ ਵੀ ਮਾਂ ਆਪਣੀ ਜਾਨ ਦੀ ਪਰਵਾਹ ਨਾ ਕਰਦੀ ਹੋਈ ਵਿਚਕਾਰ ਹੋ ਮੌਕਾ ਟਾਲਣ ਲਈ, ਨੌਜਵਾਨ ਪੁਤ ਨੂੰ ਤੇ ਪਤੀ ਨੂੰ ਵੱਖ ਵੱਖ ਕਰ ਆਪਣਾ ਮਾਂ-ਰੋਹਬ ਤੇ ਪਤਨੀ-ਤਰਲਾ ਕਰ ਸ਼ਾਂਤ ਵਰਤਾਉਣ ਲਈ ਤਤਪਰ ਰਹਿੰਦੀ ਹੈ।

(9) ਇਕ ਮੂਰਖ, ਸ਼ਰਾਬੀ, ਨਿਕੰਮਾ ਤੇ ਨਿਖੱਟੂ ਪਤੀ ਜਿਹਦੀ ਔਰਤ ਸੋਲਾਂ ਸੋਲਾਂ ਘੰਟੇ ਕੰਮ ਕਰ, ਆਪਣੇ ਸਰਦਾਰ ਜੀ ਦੀ ਸ਼ਰਾਬ-ਲਲਕ ਪੂਰੀ ਕਰਦੀ, ਬੱਚੇ ਪਾਲਦੀ ਤੇ ਘਰ ਦੀਆਂ ਕਿਸ਼ਤਾਂ ਆਦਿ ਤਾਰਦੀ ਰਹੀ ਹੈ, ਉਹਦਾ ਸਵਾਮੀ ਮਿਤਰਾਂ ਦੋਸਤਾਂ ਵਿਚਕਾਰ ਬੈਠਾ, ਬੜ੍ਹਕ ਮਾਰ ਆਖਦਾ ਸੁਣਿਆ ਹੈ "ਤੀਵੀਂ ਸਾਲੀ ਮੋਹਰੇ ਬੋਲ ਕਿਵੇਂ ਜਾਊ?" ਪਰ ਉਨ੍ਹਾਂ ਦੇ ਬੱਚੇ ਜਦ ਜਵਾਨ ਹੋਏ ਤਾਂ ਉਨ੍ਹਾਂ ਦੇਖਿਆ ਕਿ ਡੈਡੀ ਨਿਰਾ ਨਿਕੰਮਾ ਹੀ ਨਹੀਂ, ਮੂਰਖ ਤੇ ਬਦ-ਦਿਮਾਗ ਵੀ ਹੈ, ਤਾਂ ਉਹਨੂੰ ਉਨ੍ਹਾਂ ਘਰੋਂ ਬਾਹਰ ਜਾਣ ਲਈ ਮਜ਼ਬੂਰ ਕਰ ਦਿਤਾ, ਬੇਸ਼ਕ ਭੁਖੇ ਮਰਦੇ ਨੂੰ ਰੋਟਾ ਬਿਸਤਰਾ ਹਾਲੇ ਵੀ ਮਿਲਦਾ ਹੈ

ਇਹ ਲਿਖਣ ਤੋਂ ਮੇਰਾ ਭਾਵ ਮਰਦ-ਔਰਤ ਦਾ ਮੁਕਾਬਲਾ ਕਰ ਮਰਦ ਨੂੰ ਨੀਵਾਂ ਦਿਖਾਣ ਤੋਂ ਬਿਲਕੁਲ ਨਹੀਂ ਪਰ ਅਟੇ ਸਟੇ ਬਰਾਬਰ ਦਾ ਲਿੰਗ ਦੱਸਣ ਤੋਂ ਜ਼ਰੂਰ ਹੈ ਤੇ ਏਸ ਕਮਜ਼ੋਰ ਪਰ ਖੂਬਸੂਰਤ ਵਰਗ ਨਾਲ ਜੁਗਾਂ-ਜੁਗਾਂਤਰਾਂ ਤੋਂ ਹੁੰਦੇ ਆਏ ਵਿਤਕਰੇ ਦੇ ਖਿਲਾਫ ਆਵਾਜ਼ ਬੁਲੰਦ ਕਰ ਇਸ ਤੋਂ ਨਿਜਾਤ ਹਾਸਲ ਕਰਾਉਣਾ ਹੈ।

ਬੜੇ ਦੁਖ ਤੇ ਹੈਰਾਨੀ ਦੀ ਗੱਲ ਹੈ ਕਿ ਇਹ ਖੂਬਸੂਰਤ ਤੇ ਅਰਧੰਗੀ ਵਰਗ ਮਹਾਂ ਪੁਰਸ਼ਾਂ ਦੀ ਵੀ ਘਾਤਕੀ ਸੱਟ ਤੋਂ ਨਾ ਬਚ ਸਕਿਆ ਤੇ ਉਨ੍ਹਾਂ ਇਹਨੂੰ ਚਰਿਤਰਾਂ-ਭਰੀ ਆਖ ਆਪਣੀ ਕਲਮ ਦਵਾਰਾ ਭੰਡਣ ਤੋਂ ਸੰਕੋਚ ਨਾ ਕੀਤਾ। ਇਕ ਪਾਰਸਾ(ਪੂਜਯ) ਮੌਲਵੀ ਦੀ ਪਤਨੀ ਦੀ ਸਹੇਲੀ ਉਹਨੂੰ ਮਿਲਣਾ ਚਾਹੁੰਦੀ ਸੀ ਤੇ ਉਹਨੇ ਮੌਲਵੀ ਸਾ: ਤੋਂ ਆਗਿਆ ਲੈਣ ਉਪਰੰਤ ਆਪਣੀ ਸਹੇਲੀ ਨੂੰ ਆਪਣੇ ਘਰ ਸੱਦ ਲਿਆ। ਕੁੰਡਾ ਖੋਲ੍ਹਣ ਤੋਂ ਪਹਿਲਾਂ ਮੌਲਵੀ ਦੀ ਪਤਨੀ ਪੁਛਦੀ, ਔਹ ਤੇਰੇ ਕੋਲ ਆਵਾਜ਼ ਕੇਹਦੀ ਸੁਣਦੀ ਹਾਂ? ਤਾਂ ਉਹ ਕਹਿੰਦੀ, ਇਹ ਮੇਰਾ ਦੋ ਸਾਲਾ ਪੁਤਰ ਮੇਰੇ ਕੁਛੜ ਹੈ, ਤਾਂ ਮੌਲਵੀ ਦੀ ਪਤਨੀ ਨੇ ਕੁੰਡਾ ਖੋਲ੍ਹ ਸਹੇਲੀ ਨੂੰ ਅੰਦਰ ਵਾੜਨ ਤੋਂ ਇਨਕਾਰ ਕਰ ਦਿਤਾ ਕਿਉਂ ਜੋ ਉਹਨੇ ਆਪਣੇ ਮੌਲਵੀ-ਪਤੀ ਤੋਂ ਤਾਂ ਕੇਵਲ ਸਹੇਲੀ ਨੂੰ ਮਿਲਣ ਦੀ ਹੀ ਆਗਿਆ ਲਈ ਸੀ ਏਸ ਬਾਲਕ ਦੀ ਨਹੀਂ। ਉਹ ਵਿਚਾਰੀ ਨਿਰਾਸ਼ ਹੋ ਮੁੜ ਗਈ। ਏਹੋ ਜਿਹੇ ਇਕ-ਪਾਸੜ ਆਗਿਆ-ਕਾਰੀ ਹੋਣ ਦੇ ਦ੍ਰਿਸ਼ਟਾਂਤ ਆਮ ਮਿਲਦੇ ਹਨ ਪਰ ਦੂਜਾ ਪਾਸਾ ਬਿਲਕੁਲ ਕੋਰਾ, ਸੱਖਣਾ ਤੇ ਅਣਗੌਲਿਆ ਹੀ ਪਿਆ ਦਿਸਦਾ ਹੈ।

ਔਰਤ ਜ਼ਾਤ ਨਾਲ ਬਦਸੂਰਤ ਧੱਕਾ :— ਅਮਰੀਕਾ ਦੇ ਨੀਤੀਵਾਨਾ ਨੂੰ ਜਿਹੜੇ ਦੇਸ਼ ਦੇ, "ਈਕੁਅਲ ਰਾਈਟਸ ਅਮੈਂਡਮੈਂਟ ਕਾਨੂੰਨ ਸੋਧ" ਦੀ ਵਿਰੋਧਤਾ ਕਰਦੇ ਹਨ, ਜਾਨਣਾ ਚਾਹੀਦਾ ਹੈ ਕਿ ਇਸ ਕਾਨੂੰਨ ਦੀ ਹਾਰ ਦਾ ਪ੍ਰਭਾਵ, ਉਨਤ ਹੋ ਰਹੇ ਦੇਸ਼ਾਂ ਦੀਆਂ ਔਰਤਾਂ ਉਪਰ ਪੈ ਸਕਦਾ ਹੈ, ਜਿਥੇ ਧਰਤੀ ਦੀ ਜਨ-ਸੰਖਿਆ ਦਾ 2/3 ਹਿੱਸਾ ਵਸਦਾ ਹੈ ਅਤੇ ਜਿਥੇ ਔਰਤ ਬੜਾ ਨਿਰਦਈ ਅਥਵਾ ਤਰਸਯੋਗ ਜੀਵਨ ਬਤੀਤ ਕਰ ਰਹੀ ਹੈ।

ਯੁਨਾਈਟਿਡ ਨੇਸ਼ਨਜ਼ ਡੀਕੇਡ ਫਾਰ ਵਿਮੇਨ, ਸੰਸਥਾ ਦੇ ਕੁਝ ਕੁ ਅੰਕੜੇ ਇਸ ਪ੍ਰਕਾਰ ਹਨ :—

ਧਰਤੀ ਤੇ ਵਸਦੀ ਔਰਤ ਧਰਤੀ ਦੀ ਵਸੋਂ ਦਾ ਅੱਧ ਹੈ ਤੇ ਜਿਹੜੀਆਂ ਧਰਤੀ ਤੇ ਵਸਦੇ ਸਾਰੀ ਘਰੇਲੂ ਆਰਥਿਕਤਾ ਦਾ ਪ੍ਰਬੰਧ ਕਰਦੀਆਂ ਹਨ, ਸਾਰੀ ਸ੍ਰਿਸ਼ਟੀ ਦੇ ਕੁਲ ਕਿੱਤਾ-ਘੰਟਿਆਂ ਦਾ(ਵਰਕਿੰਗ-ਆਵਰਜ਼) ਦਾ 2/3 ਹਿੱਸਾ ਪਾਉਂਦੀਆਂ ਹਨ ਪਰ ਧਰਤੀ ਦੀ ਕੁਲ ਕਮਾਈ ਦਾ ਕੇਵਲ 1/10 ਦਸਵਾਂ ਹਿੱਸਾ ਹੀ ਉਨ੍ਹਾਂ ਦੇ ਹਿੱਸੇ ਆਉਂਦਾ ਹੈ; ਧਰਤੀ ਦੀ ਕੁਲ ਜਾਇਦਾਦ ਦੀ ਇਸਤਰੀ ਕੋਲ ਕੇਵਲ ਇਕ ਪ੍ਰਸੈਂਟ(1 ਪ੍ਰਤੀਸ਼ਤ) ਮਾਲਕੀ ਹੈ ਅਤੇ ਰਾਸ਼ਟਰੀ ਜਾਂ ਅੰਤਰ-ਰਾਸ਼ਟਰੀ ਪਾਲਿਸੀ ਵਿਉਂਤ ਵਿਚ ਇਸਤਰੀ ਦੀ ਕੋਈ ਵੱਟ ਨਹੀਂ ਹੈ।

ਉਦਾਹਰਣ ਵਜੋਂ, ਉਨਤ ਹੋ ਰਹੇ ਦੇਸ਼ਾਂ ਵਿਚ ਔਰਤ ਹੀ ਹੈ ਜਿਹੜੀ ਪੁਰਾਣੇ ਦਕਿੱਆ-ਨੂਸੀ, ਲੱਕ-ਤੋੜਵੇਂ ਮੁਸ਼ਕਤੀ-ਸੰਦਾਂ ਦਵਾਰਾ ਕਠਨ ਮਿਹਨਤ ਦਵਾਰਾ, ਘਟੋ ਘਟ ਅੱਧੀ ਖੁਰਾਕ ਪੈਦਾ ਕਰਨ ਵਿਚ ਹਿੱਸਾ ਪਾਉਂਦੀ ਹੈ। ਏਸ਼ੀਆ ਅਤੇ ਅਫਰੀਕਾ, ਜਿਥੇ ਵਸੋਂ ਦਾ 85 ਪ੍ਰਤੀਸ਼ਤ ਹਿੱਸਾ ਪਿੰਡਾਂ ਵਿਚ ਵਸਦਾ ਹੈ, ਫਾਰਮ-ਲੇਬਰ ਦਾ 60-80 ਪ੍ਰਤੀਸ਼ਤ ਹਿੱਸਾ ਔਰਤ ਪਾ ਰਹੀ ਹੈ। ਬਹੁਤ ਸਾਰੇ ਤੀਜੀ-ਦੁਨੀਆਂ ਦੇਸ਼ਾਂ ਦੀ ਔਰਤ ਨੂੰ ਚਾਰ ਘੰਟੇ ਰੋਜ਼ ਘਰ ਦੀ ਵਰਤੋਂ ਲਈ ਪਾਣੀ ਲਿਆਉਣ ਲਈ ਪੈਦਲ ਸਫਰ ਕਰਨਾ ਪੈਂਦਾ ਹੈ ਅਤੇ ਇਸ ਤੋਂ ਹੋਰ ਵਾਧੂ ਬਾਲਣ ਲਿਆਉਣ ਲਈ ਵੀ ਅਤੇ ਇਸ ਤੋਂ ਇਲਾਵਾ ਘਰ ਦੇ ਹੋਰ ਸਾਰੇ ਕੰਮ ਤੇ ਕਈ ਬੱਚਿਆਂ ਦੀ ਸੇਵਾ-ਸੰਭਾਲ, ਭਾਵ ਔਰਤ ਨੂੰ 16 ਘੰਟੇ ਰੋਜ਼ ਜੁਟੇ ਰਹਿਣਾ ਪੈਂਦਾ ਹੈ।

ਉਨਤ ਹੋ ਰਹੇ ਦੇਸ਼ਾਂ ਦੀ ਔਰਤ ਨੂੰ ਆਦਮੀ ਦੇ ਮੁਕਾਬਲੇ ਬੀਮਾਰੀ ਚਿੰਬੜਨ ਦੇ ਵੀ ਬਹੁਤੇ ਅਵਸਰ ਹਨ ਜਿਨ੍ਹਾਂ ਵਿਚ ਜਣੇਪਾ ਤੇ ਨਾਲ ਮੁਸ਼ੱਕਤੀ ਕੰਮ ਸ਼ਾਮਲ ਹਨ। ਬੜੇ ਥੋੜੇ ਦੇਸ਼ ਹਨ ਜਿਥੇ ਔਰਤ ਦੀਆਂ ਸਿਹਤ-ਲੋੜਾਂ ਦੇ ਪ੍ਰੋਗਰਾਮਾਂ ਦਾ ਸਬੰਧ ਹੈ ਅਤੇ ਜਿਥੇ ਪ੍ਰਬੰਧ ਹਨ ਵੀ ਉਥੇ ਉਨ੍ਹਾਂ ਦੇ ਲਾਭ-ਪ੍ਰਾਪਤੀ ਲਈ ਔਰਤ ਕੋਲ ਘਰੇਗੀ ਰੁਝੇਵੇਂ ਕਾਰਨ ਸਮਾਂ ਹੀ ਨਹੀਂ ਹੈ।

ਧਰਤੀ ਦੀ ਅਨਪੜ੍ਹ ਵਸੋਂ ਦਾ 2/3 ਹਿੱਸਾ ਔਰਤਾਂ ਹਨ ਅਤੇ ਧਰਤ-ਵਸੋਂ ਦਾ 30 ਪ੍ਰਤੀਸ਼ਤ ਹਿੱਸਾ ਅਨਪੜ੍ਹ ਹੈ। ਉਨਤ ਹੋ ਰਹੇ ਦੇਸ਼ਾਂ ਦੀਆਂ 80 ਪ੍ਰਤੀਸ਼ਤ ਔਰਤਾਂ ਲਿਖ-ਪੜ੍ਹ ਸਕਣ ਤੋਂ ਅਸਮਰਥ ਹਨ ਅਤੇ ਧਰਤ-ਔਰਤ-ਵਸੋਂ-ਅਨਪੜ੍ਹਤਾ ਵਧ ਰਹੀ ਹੈ। ਅਸਲ ਵਿਚ ਉਨਤ ਹੋ ਰਹੇ ਦੇਸ਼ਾਂ ਦੀਆਂ ਔਰਤਾਂ ਦੀ ਜ਼ਿੰਦਗੀ ਬੱਦਸੂਰਤ ਕਠਨ ਹੈ, ਬਹੁਤਾ ਉਨ੍ਹਾਂ ਦੀ ਅਨਪੜ੍ਹਤਾ ਅਤੇ ਜਾਣਕਾਰੀ ਦੀ ਘਾਟ ਹੈ ਜਿਸਦੀ ਅਣਹੋਂਦ ਕਾਰਨ ਉਹ ਆਪਣੀਆਂ ਸਮੱਸਿਆਵਾਂ, ਉਨ੍ਹਾਂ ਦਾ ਉਪਾਅ ਜਾਂ ਉਨ੍ਹਾਂ ਦਾ ਬਦਲ ਨਾ ਸਮਝ ਸਕਣ ਕਾਰਨ ਉਨਾਂ ਵਿਚ ਉਨਤੀ ਤਬਦੀਲੀ ਨਹੀਂ ਆ ਰਹੀ।

ਆਖਰ ਏਸ ਸਭ ਕੁਝ ਦਾ ਨੀਤੀਵਾਨਾ ਅਤੇ ERA (ਐਮਰਜੈਂਨਸੀ ਰੀਲੀਫ ਐਡਮਨਿਸਟਰੇਸ਼ਨ) ਨਾਲ ਕੀ ਸੰਬੰਧ ਹੈ?

ਹੁਣ ਵੇਲਾ ਹੈ ਕਿ ਅਮਰੀਕਾ ਦੇ ਨੀਤੀਵਾਨ ਸਮਝ ਲੈਣ ਕਿ ਉਨ੍ਹਾਂ ਦਾ ਦੇਸ਼ ਕਿਸੇ ਖੁਲ੍ਹਾ (ਪੋਲ) ਵਿਚ ਨਹੀਂ ਲਟਕ ਰਿਹਾ ਬਲ ਕਿ ਇਕ ਸੁੰਘੜ ਰਹੀ (ਛੋਟੀ ਹੁੰਦੀ ਜਾ ਰਹੀ) ਹੋਰ ਵਧੇਰੇ ਅੰਤਰ-ਆਧਾਰਤ ਹੋ ਰਹੀ (ਇੰਟਰ-ਡੀਪੈਂਡੈਂਟ) ਦੁਨੀਆਂ ਵਿਚ ਵਸ ਰਿਹਾ ਹੈ ਜਿਥੇ ਉਨ੍ਹਾਂ ਦੀਆਂ ਨੀਤੀਆਂ ਦਾ ਮਨੋਰਥ ਹੁਣ ਕੇਵਲ ਆਪਣਾ ਘਰ ਹੀ ਸੁਆਰ-ਪੂੰਝ ਰੱਖਣ ਤੱਕ ਹੀ ਸੀਮਤ ਨਹੀਂ ਹੈ।

ਸਾਰੇ ਦੇਸ਼ ਅਮਰੀਕਾ ਦੀ ਰੀਸ ਕਰਨਾ ਮੰਗਦੇ ਹਨ, ਖਾਸ ਕਰ ਉਨਤ ਹੋ ਰਹੇ ਦੇਸ਼ ਜਿਥੇ ਅਮਰੀਕਾ ਦਾ ਆਰਥਿਕ ਪ੍ਰਭਾਵ ਬੜਾ ਜ਼ੋਰਾਂ ਤੇ ਹੈ. ਏਹੋ ਕਾਰਨ ਹੈ ਕਿ ਅਨੇਕ ਦੇਸ਼ਾਂ ਦੇ ਲੀਡਰ ਆਪਣੇ ਆਪ ਨੂੰ ਅਗਾਂਹ-ਵਧੂ ਅਤੇ ਨਵੀਨ (ਮਾਡਰਨ) ਸਾਬਤ ਕਰਨ ਲਈ ਉਹ ਲਹਿੰਦੇ ਦੀਆਂ ਕਦਰਾਂ-ਕੀਮਤਾਂ ਅਪਨਾਉਣ ਦੇ ਬੜੇ ਅਭਿਲਾਸ਼ੀ ਹਨ।

ਅਮਰੀਕਾ ਦੇ ਨੀਤੀਵਾਨ ਲੀਡਰ ਜੇ ਦੇਸ਼ ਵਿਚ ਔਰਤ ਦੇ ਖਿਲਾਫ ERA ਸੰਸਥਾ ਦੀ ਪ੍ਰਵਾਹ ਨਾ ਕਰਦਿਆਂ ਕਾਨੂੰਨ ਪਾਸ ਵੀ ਕਰ ਦੇਣ, ਤਾਂ ਉਹ ਕੇਵਲ ਅਮਰੀਕਾ ਵਸਦੀਆਂ 100 ਮਿਲੀਅਨ (10 ਕਰੋੜ) ਔਰਤਾਂ ਵਲੋਂ ਹੀ ਬੇਮੁਖ ਨਹੀਂ ਹੋਣਗੇ (ਜਿਹੜੀਆਂ ਈਰਾ ਦੀ ਮਦਦ ਨਾਲ ਵੀ ਤੇ ਉਸਦੀ ਮਦਦ ਤੋਂ ਬਗੈਰ ਵੀ) ਪਰਸਪਰ ਸੁਰਖਿਅਤ ਤੇ ਆਰਾਮ ਦੇਹ ਜ਼ਿੰਦਗੀਆਂ ਜੀ ਸਕਦੀਆਂ ਹਨ ਤੇ ਅੰਤ ਵਿਚ ਬਰਾਬਰਤਾ ਪ੍ਰਾਪਤ ਕਰ ਹੀ ਲੈਣਗੀਆਂ; ਈਰਾ-ਵਿਰੋਧੀ ਤੀਜੀ ਦੁਨੀਆਂ ਵਸਦੀਆਂ ਇਕ ਅਰਬ ਤੋਂ ਵੱਧ ਗਿਣਤੀ(ਇਕ ਬਿਲੀਅਨ ਔਰਤਾਂ ਨੂੰ, ਕਈ ਹੋਰ ਦਹਾਕੇ ਸਾਲ ਬਾਦੀਆਂ ਬਣਾਈ ਰੱਖਣ ਦੇ ਕਸ਼ਟ ਵਿਚ ਪਾ ਅਪਰਾਧੀ ਠਹਿਰਾਣ ਵਿਚ ਸਹਾਈ ਹੋਣਗੇ, ਜਿਹਦਾ ਕਿ ਲਹਿੰਦੇ ਵਸਦੇ ਲੋਕ(ਵੈਸਟਰਨ) ਕਿਆਸ ਵਿਚ ਨਹੀਂ ਕਰ ਸਕਦੇ।

ਸਫਾ 5 ਦੀ ਬਾਕੀ

28. ਗੁਰਦੁਆਰਾ ਨਾਨਕਸਰ ਰਿਚਮੰਡ, ਬੀ. ਸੀ. ----------6000.00
29. ਸ਼੍ਰੋਮਣੀ ਅਕਾਲੀ ਦਲ ਵੈਨਕੂਵਰ, ਬੀ. ਸੀ. ---------10000.00
30. ਅਕਾਲੀ ਸਿੰਘ ਸਿਖ ਸੁਸਾਇਟੀ, ਵੈਨਕੂਵਰ -----------6330.00
31. ਖਾਲਸਾ ਦੀਵਾਨ ਸੁਸਾਇਟੀ, 8000 ਰੌਸ ਸਟਰੀਟ, ਵੈਨਕੂਵਰ, ਬੀ. ਸੀ. (ਕੁੱਲ 25000 ਡਾਲਰ ਦੇਣ ਸੰਦਾ ਵਾਹਦਾ ਕੀਤਾ ਗਿਆ ਸੀ, ਸੰਗਤਾਂ ਵਿੱਚੋਂ ਇਸ ਕਾਰਜ ਲਈ ਕਾਫੀ ਮਾਇਆ ਇਕੱਤਰ ਕੀਤੀ ਜਾ ਚੁੱਕੀ ਹੈ, ਪਰੰਤੂ ਹਾਲੇ ਤੀਕਰ ਕੋਈ ਮਾਇਆ ਨਹੀਂ ਪੁੱਜੀ)
32. ਵੈਨਕੂਵਰ ਦੀਆਂ ਸੰਗਤਾਂ ਵੱਲੋਂ ਸਿੱਧੀ ਮਾਇਆ ਦਿੱਤੀ ਗਈ ------------------------------18000.00
33. ਸਤਿਨਾਮ ਟਰੱਸਟ ਵੈਨਕੂਵਰ, ਬੀ. ਸੀ. --------------8000.00

ਅਸੀਂ ਉਪਰੋਕਤ ਸਭ ਸਭਾ ਸੁਸਾਇਟੀਆਂ ਅਤੇ ਸਮੂੰਹ ਸੰਗਤਾਂ ਦੇ ਅਤੀ ਧੰਨਵਾਦੀ ਹਾਂ ਜੀ ਜਿੰਨ੍ਹਾਂ ਨੇ ਕਿ ਇਸ ਮਹਾਨ ਕਾਰਜ ਵਿੱਚ ਆਪਣਾ ਹਿੱਸਾ ਮਾਇਆ ਇਕੱਤਰ ਕਰਕੇ ਅਤੇ ਕਰਵਾਕੇ ਪਾਇਆ ਹੈ।

ਜ਼ਰੂਰੀ ਨੋਟ - ਵੈਨਕੂਵਰ ਆਈਲੈਂਡ ਦੀਆਂ ਸੁਸਾਇਟੀਆਂ ਨੂੰ ਫੈਡਰੇਸ਼ਨ ਦੇ ਨੁਮਾਇੰਦੇ ਪਹਿਲਾਂ ਮਿਲ ਨਹੀਂ ਸਨ ਸਕੇ, ਪਰੰਤੂ ਹੁਣ ਸਾਰੀਆਂ ਸੁਸਾਇਟੀਆਂ ਅਤੇ ਸਰਬੱਤ ਸੰਗਤਾਂ ਨੂੰ ਮਿਲਣ ਤੇ ਪੂਰਾ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਵਾਇਆ ਗਿਆ ਹੈ। ਅਸੀਂ ਸਭ ਦੇ ਧੰਨਵਾਦੀ ਹਾਂ ਜੀ।

ਖਾਲਸਾ ਦੀਵਾਨ ਸੁਸਾਇਟੀ, 8000 ਰੌਸ ਸਟਰੀਟ, ਵੈਨਕੂਵਰ ਅਤੇ ਗੁਰੂ ਨਾਨਕ ਸਿੱਖ ਟੈਂਪਲ ਡੈਲਟਾ - ਸਰੀ ਅਤੇ ਹੋਰ ਸੁਸਾਇਟੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਹੜੀ ਮਾਇਆ ਸੰਗਤਾਂ ਵੱਲੋਂ ਇਸ ਕਾਰਜ ਲਈ ਭੇਟ ਕਰਵਾਈ ਗਈ ਹੈ, ਜਲਦੀ ਫੈਡਰੇਸ਼ਨ ਨੂੰ ਪਹੁੰਚਾਈ ਜਾਵੇ ਜੀ।

ਸੰਗਤਾਂ ਵਿੱਚ ਕੁੱਝ ਭਰਾ ਭੁਲੇਖਾ ਪਾਊ ਪ੍ਰਚਾਰ ਕਰ ਰਹੇ ਹਨ ਇਸ ਲਈ ਅਸੀਂ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਫੈਡਰੇਸ਼ਨ ਦੀ ਕਮੇਟੀ ਦੇ ਕਿਸੇ ਵੀ ਮੈਂਬਰ ਨੂੰ ਕੋਈ ਤਨਖਾਹ ਨਹੀਂ ਦਿੱਤੀ ਜਾਂਦੀ। ਸਾਰੇ ਭਰਾ ਸੇਵਾ ਦੇ ਤੌਰ ਉਪਰ ਹੀ ਸੇਵਾ ਕਰ ਰਹੇ ਹਨ।

ਇਸ ਮਹਾਨ ਕਾਰਜ ਨੂੰ ਰੋਕਣ ਲਈ ਕੁੱਝ ਵੱਡੀਆਂ ਰਾਜਸੀ ਤਾਕਤਾਂ ਕੋਝੀਆਂ ਹਰਕਤਾਂ ਵੀ ਕਰ ਰਹੀ ਹੈ, ਜਿੰਨ੍ਹਾਂ ਤੋਂ ਸੰਗਤਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਸਰਬੱਤ ਸੰਗਤਾਂ ਅੱਗੇ ਬੇਨਤੀ ਹੈ ਕਿ ਜੇ ਕਰ ਕੋਈ ਰਕਮ ਗਲਤੀ ਨਾਲ ਵੱਧ ਜਾਂ ਘੱਟ ਲਿਖੀ ਗਈ ਹੋਵੇ ਤਾਂ ਕ੍ਰਿਪਾ ਕਰਕੇ ਸੋਧ ਕਰਨ ਲਈ ਫੂਨ ਜ਼ਰੂਰ ਕਰੋ ਜੀ।

ਜ਼ਰੂਰੀ ਅਪੀਲ

ਸਭ ਸੰਗਤਾਂ ਅਤੇ ਸਭਾ ਸੁਸਾਇਟੀਆਂ ਦੇ ਚਰਨਾਂ ਵਿੱਚ ਨਿਮਰਤਾ ਸਹਿਤ ਬੇਨਤੀ ਹੈ ਕਿ ਕ੍ਰਿਪਾ ਕਰਕੇ ਇਸ ਮਹਾਨ ਕਾਰਜ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ 25 ਅਗਸਤ 1984 ਤੱਕ ਦਿਲ ਖੋਹਲ ਕੇ ਮਾਇਆ ਦਾਨ ਕਰਨ ਤਾਂ ਕਿ ਬਾਕੀ ਦੀ 150,000.00 ਡਾਲਰ ਦੀ ਰਕਮ ਹੋਰ ਇਕੱਤਰ ਹੋ ਸਕੇ ਅਤੇ ਤਿੰਨ ਲੱਖ ਡਾਲਰ ਪੂਰੇ ਕਰਕੇ ਜਮ੍ਹਾਂ ਕਰਵਾ ਕੇ ਅਰਜ਼ੀ ਦਿੱਤੀ ਜਾ ਸਕੇ। ਸਮਾਂ ਬਹੁਤ ਘੱਟ ਹੈ, ਇਸ ਲਈ ਤੁਰੰਤ ਹੀ ਇਕ ਆਖਰੀ ਅਤੇ ਵੱਡਾ ਹੰਭਲਾ ਕੌਮ ਦੀ ਪਨੀਰੀ ਦਾ ਉਜਲਾ ਭਵਿੱਖ ਬਨਾਉਣ ਲਈ ਮਾਰਿਆ ਜਾਵੇ।

ਉਗਰਾਹੀ ਕਰਨ ਦੀ ਸੇਵਾ ਲਈ ਸੇਵਾਦਾਰਾਂ ਦੀ ਸਖਤ ਜ਼ਰੂਰਤ ਹੈ ਜੀ ਜੁ ਕਿ ਅਗਲੇ ਕੁੱਝ ਦਿਨਾਂ ਵਿੱਚ ਘਰ ਘਰ ਜਾ ਕੇ ਉਗਰਾਹੀ ਕਰਨ ਦੀ ਸੇਵਾ ਵਿੱਚ ਹੱਥ ਵਟਾ ਸਕਣ।

ਕਿੰਨਾ ਬਦਮਾਸ਼ ਹੈ ਔਰੰਗਜ਼ੇਬ

□ ਸੰਤੋਖ ਸਿੰਘ ਧੀਰ

1.

ਕਿੰਨਾ ਬਦਮਾਸ਼ ਹੈ ਔਰੰਗਜ਼ੇਬ!
ਕਦੇ ਮੁਸਲਮਾਨ ਬਣ ਜਾਂਦਾ ਹੈ
ਕਦੇ ਸਿੱਖ
ਕਦੇ ਹਿੰਦੂ
ਕਦੇ ਈਸਾਈ

ਕਦੇ ਕਹਿੰਦਾ ਹੈ:
ਕਲਮਾਂ ਪੜ੍ਹੋ
ਕਦੇ ਕਹਿੰਦਾ ਹੈ:
ਅੰਮ੍ਰਿਤ ਛਕੋ
ਕਦੇ ਕੁਰਾਨ ਸ਼ਰੀਫ ਦੇ ਉਹਲੇ
ਕਤਲੇਆਮ ਕਰਦਾ ਹੈ
ਕਦੇ ਗੁਰੂ ਗਰੰਥ ਸਾਹਿਬ
ਪਾਕ ਪਵਿੱਤਰ ਬੀੜ ਦੇ ਉਹਲੇ।

ਇੱਕ ਹੱਥ ਕੁਰਾਨ ਸ਼ਰੀਫ
ਦੂਜੇ ਹੱਥ ਖੂਨ ਨਾਲ ਟਪਕਦੀ ਤਲਵਾਰ ਦੀ ਧਾਰ
ਇੱਕ ਹੱਥ
ਗੁਰੂ ਗਰੰਥ ਸਾਹਿਬ ਦੀਆਂ ਬਾਣੀਆਂ
ਦੂਜੇ ਹੱਥ
ਅਗਨੀ ਅਤੇ ਬਾਰੂਦ ਦੇ ਭਰੇ ਅਮਰੀਕੀ ਹਥਿਆਰ।


ਕਿੰਨਾ ਬਦਮਾਸ਼ ਹੈ ਔਰੰਗਜ਼ੇਬ
ਕਦੇ ਮੁਸਲਮਾਨ ਬਣ ਜਾਂਦਾ ਹੈ
ਕਦੇ ਸਿੱਖ
ਕਦੇ ਹਿੰਦੂ
ਕਦੇ ਈਸਾਈ।

2.

ਔਰੰਗਜ਼ੇਬ! ਸੁਣ!
ਖਾਮੋਸ਼ ਨਹੀਂ ਹੋਇਆ ਕਦੇ
ਬੇਗੁਨਾਹ ਦਾ ਖੂਨ।

ਪਹਿਲਾਂ ਇਹ ਖੂਨ
ਬਿਲਕੁੱਲ ਚੁੱਪ ਦਿਸਦਾ ਹੈ
ਫਿਰ ਬੋਲਣ ਲੱਗ ਜਾਂਦਾ ਹੈ
ਫੇਰ ਖੌਲਣ ਲੱਗ ਜਾਂਦਾ ਹੈ
ਫੇਰ ਇਹ ਖੂਨ ਉੱਠਦਾ ਹੈ
ਬਬਰ ਸ਼ੇਰ ਦੇ ਜਾਗਣ ਵਾਂਗ
[redacted]
ਹਨੇਰੀ ਵਾਂਗ
ਫੇਰ ਇਹ ਖੂਨ
ਕਲੂ ਕਾਲ ਦੀ ਕਾਇਆ ਉਤੇ ਟੁੱਟ ਪੈਂਦਾ ਹੈ
ਇੱਟ ਨਾਲ ਇੱਟ ਵੱਜਦੀ ਹੈ
ਪਾਖੰਡ ਦੀ
ਉਸ਼ਟੰਡ ਦੀ।


ਪਹਿਲਾਂ ਕਦੇ
ਇਤਿਹਾਸ ਵਿਚ
ਇੱਟ ਨਾਲ ਇੱਟ ਵੱਜੀ ਹੈ
ਔਰੰਗਜ਼ੇਬ! ਹੁਣ ਵੀ ਤੇਰੀ
ਇੱਟ ਨਾਲ ਇੱਟ ਵੱਜੇਗੀ।


(1) ...
(2) ...
(3) ...
(4) ...
(5) ...
(6) ...

Entrance ...

1— Giani Kirpal Singh
2— Giani Sahib Singh
3— Giani Puran Singh
4— S. Bhan Singh
5— S. Avnattei Singh
6— S. Ranjit Singh

ਤੋਸ਼ੇਖਾਨੇ ਸੰਬੰਧੀ ਸਿੰਘ ਸਾਹਿਬਾਨ ਦਾ ਬਿਆਨ



ਦਿਲੀ ਦੇ ਅਕਾਲੀ ਨੌਜਵਾਨਾਂ ਨੇ ਸਰਕਾਰ 'ਵਲੋਂ' ਦਰਬਾਰ ਸਾਹਿਬ ਵਿਚ ਫੌਜਾਂ ਭੇਜੇ ਜਾਣ ਤੇ ਆਪਣੇ ਗੰਮ ਤੇ ਗੁਸੇ ਦਾ ਇਜ਼ਹਾਰ ਇਉਂ ਕੀਤਾ।

ਤਸਵੀਰਾਂ ਅੱਖੀਂ ਵੇਖੀਆਂ

ਮਿੱਟੀ 'ਚ ਉੱਕਰੇ ਅੱਖਰ: ਨਵੇਂ ਪੁਰਾਣੇ ਨਿਖੜੇ ਨਕਸ਼

□ ਡਾ: ਦੇਵਿੰਦਰ ਕੌਰ

ਲੇਖਕ: ਚਰਨ ਸਿੰਘ
ਪ੍ਰਕਾਸ਼ਕ: ਨਵਯੁੱਗ ਪਬਲਿਸ਼ਰਜ਼, ਦਿੱਲੀ
ਸਫੇ: 96 ਮੁੱਲ: 25 ਰੁਪਏ

'ਮਿੱਟੀ 'ਚ ਉੱਕਰੇ ਅੱਖਰ' ਚਰਨ ਸਿੰਘ ਦਾ ਦੂਜਾ ਕਾਵਿ-ਸੰਗ੍ਰਹਿ ਹੈ। ਇਸ ਵਿੱਚ ਉਸ ਨੇ ਆਪਣੀਆਂ ਸਾਰੀਆਂ ਕਵਿਤਾਵਾਂ ਨੂੰ ਦੋ ਭਾਗਾਂ ਵਿੱਚ ਵੰਡ ਕੇ ਕਵਿਤਾ ਦੀ ਸ਼ੈਲੀ ਵਿੱਚ ਸਪੱਸ਼ਟ ਭਾਂਤ ਨਿਖੇੜਾ ਥਾਪਿਆ ਹੈ। ਇਹ ਕਾਵਿ-ਸੰਗ੍ਰਹਿ 1984 ਵਿੱਚ ਛਪਿਆ ਹੈ ਇਸ ਲਈ ਵਰਤਮਾਨ ਸਾਹਿਤਕ ਪ੍ਰਸੰਗ ਅਧੀਨ ਇਸ ਦੀ ਪਛਾਣ ਲਾਜ਼ਮੀ ਬਣ ਜਾਂਦੀ ਹੈ।

ਇਸ ਕਾਵਿ-ਸੰਗ੍ਰਹਿ ਦੇ ਦੂਜੇ ਭਾਗ ਦੀਆਂ ਕਵਿਤਾਵਾਂ ਪ੍ਰਗਤੀਵਾਦੀ-ਭਾਵਕੁਤਾਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਹਨ। ਇਸ ਵਿਚਾਰਧਾਰਾ ਨਾਲ ਸੰਬੰਧਿਤ ਅੰਮ੍ਰਿਤਾ-ਮੋਹਣ ਸਿੰਘ ਯੁੱਗ ਸੀ ਜਿੰਨ੍ਹਾਂ ਨੇ ਆਪਣੀ ਕਵਿਤਾ ਵਿੱਚ ਪੂੰਜੀਵਾਦੀ ਨਿਜ਼ਾਮ ਦਾ ਖੰਡਨ ਕਰਕੇ ਆਦਰਸ਼ਵਾਦੀ ਸਮਾਜਵਾਦ ਦੀ ਕਲਪਨਾ ਕੀਤੀ। ਇਹ ਦੌਰ ਕਦੋਂ ਸਦਾ ਲੰਘ ਚੁੱਕਿਆ ਹੈ।

ਪੁਸਤਕ ਦੇ ਪਹਿਲੇ ਭਾਗ ਦੀਆਂ 15 ਕਵਿਤਾਵਾਂ ਵਿੱਚ ਕਵੀ ਦਾ ਨਿਵੇਕਲਾ ਤੇ ਆਧੁਨਿਕ ਮੁਹਾਂਦਰਾ ਪਛਾਣਿਆ ਜਾ ਸਕਦਾ ਹੈ। ਇੰਨ੍ਹਾਂ ਕਵਿਤਾਵਾਂ ਦਾ ਨਵੇਕਲਾ ਲੱਛਣ ਇੰਨ੍ਹਾਂ ਵਿਚਲੀ ਬੌਧਿਕ ਚੇਤੰਨਤਾ ਹੈ। ਇਸ ਚੇਤੰਨਤਾ ਰਾਹੀਂ ਕਵੀ ਆਪਣੀ ਜ਼ਿੰਦਗੀ ਨੂੰ ਕਿਸੇ ਸੇਧ ਵਿੱਚ ਤੋਰਨਾ ਚਾਹੁੰਦਾ ਹੈ।

ਇਹਨਾਂ ਕਵਿਤਾਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਵਿਚਾਰ ਵਿੱਚ ਨਵੀਨ ਹਨ। ਇਹਨਾਂ ਕਵਿਤਾਵਾਂ ਵਿਚਲੀ 'ਮੈਂ' ਸ੍ਵੈ ਉਪਰ ਕੇਂਦਰਿਤ ਹੈ। ਇਸੇ ਸ੍ਵੈ ਵਿੱਚੋਂ ਹੀ ਉਹ ਜ਼ਿੰਦਗੀ ਦੇ ਹਾਂ ਮੁੱਖ ਅਤੇ ਨਾਂਹ ਮੁੱਖ ਦੋਹਾਂ ਪਹਿਲੂਆਂ ਦੀ ਤਲਾਸ਼ ਕਰਦੀ ਹੈ। ਇਸ ਲਈ ਕਿਧਰੇ ਤਾਂ ਉਸ ਨੂੰ ਸੂਰਜ ਡੁੱਬਦਾ ਹੀ ਨਹੀਂ ਦਿਸਦਾ। ਕਿਧਰੇ ਸਾਰਾ ਸ਼ਹਿਰ ਬਰਫ ਦੀ ਸਿਲ ਵਰਗਾ ਅਤੇ ਲੋਕ ਨਿਪੁੰਸਕ ਜਾਪਦਜ਼ ਹਨ। ਇਉਂ ਜ਼ਿੰਦਗੀ ਵਿੱਚ ਦੋਹਾਂ ਤਰ੍ਹਾਂ ਦੇ ਅਨੁਭਵ ਹੰਢਾਉਂਦਾ ਹੋਇਆ ਉਹ ਦੋਵੇਂ ਤਰ੍ਹਾਂ ਦੇ ਵਿਚਾਰ ਪੇਸ਼ ਕਰਦਾ ਹੈ। ਆਪਣੇ ਬੀਤੇ ਨੂੰ ਭੁੱਲ ਕੇ ਹੁਣ ਨੂੰ ਜੀਉਣ ਦਾ ਅਨੁਭਵ ਆਧੁਨਿਕ ਮਨੁੱਖ ਦਾ ਹੈ।

ਮਨੁੱਖ ਦੇ ਜੀਵਨ ਦੀ ਤੋਰ ਇੰਨੀ ਤੇਜ਼ ਹੋ ਚੁੱਕੀ ਹੈ ਕਿ ਉਸ ਕੋਲ ਕੇਵਲ ਬੀਤੇ ਹੋਏ ਕਲ ਨੂੰ ਹੀ ਰੋਈ ਜਾਣ ਦਾ ਵਕਤ ਨਹੀਂ। ਇੱਥੇ ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਨਸਾਨ ਦੀ ਭਾਵੁਕਤਾ ਮਰ ਗਈ ਹੈ ਲੇਕਿਨ ਇਹ ਕਹਿਣਾ ਚਾਹੀਦਾ ਹੈ ਕਿ ਅੱਜ ਦਾ ਮਨੁੱਖ ਆਪਣੀ ਭਾਵੁਕਤਾ ਦਾ ਦਮਨ ਕਰਦਾ ਹੈ। ਭਾਵੁਕਤਾ ਦੇ ਦਬਾਓ ਵਿੱਚੋਂ ਹੀ ਉਸ ਦੀਆਂ ਤਲਖੀਆਂ ਜਨਮ ਲੈਂਦੀਆਂ ਹਨ ਤੇ ਉਹ ਪੁਲਾੜ ਵਿੱਚ ਉਡਦਾ ਹੋਇਆ ਆਪੇ ਤੋਂ ਆਪੇ ਤੱਕ ਦਾ ਸਫਰ ਤੈਅ ਕਰਦਾ ਹੈ। ਆਪੇ ਤੋਂ ਆਪੇ ਦੀ ਤ੍ਰਿਸ਼ਨਾ, ਆਪੇ ਤੋਂ ਆਪੇ ਤੱਕ ਦਾ ਪੈਂਡਾ ਅੱਜ ਦੇ ਮਨੁੱਖ ਦੀ ਹੋਣੀ ਹੈ। ਇਸ ਹੋਣੀ ਨੂੰ ਭੋਗਦਾ ਹੋਇਆ ਇੰਨ੍ਹਾਂ ਕਵਿਤਾਵਾਂ ਵਿਚਲਾ ਕਵੀ ਜਦੋਂ ਚੇਤੰਨ ਹੋਣ ਦੀ ਗੱਲ ਕਰਦਾ ਹੈ। ਇਸ ਹੋਣੀ ਨੂੰ ਭੋਗਦਾ ਹੋਇਆ ਇਨ੍ਹਾਂ ਕਵਿਤਾਵਾਂ ਵਿਦਲਾ ਕਵੀ ਜਦੋਂ ਚੇਤੰਨ ਹੋਣ ਦੀ ਗੱਲ ਕਰਦਾ ਹੈ ਤਾਂ ਉਸ ਵਿੱਚ ਉਸ ਦੀ ਛੁੱਪੀ ਭਾਵੁਕਤਾ ਨਜ਼ਰ ਆਉਂਦੀ ਹੈ:

ਤੇਰੇ ਬਿਨ ਬਨਵਾਸ ਹੈ ਮਾਂ
ਪਰ ਬਾਪੂ ਦਸ਼ਰਥ ਨਹੀਂ ਮੇਰਾ
ਨਾ ਹੀ ਮੈਂ ਰਾਮ ਹਾਂ।" (ਪੰਨਾ 31)

ਇਹਨਾਂ ਕਵਿਤਾਵਾਂ ਵਿੱਚ ਵਿਚਾਰਧਾਰਾ ਨਵੀਂ ਹੋਣ ਦਾ ਕਾਰਣ ਇਸ ਦੇ ਪ੍ਰਤੀਕ ਵਿਧਾਨ ਵਿੱਚ ਨਵੀਨਤਾ ਹੋਣਾ ਹੈ। ਵਿਗਿਆਨਕ ਯੁੱਗ ਦੇ ਨਾਲ ਸੰਬੰਧਿਤ ਤਕਨੀਕੀ ਪ੍ਰਤੀਕਾ ਦੀ ਵਰਤੋਂ ਕਰ ਕੇ ਕਵੀ ਕਵਿਤਾ ਦਾ ਨਵੀਨ ਮਾਹੌਲ ਸਿਰਜਣ ਦਾ ਯਤਨ ਕਰਦਾ ਹੈ। ਲੇਕਿਨ ਇਹ ਨਵੀਨਤਾ ਪੈਰੋਲ ਦੇ ਪੱਧਰ ਦੀ ਕਹੀ ਜਾ ਸਕਦੀ ਹੈ। ਲੈਂਗ ਦੀ ਪੱਧਰ ਤੇ ਉਹ ਆਪਣੀਆਂ ਦੂਜੇ ਭਾਗ ਵਾਲੀਆਂ ਕਵਿਤਾਵਾਂ ਦੀ ਨਾਅਰੇਬਾਜ਼ੀ ਵਾਲੀ ਵਿਧੀ ਨੂੰ ਦੁਹਰਾਉਂਦਾ ਹੀ ਪ੍ਰਤੀਤ ਹੁੰਦਾ ਹੈ।

ਬੋਲ ਤੇਰੇ ਦੀਆਂ ਘੁੱਟਾਂ ਪੀਵਾਂ, ਹੋਠਾਂ ਨੂੰ ਵਰਚਾਵਾਂ,
ਪਰ ਅੰਦਰ ਵਿੱਚ ਹੋਰ ਵੀ ਡੂੰਘੀ, ਤ੍ਰੇਹ ਤਾਂ ਓਵੇਂ ਦੂਣੀਂ।

ਵਰਖਾ ਆਉਂਦੀ, ਆਕੇ ਮੁੜਦੀ, ਵਣ ਤ੍ਰਿਣ ਖਿੜ ਖਿੜ ਜਾਂਦੇ,
ਓਥੇ ਫੁੱਲ ਕਦੋਂ ਉਗੇ ਹਨ, ਜਿੱਥੇ ਅੱਗ ਦੀ ਧੂੰਣੀਂ ?

ਸਿੱਖੀ

ਪ੍ਰੋ: ਮੋਹਣ ਸਿੰਘ

ਉਹ ਕਿਹੜਾ ਬੂਟਾ ਏ?
ਹਰ ਥਾਂ ਜੋ ਪਲਦਾ ਏ —
ਆਰੇ ਦੇ ਦੰਦਿਆਂ ਤੇ
ਰੰਬੀ ਦੀਆਂ ਧਾਰਾਂ ਤੇ,
ਖੈਬਰ ਦਿਆਂ ਦੱਰਿਆਂ ਵਿਚ,
ਸਰਸਾ ਦੀਆਂ ਲਹਿਰਾਂ ਤੇ,
ਸਤਲੁਜ ਦੇ ਕੰਢੇ ਤੇ,
ਲੱਖੀ ਦੇ ਜੰਗਲ ਵਿੱਚ,
ਰੋੜਾਂ ਵਿੱਚ, ਰੱਕੜਾਂ ਵਿੱਚ,
ਬੰਜਰਾਂ ਵਿੱਚ, ਝੱਖੜਾਂ ਵਿੱਚ,
ਗੜਿਆਂ ਵਿੱਚ ਮੀਂਹਾਂ ਵਿੱਚ,
ਸਰਹੰਦ ਦੀਆਂ ਨੀਂਹਾਂ ਵਿੱਚ,
ਜਿਥੇ ਵੀ ਲਾ ਦਈਏ,
ਓਥੇ ਹੀ ਪਲਦਾ ਏ,
ਜਿਤਨਾ ਇਹ ਛਾਂਗ ਦਈਏ,
ਉਤਨਾ ਇਹ ਫਲਦਾ ਏ।

ਉਹ ਕਿਹੜਾ ਬੂਟਾ ਏ?

ਭੁਖਿਆਂ ਤਰਹਾਇਆਂ ਨੂੰ
ਜੋ ਫਲ ਖੁਆਂਦਾ ਏ,
ਥਕਿਆਂ ਤੇ ਟੁਟਿਆਂ ਨੂੰ,
ਛਾਂ ਵਿੱਚ ਸੁਆਂਦਾ ਏ,
ਜਿਹੜਾ ਵੀ ਸ਼ਰਨ ਲਏ,
ਉਸ ਤਾਈਂ ਬਚਾਂਦਾ ਏ।
ਜੇ ਝੱਖੜ ਆ ਜਾਵੇ,
ਜੇ ਹਨੇਰੀ ਆ ਜਾਵੇ,
ਅਬਦਾਲੀ ਆ ਜਾਵੇ,
ਕੋਈ ਨਾਦਰ ਆ ਜਾਵੇ,
ਮਾਸੂਮ ਗੁਟਾਰਾਂ ਨੂੰ,
ਬੇਦੋਸੀਆਂ ਚਿੜੀਆਂ ਨੂੰ
ਬੇਲੋਸੀਆਂ ਘੁੱਗੀਆਂ ਨੂੰ,
ਕੂੰਜਾਂ ਦੀਆਂ ਡਾਰਾਂ ਨੂੰ,
ਇਹ ਤੁਰਤ ਛੁਪਾ ਲੈਂਦਾ,
ਇਹ ਆਹਲਣੇ ਪਾ ਲੈਂਦਾ,
ਤੇ ਰਾਖਾ ਬਣ ਬਹਿੰਦਾ।
ਪੈਰ ਇਸ ਦੇ ਧਰਤੀ ਤੇ।
ਪਰ ਆਪ ਉਚੇਰਾ ਏ।
ਜੇਲ੍ਹਾਂ ਦੀਆਂ ਕੋਠੜੀਆਂ,
ਜ਼ੰਜੀਰਾਂ ਹਥਕੜੀਆਂ,
ਇਹ ਰੱਸੇ ਫਾਂਸੀ ਦੇ,
ਤੇ ਤੜੀਆਂ ਰਾਜ ਦੀਆਂ
ਜਾਗੀਰਾਂ ਦੇ ਚਕਮੇਂ,
ਸਰਦਾਰੀ ਦੇ ਤਕਮੇ,
ਦੁਨੀਆਂ ਦੀਆਂ ਤੰਗ-ਦਿਲੀਆਂ
ਤੇੜਾਂ ਤੇ ਪਾਰਟੀਆਂ,
ਗੁਮਰਾਹੀਆਂ, ਰੰਗ ਰਲੀਆਂ,
ਤੇ ਕੁੜੀਆਂ ਝੰਗ ਦੀਆਂ।
ਇਹਦੇ ਗੋਡਿਓਂ ਥੱਲੇ ਨੇ,
ਇਹਦੇ ਗਿਟਿਓਂ ਥੱਲੇ ਨੇ,
ਇਹਦੇ ਪੈਰੋਂ ਥੱਲੇ ਨੇ,
ਜਿਥੇ ਦਿਲ ਇਸਦਾ ਏ,
ਜਿਥੇ ਸਿਰ ਇਸ ਦਾ ਏ,
ਉਹ ਥਾਂ ਉਚੇਰੀ ਏ,
ਉਹ ਖੁਲ੍ਹੀ ਹਵਾ ਵਿੱਚ ਏ,
ਉਹ ਪਾਕ ਫਜ਼ਾ ਵਿੱਚ ਏ,
ਉਹ ਖਾਸ ਖੁਦਾ ਵਿੱਚ ਏ,
ਜਿਥੇ ਨਾ ਵੈਰ ਕੋਈ,
ਜਿਥੇ ਨਾ ਗੈਰ ਕੋਈ,
ਕੀ ਹੋਇਆ ਜੇ,
ਅੱਜ ਸ਼ਾਖਾਂ ਏਸ ਦੀਆਂ,
ਅੱਜ ਲਗਰਾਂ ਏਸ ਦੀਆਂ,
ਆਪੋ ਵਿੱਚ ਪਾਟ ਗਈਆਂ,
ਆਪੋ ਵਿੱਚ ਤਿੜਕ ਪਈਆਂ
ਕੋਈ ਪੂਰਬ ਚਲੀ ਗਈ,
ਕੋਈ ਪੱਛਮ ਚਲੀ ਗਈ,
ਕੋਈ ਪਿੰਡੀ ਮੱਲ ਬੈਠੀ,
ਕੋਈ ਭੈਣੀ ਜਾ ਬੈਠੀ,
ਪਰ ਮੁੱਢ ਤਾਂ ਇੱਕੋ ਏ,
ਪਰ ਖੂਨ ਤਾਂ ਸਾਂਝਾ ਏ।

ਫ਼ਿਲਮਾਂ



'ਭੂਮਿਕਾ' ਅਤੇ 'ਚੱਕਰ' ਵਿੱਚ ਆਪਣੇ ਉੱਤਮ ਅਭਿਨਯ ਦੇ ਲਈ ਪੁਰਸਕਾਰਤ ਸਮਿਤਾ ਪਾਟਿਲ ਇਹਨੀਂ ਦਿਨੀਂ ਕਲਾ ਫਿਲਮਾਂ 'ਚੋਂ ਵੱਡੇ ਬਜਟ ਦੀਆਂ ਫਿਲਮਾਂ ਵੱਲ ਰੁਖ ਕਰ ਰਹੀ ਹੈ ਇਸ ਗੱਲ ਨੇ ਇਹਨੀਂ ਦਿਨੀਂ ਉਸ ਨੂੰ ਵਿਵਾਦ ਦੇ ਘੇਰੇ ਵਿੱਚ ਵੀ ਲਿਆ ਖੜ੍ਹਾ ਕੀਤਾ ਹੈ ਇੱਥੇ ਪ੍ਰਸਤੁਤ ਹੈ ਉਸ ਨਾਲ ਇੱਕ ਗਲ-ਬਾਤ :

? 'ਚੱਕਰ' ਦੇ ਬਾਰੇ ਵਿੱਚ ਲੋਕਾਂ ਦੀ ਰਾਏ ਹੈ ਕਿ ਇਹ ਫ਼ਿਲਮ ਤੁਹਾਡੇ ਨਗਨ ਦ੍ਰਿਸ਼ ਦੀ ਵਜਹ ਕਰਕੇ ਚਲ ਰਹੀ ਹੈ !

—ਮੈਂ ਇਸ ਗੱਲ ਤੋਂ ਤੰਗ ਆ ਗਈ ਹਾਂ . ਅੱਜ-ਕਲ ਜਿਸ ਪਤਰਕਾਰ ਨੂੰ ਦੇਖੋ, ਉਹ ਇਹੀ ਵਿਸ਼ਾ ਲੈ ਕੇ ਚਲਿਆ ਆ ਰਿਹਾ ਹੈ . ਮੈਂ ਇਸ ਤਰ੍ਹਾਂ ਦੀਆਂ ਦਲੀਲਾਂ ਨੂੰ ਬੇਬੁਨਿਆਦ ਸਮਝਦੀ ਹਾਂ. ਐਸੀਆਂ ਦਲੀਲਾਂ ਅਤੇ ਅਰੋਪਾਂ ਨਾਲ ਤੁਸੀਂ ਲੋਕ ਇੱਕ ਯਥਾਰਥ ਪੂਰਨ ਫ਼ਿਲਮ ਦਾ, ਜੋ ਸਾਡੇ ਦੇਸ਼ ਦੇ ਨਿਮਨ ਵਰਗ ਦਾ, ਅੰਦਰੂਨੀ ਜ਼ਿੰਦਗੀ ਦੀ ਬੇਵਸੀ ਅਤੇ ਮਜਬੂਰੀ ਨੂੰ ਉਜਾਗਰ ਕਰਦੀ ਹੈ, ਅਪਮਾਨ ਕਰ ਰਹੇ ਹੋ . ਉਸ ਦੀ ਸਚਾਈ ਦਾ ਮਜ਼ਾਕ ਉਡਾ ਰਹੇ ਹੋ . ਕੀ 'ਚੱਕਰ' ਵਿੱਚ ਮੇਰੇ ਨਗਨ ਦ੍ਰਿਸ਼ ਦੇ ਇਲਾਵਾ ਹੋਰ ਕੁਝ ਵੀ ਨਹੀਂ ਹੈ, ਜੋ ਫਿਲਮ ਨੂੰ ਚਲਾ ਸਕੇ ! ਮੰਨ ਲਓ, ਫਿਲਮ ਜੇ ਫਲਾਪ ਹੁੰਦੀ, ਤਦ ਕੀ ਕਰਦੇ ਤੁਸੀਂ ? ਇਹੀ ਨਾ ਕਿ ਇਹ ਫਿਲਮ ਇਸ ਲਈ ਨਹੀਂ ਚਲੀ ਕਿ ਇਸ ਵਿੱਚ ਸਮਿਤਾ ਦੇ ਐਸੇ ਨਗਨ ਦ੍ਰਿਸ਼ ਹਨ ਜੋ ਸਾਡੀ ਭਾਰਤੀ ਮਾਨਸਿਕਤਾ ਦੇ ਲਈ ਢੁਕਵੇਂ ਨਹੀਂ ਹਨ ! ਕਿੰਨਾ ਛੋਟਾ ਕਰ ਦਿੰਦੇ ਹੋ, ਇੱਕ ਚੰਗੀ ਕਲਾਤਮਕ ਫਿਲਮ ਨੂੰ ਤੁਸੀਂ ਲੋਕ ਐਸੀਆਂ ਛੋਟੀਆਂ ਗੱਲਾਂ ਕਰਕੇ ! ਪਹਿਲਾਂ ਤਾਂ 'ਚੱਕਰ' ਦੀ ਸਥਿਤੀ ਇਹ ਸੀ ਕਿ ਮੈਨੂੰ ਪਤਾ ਵੀ ਨਹੀਂ ਸੀ ਕਿ ਇਹ ਫਿਲਮ ਰਲੀਜ਼ ਹੋ ਪਾਏਗੀ . ਕਿਉਂ ਕਿ ਮੈਂ ਜਾਣਦੀ ਹਾਂ ਕਿ ਐਸੀਆਂ ਫਿਲਮਾਂ ਦੇ ਦਰਸ਼ਕ ਬੜੇ ਸੀਮਤ ਹਨ . ਮੈਂ, ਫਿਲਮ ਵਿਕੇ, ਇਸ ਖਿਆਲ ਨਾਲ ਪ੍ਰਕਾਸ਼ ਮਹਿਰਾ ਨੂੰ 'ਚੱਕਰ' ਦਿਖਾਈ ਸੀ ਕਿਉਂਕਿ ਉਹ ਫਿਲਮਾਂ ਦੇ ਵਿਤਰਕ ਵੀ ਹਨ . ਪਰ ਉਨ੍ਹਾਂ ਨੇ ਫਿਲਮ ਨਹੀਂ ਖਰੀਦੀ . 'ਚੱਕਰ' ਦੀ ਪ੍ਰਸੰਸਾ ਜ਼ਰੂਰ ਕੀਤੀ . ਕਿੰਨੀਆਂ ਮੁਸ਼ਕਿਲਾਂ ਨਾਲ ਤਾਂ ਫਿਲਮ ਪ੍ਰਦਰਸ਼ਤ ਹੋਈ . ਹੁਣ ਜਦ 'ਚੱਕਰ' ਦੀ ਸਾਰੇ ਪਾਸੇ ਚਰਚਾ ਹੈ ਅਤੇ ਫਿਲਮ ਚੰਗਾ 'ਬਿਜ਼ਨਸ' ਕਰ ਰਹੀ ਹੈ, ਤਾਂ ਲੋਕ ਮੀਨ-ਮੇਖ ਕੱਢਣ ਵਿੱਚ ਲੱਗ ਗਏ ਹਨ ਅਤੇ ਇਸ ਉਪਰ ਬਹਿਸ ਕਰਨ ਬੈਠ ਗਏ ਹਨ ਕਿ 'ਚੱਕਰ' ਦੇ ਚਲਣ ਦਾ ਕਾਰਨ ਕੀ ਹੈ ? ਚਾਹੇ ਉਹ 'ਅਰਥ' ਹੋਵੇ ਜਾਂ 'ਚਸ਼ਮੇ ਬੱਦੂਰ' ਉਹ ਇਸੇ ਬਿਨਾ 'ਤੇ ਚਲ ਰਹੀਆਂ ਹਨ ਕਿ ਉਨ੍ਹਾਂ ਵਿੱਚ ਯਥਾਰਥ ਪੂਰਨ ਦ੍ਰਿਸ਼ਟੀਕੋਣ ਅਪਨਾਇਆ ਗਿਆ ਹੈ . ਦਰਸ਼ਕ ਨੂੰ ਕੁਝ ਲੱਭਦਾ ਹੈ ਇਨ੍ਹਾਂ ਫਿਲਮਾਂ ਵਿੱਚ . ਆਪਣੇ ਆਸ-ਪਾਸ ਦੀ ਸਚਾਈ.. ਆਪਣੇ ਨਾਲ ਮਿਲਦੇ-ਜੁਲਦੇ ਪਾਤਰ, ਪਰਿਵੇਸ਼...ਉਤਰਾ-ਚੜ੍ਹਾ...

? ਕਹਿੰਦੇ ਹਨ ਕਿ ਅੱਜ ਕਲ ਤੁਸੀਂ ਕਲਾਤ-ਮਕ ਫਿਲਮਕਾਰਾਂ ਤੋਂ ਉਨ੍ਹਾਂ ਦੀ ਹੈਸੀਅਤ ਨੂੰ ਭੁਲਾ ਕੇ ਜ਼ਿਆਦਾ ਪੈਸਿਆਂ ਦੀ ਮੰਗ ਕਰਨ ਲੱਗੇ ਹੋ ! ਜਦ ਕਿ ਇਨ੍ਹਾਂ ਫਿਲਮਾਂ ਨੇ ਹੀ ਤੁਹਾਨੂੰ ਸਥਾਪਤ ਕੀਤਾ ਹੈ . ਯਸ਼ ਅਤੇ ਸਨਮਾਨ ਦਿਲਵਾਇਆ ਹੈ !

—ਠੀਕ ਕਹਿ ਰਹੇ ਹੋ . ਅੱਜ ਜੋ ਵੀ ਮੈਂ ਹਾਂ, ਉਹ ਛੋਟੇ ਬਜਟ ਦੀਆਂ ਫਿਲਮਾਂ ਦੀ ਵਜ੍ਹਾ ਕਰਕੇ ਹੀ ਹਾਂ . ਅੱਜ ਜੋ ਮਾਣ-ਸਨਮਾਨ ਮੈਨੂੰ ਪ੍ਰਾਪਤ ਹੋਇਆ ਹੈ, ਉਹ ਇਨ੍ਹਾਂ ਹੀ ਫਿਲਮਾਂ ਨਾਲ . ਪਰ ਮੇਰੇ ਉੱਪਰ ਇਹ ਦੋਸ਼ ਗਲਤ ਲਾਇਆ ਗਿਆ ਹੈ . ਜਦ ਵੀ ਮੇਰੇ ਕੋਲ ਛੋਟੀਆਂ ਫਿਲਮਾਂ ਦੇ ਪ੍ਰਸਤਾਵ ਆਏ ਹਨ, ਮੈਂ ਲਪਕ ਕੇ ਚੰਗੀਆਂ ਭੂਮਿਕਾਵਾਂ ਨੂੰ ਲਿਆ ਹੈ . ਪੈਸਿਆਂ ਨਾਲ ਉਨ੍ਹਾਂ ਭੂਮਿਕਾਵਾਂ ਦਾ ਮੁੱਲ-ਭਾਅ ਨਾ ਮੈਂ ਪਹਿਲਾਂ ਹੀ ਕੀਤਾ ਹੈ ਨਾ ਹੁਣ ਹੀ ਕਰ ਰਹੀ ਹਾਂ . ਪੈਸਿਆਂ ਦੀ ਖਾਤਿਰ ਮੈਂ ਵੱਡੇ ਬਜਟ ਦੀਆਂ ਫਿਲਮਾਂ 'ਚ ਕੰਮ ਕਰਨਾ ਸ਼ੁਰੂ ਕੀਤਾ ਹੈ . ਕੋਈ ਵੀ ਵਿਅਕਤੀ ਇਸ ਸਚਾਈ ਤੋਂ ਮੁਨਕਰ ਨਹੀਂ ਹੋ ਸਕਦਾ ਕਿ ਜ਼ਿੰਦਗੀ ਵਿੱਚ ਪੈਸਿਆਂ ਦੀ ਜ਼ਰੂਰਤ ਹੁੰਦੀ ਹੈ . ਬਲਕਿ ਅੱਜ, ਜਦ ਕਿ ਮੈਂ ਬਹੁਤ ਵਿਅਸਤ ਹਾਂ, ਮੈਂ ਜੱਬਾਰ ਪਟੇਲ ਦੀ ਫ਼ਿਲਮ 'ਬਾਜ਼ਾਰ', ਮ੍ਰਿਣਾਲ ਸੇਨ ਦੀ ਨਵੀਂ ਬੰਗਲਾ ਫਿਲਮ, ਸਤਿਆਜੀਤ ਰੇਅ ਦੀ ਪ੍ਰਸਤਾਵ...ਸਭ ਕੁਝ ਸਵੀਕਾਰਿਆ ਹੈ . ਇਨ੍ਹਾਂ ਫ਼ਿਲਮਾਂ ਨੂੰ ਮੈਂ ਲਗਾਤਾਰ ਇਨ੍ਹਾਂ ਦੇ ਨਿਰਮਾਤਾ ਨਿਰਦੇਸ਼ਕਾਂ ਦੀ ਸੁਵਿਧਾ ਅਨੁਸਾਰ 'ਸ਼ੂਟਿੰਗ ਡੇਟਸ' ਦਿੱਤੀਆਂ ਹਨ ਅਤੇ ਲਗਾਤਾਰ ਦਿੱਤੀਆਂ ਹਨ, ਤਾਂ ਕਿ ਉਹ ਵਾਧੂ ਖਰਚੇ ਵਿੱਚ ਨਾ ਪੈਣ ਅਤੇ ਘੱਟ ਤੋਂ ਘੱਟ ਸਮੇਂ ਦੌਰਾਨ ਆਪਣੀਆਂ ਫਿਲਮਾਂ ਪੂਰੀਆਂ ਕਰ ਸਕਣ . ਮੈਨੂੰ ਜੱਬਾਰ ਪਟੇਲ ਦੀ ਫਿਲਮ 'ਦਹਿਲੀਜ਼' ਦੇ ਪ੍ਰਦਰਸ਼ਨ ਦੀ ਇੰਤਜ਼ਾਰ ਹੈ . ਮੇਰੀ ਪੂਰੀ ਕੋਸ਼ਿਸ਼ ਰਹੀ ਕਿ ਮੈਂ ਜੱਬਾਰ ਅਤੇ ਸਾਗਰ ਨੂੰ ਸਹਿਯੋਗ ਦੇ ਸਕਾਂ . 'ਬਾਜ਼ਾਰ' ਪੂਰੀ ਹੋ ਚੁਕੀ ਹੈ...ਪ੍ਰਦਰਸ਼ਨ ਦੇ ਲਈ ਤਿਆਰ ਹੈ . ਮੈਨੂੰ ਸੰਤੋਸ਼ ਹੈ . ਦਰਸ਼ਕ ਜ਼ਰੂਰ ਫਿਲਮ ਦੀ ਨਾਇਕਾ ਨਜਮਾ ਦੇ ਰੂਪ ਵਿੱਚ, ਮੇਰੇ ਇੱਕ ਵਿਦ-ਰੋਹਣੀ ਰੂਪ ਨੂੰ ਪਸੰਦ ਕਰਨਗੇ, ਜੋ ਮਜਬੂਰੀਆਂ-ਵਸ ਆਪਣੀ ਹੀ ਮਾਂ ਦੇ ਦਵਾਰਾ ਪਰਦੇ ਦੇ ਪਿੱਛੇ ਵੇਸਵਾਪਣ ਨੂੰ ਅਪਣਾਉਣ ਦੇ ਲਈ ਮਜਬੂਰ ਕੀਤੀ ਜਾਂਦੀ ਹੈ, ਕਿੰਤੂ ਉਹ ਆਪਣੇ ਅੰਦਰ ਦੀ ਔਰਤ ਤੋਂ ਬੇਬਸ ਹੈ, ਜਿਸ ਦੇ ਸੁਪਨਿਆਂ ਵਿੱਚ ਆਪਣੇ ਛੋਟੇ ਜਿਹੇ ਘਰ ਦੀ ਕਲਪਨਾ ਹੈ...ਅਤੇ ਉਹ ਉਸ ਕਲਪਨਾ ਨੂੰ ਯਥਾਰਥ ਦਾ ਜਾਮਾ ਪਹਿਨਾਣ ਦੇ ਲਈ ਆਪਣੇ ਪ੍ਰੇਮੀ ਸਾਹਿਰ ਸਲੀਮ (ਨਸੀਰ) ਤੋਂ ਦੂਰ ਹੋ ਕੇ ਗਲਤ ਧੰਦਿਆਂ ਵਿੱਚ ਫਸੇ ਹੋਏ ਇੱਕ ਯੁਵਕ ਭਰਤ ਕਪੂਰ ਦੇ ਨਾਲ ਭਜ ਜਾਂਦੀ ਹੈ . ਉਹ ਇਸ ਲਈ ਕਿ ਭਰਤ ਨੇ ਉਸ ਦੇ ਅੰਦਰ ਦੀ ਔਰਤ ਨੂੰ ਘਰ-ਆਂਗਨ ਦਾ ਸੁਪਨਾ ਦਿਖਾਇਆ ਹੈ . ਪਰ ਨਜਮਾ..'ਇੱਕ 'ਬਾਜ਼ਾਰ' 'ਚੋਂ ਨਿਕਲ ਕੇ ਦੂਜੇ ਵਿੱਚ ਪਹੁੰਚ ਜਾਂਦੀ ਹੈ . ਫਰਕ ਏਨਾ ਹੈ ਕਿ ਇੱਕ ਬਾਜ਼ਾਰ ਉਸ ਦੇ ਆਪਣੇ ਘਰ ਵਿੱਚ ਪੈਦਾ ਹੋ ਗਿਆ ਸੀ, ਦੂਜਾ ਭਰਤ ਕਪੂਰ ਦੇ ਰੂਪ ਵਿੱਚ.. ਜਿੱਥੇ ਇੱਕ ਦਿਨ ਉਸ ਦੀ ਆਤਮਾ ਖੁਦ ਹੀ ਉਸ ਨੂੰ ਨਿੰਦਣ ਲੱਗਦੀ ਹੈ ਕਿ ਉਹ ਆਪਣੇ ਘਰ ਦਾ ਸੁਪਨਾ ਕਿਨ੍ਹਾਂ-ਕਿਨ੍ਹਾਂ ਲੋਕਾਂ ਦੀਆਂ ਖੁਸ਼ੀਆਂ ਰੌਂਦ ਕੇ ਪੂਰਾ ਕਰਨਾ ਚਾਹੁੰਦੀ ਹੈ ?

ਜਾਣੀ ਔਰਤ ਦਾ ਸੰਪੂਰਨ ਰੂਪ, ਜੋ ਨਜਮਾ ਦੇ ਰੂਪ ਵਿੱਚ ਮੈਂ 'ਬਾਜ਼ਾਰ' ਵਿੱਚ ਜੀਵਿਆ ਹੈ, ਉਹ ਮੇਰੀ ਧਾਰਨਾ ਦੇ ਪ੍ਰਤੀਬਿੰਬ ਇੱਕ ਅਹਿਮ ਚਰਿੱਤਰ ਹੈ . ਮੈਂ 'ਬਾਜ਼ਾਰ' ਤੋਂ ਬੜੀਆਂ ਉਮੀਦਾਂ ਰੱਖ ਰਹੀ ਹਾਂ, ਕਿਉਂਕਿ ਮੈਂ ਜਾਣਦੀ ਹਾਂ ਕਿ ਇਨ੍ਹਾਂ ਫਿਲਮਾਂ ਵਿੱਚ ਮੈਨੂੰ ਸਹੀ ਕੰਮ ਕਰਨ ਨੂੰ ਮਿਲ ਰਿਹਾ ਹੈ . ਸਾਗਰ ਸਰਹੱਦੀ ਇਸ ਦੇ ਫੋਟੋਗ੍ਰਾਫਿਕ ਪਰਸਨ . ਉਹ ਕਲਾਕਾਰ ਨੂੰ ਪੂਰਾ-ਪੂਰਾ ਮੌਕਾ ਦਿੰਦੇ ਹਨ ਕਿ ਉਹ ਚਰਿੱਤਰ ਵਿੱਚ ਚੰਗੀ ਤਰ੍ਹਾਂ ਡੁੱਬ ਜਾਏ ਕਿਉਂ ਕਿ ਇਸ ਲਈ ਉਹ ਇੱਕ ਸੋਚੇ-ਸਮਝੇ ਸਕ੍ਰਿਪਟ ਰਾਈਟਰ ਹਨ . ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਚਰਿੱਤਰ ਨੂੰ ਕਿਸ ਤਰ੍ਹਾਂ ਲੈ ਜਾਣਾ ਹੈ, ਉਸ ਨੂੰ ਕਿੱਥੇ, ਕਦੋਂ, ਕੀ ਮੋੜ ਦੇਣਾ ਹੈ .

? ਫਾਰਮੂਲਾ ਫਿਲਮਾਂ ਤੋਂ ਤੁਹਾਡੀਆਂ ਉਮੀਦਾਂ ਕੀ ਹਨ ? ਇਨ੍ਹਾਂ ਫਿਲਮਾਂ ਵਿੱਚੋਂ ਕਿਸੇ ਭੂਮਿਕਾ ਦਾ ਜ਼ਿਕਰ ਕਰਨ ਚਾਹੇਗੀ ?

—ਫਾਰਮੂਲਾ ਫ਼ਿਲਮਾਂ ਦੀਆਂ ਆਪਣੀਆਂ ਸੀਮਾਵਾਂ ਹੁੰਦੀਆਂ ਹਨ . ਮੌਕਾ ਮਿਲ ਜਾਵੇ ਤਾਂ ਗੱਲ ਹੋਰ ਹੁੰਦੀ ਹੈ . ਫਿਰ ਅਜੇ ਕੀ ਕਹਾਂ . ਅਜੇ ਮੈਂ ਫਾਰਮੂਲਾ ਫਿਲਮਾਂ ਦੀਆਂ ਆਪਣੀਆਂ ਭੂਮਿਕਾਵਾਂ ਬਾਰੇ ਕੁਝ ਨਹੀਂ ਕਹਿਣਾ ਚਾਹੁੰਦੀ . ਜਿੰਨਾ ਹੰਗਾਮਾ ਮੇਰੇ ਵੱਡੇ ਬਜਟ ਦੀਆਂ ਫ਼ਿਲਮਾਂ ਵਿੱਚ ਪ੍ਰਵੇਸ਼ ਕਰਨ 'ਤੇ ਮਚਾਇਆ ਗਿਆ ਹੈ, ਸ਼ਾਇਦ ਹੀ ਕਿਸੇ ਹੋਰ ਕਲਾਕਾਰ ਲਈ ਮਚਿਆ ਹੋਵੇ . ਚਾਹੇ ਉਹ ਸ਼ਬਾਨਾ ਹੋਵੇ, ਜਾਂ ਨਸੀਰ ਜਾਂ ਦੀਪਤੀ . ਇਸ ਲਈ ਮੈਂ ਚਾਹੁੰਦੀ ਹਾਂ ਕਿ ਪਹਿਲਾਂ ਮੇਰੀਆਂ ਵੱਡੇ ਬਜਟ ਦੀਆਂ ਫ਼ਿਲਮਾਂ ਪ੍ਰਦਰਸ਼ਤ ਹੋ ਲੈਣ, ਤਦ ਹੀ ਕੁਝ ਕਹਾਂ, ਜਾਂ ਇਨ੍ਹਾਂ ਤੋਂ ਕੋਈ ਉਮੀਦ ਕਰਾਂ .

? ਸਿਲਸਿਲਾ 'ਚੋਂ ਆਪ ਨੂੰ ਕਢਿਆ ਗਿਆ !

—ਬੇਹਤਰ ਹੋਏਗਾ ਕਿ ਤੁਸੀਂ ਗੱਡੇ ਮੁਰਦੇ ਨਾ ਉਖਾੜੋ . ਚੰਗਾ ਹੋਇਆ ਜੋ ਮੈਨੂੰ ਕੱਢ ਦਿੱਤਾ ਗਿਆ . ਕਰਨ ਲਈ ਸੀ ਹੀ ਕੀ . ਜਯਾ ਜੀ ਲਈ ਹੀ ਕੀ ਸੀ ? ਮੈਨੂੰ ਐਸੀਆਂ ਹਰਕਤਾਂ ਤੋਂ ਘਿਰਨਾ ਹੈ . ਚਾਹੇ ਉਹ ਯਸ਼ ਜੈਸੇ ਵੱਡੇ ਨਿਰਦੇਸ਼ਕ ਦਾ ਹੀ ਆਚਰਣ ਕਿਉਂ ਨਾ ਹੋਵੇ ?

? ਕਲਾਤਮਕ ਫ਼ਿਲਮਾਂ ਅਤੇ ਵੱਡੇ ਬਜਟ ਦੀਆਂ ਫਿਲਮਾਂ ਦੇ ਨਿਰਦੇਸ਼ਕਾਂ ਵਿੱਚ ਤੁਸੀ ਕੀ ਅੰਤਰ ਮਹਿਸੂਸ ਕਰਦੇ ਹੋ ?

—ਇਤਮੀਨਾਨ ਦਾ, ਟੀਮ ਵਰਕ ਦਾ... . ਛੋਟੇ ਬਜਟ ਦੀਆਂ ਫ਼ਿਲਮਾਂ ਵਿੱਚ ਨਿਰਦੇਸ਼ਕ ਸਟਾਰ ਹੁੰਦਾ ਹੈ, ਜਦ ਕਿ ਵੱਡੇ ਬਜਟ ਦੀਆ ਫਿਲਮਾਂ ਵਿੱਚ ਕਲਾਕਾਰ ਸਟਾਰ ਹੁੰਦਾ ਹੈ .

? ਪਿਛਲੇ ਦਿਨੀਂ ਤੁਹਾਨੂੰ ਅਤੇ ਰਾਜ ਬੱਬਰ ਨੂੰ ਲੈ ਕੇ ਬੜੀਆਂ ਅਫਵਾਹਾਂ ਉੜੀਆਂ... .

—ਕੋਈ ਹੋਰ ਨਾਂ ਲਓ ਨਾ ! ਰਾਜ ਦੇ ਨਾਲ ਤਾਂ ਕਾਫੀ ਦਿਨ ਹੋ ਗਏ ਨਾਮ ਜੁੜੇ ਹੋਏ . ਫਿਰ 'ਗਾਸਿਪ' ਦਾ ਤਾਂ ਦਸਤੂਰ ਹੈ ਕਿ ਕਿਸੇ ਵੀ ਚਰਚਿਤ ਅਭਿਨੇਤਰੀ ਦੇ ਨਾਲ ਕੋਈ ਵੀ ਨਾਮ ਸਾਲ ਭਰ ਤੋਂ ਜ਼ਿਆਦਾ ਨਹੀਂ ਜੁੜਿਆ ਰਹਿਣਾ ਚਾਹੀਦਾ . ਵੈਸੇ, ਵਾਕਈ ਰਾਜ ਮੇਰਾ ਬੜਾ ਪਿਆਰਾ ਦੋਸਤ ਹੈ ਅਤੇ ਦੋਸਤ ਮੇਰੀ ਜ਼ਿੰਦਗੀ ਵਿੱਚ ਬੜੀ ਅਹਿਮੀਅਤ ਰੱਖਦੇ ਹਨ .

? ਕਈ ਵੱਡੇ ਬਜਟ ਦੀਆਂ ਫਿਲਮਾਂ ਦੇ ਨਿਰ-ਮਾਤਾਵਾਂ ਦੀ ਸ਼ਿਕਾਇਤ ਹੈ ਕਿ ਤੁਹਾਡੇ ਮੂਡੀਪਨ ਦੀ ਵਜਹ ਨਾਲ ਉਨ੍ਹਾਂ ਨੂੰ ਆਪਣੀ ਸ਼ੂਟਿੰਗ ਰੱਦ ਕਰਨੀ ਪਈ !

—ਮੈਂ ਅਤੇ ਮੂਡੀ ! ਓ ਨਹੀਂ, ਮੇਰੀ ਵਜਹ ਨਾਲ ਇੱਕ ਅੱਧ ਵਾਰੀ ਅਜਿਹਾ ਹੋਇਆ ਹੈ, ਕਿੰਤੂ ਉਹ ਅਚਾਨਕ ਤਬੀਅਤ ਖਰਾਬ ਹੋ ਜਾਣ ਦੀ ਵਜਹ ਨਾਲ . ਮੂਡੀ-ਫੂਡੀ ਮੈਂ ਨਹੀਂ ਹਾਂ . ਨਾ ਮੇਰਾ ਦਿਮਾਗ ਹੀ ਸੱਤਵੇਂ ਅਸਮਾਨ 'ਤੇ ਚੜ੍ਹਿਆ ਹੈ ਅਤੇ ਚੜ੍ਹੇਗਾ ਵੀ ਨਹੀਂ, ਇਸ ਦੀ ਵੀ ਗਾਰੰਟੀ ਹੈ . ■



ਕਾਰਾਂ ਦੀ ਇਨਸ਼ੋਰੈਂਸ ਕਰਵਾਉਣ ਸਮੇਂ ਧਿਆਨ ਦਿਓ!!

ਵੈਨਕੂਵਰ - ਐਸ. ਐਂਡ ਐਸ. ਇਨਸ਼ੋਰੈਂਸ ਦੇ ਸ: ਦਲਜੀਤ ਸਿੰਘ ਸਿੱਧੂ ਨੇ ਸਾਡੇ ਪ੍ਰਤੀਨਿਧ ਨੂੰ ਦੱਸਿਆ ਕਿ ਕਾਰਾਂ ਦੀ ਇਨਸ਼ੋਰੈਂਸ ਕਰਾਉਣ ਵੇਲੇ ਕਾਰ ਮਾਲਕਾਂ ਨੂੰ ਚੇਤੰਨ ਹੋ ਕੇ ਇਨਸ਼ੋਰੈਂਸ ਕਰਵਾਉਣੀ ਚਾਹੀਦੀ ਹੈ। ਕਿਉਂਕਿ ਕਈ ਵਾਰ 100 ਡਾਲਰ ਬਚਾਉਣ ਨਾਲ ਹਜ਼ਾਰਾਂ ਦਾ ਨੁਕਸਾਨ ਹੋ ਸਕਦਾ ਹੈ। ਸ: ਸਿੱਧੂ ਨੇ ਕਿਹਾ ਕਿ ਕਈ ਵਾਰ ਵਿਅਕਤੀ ਡਾਲਰ ਬਚਾਉਣ ਖਾਤਰ ਕੇਵਲ 'ਪਲੱਈਅਰ' ਲਈ ਹੀ ਇਨਸ਼ੋਰੈਂਸ ਖਰੀਦ ਲੈਂਦੇ ਹਨ ਪਰ ਜੇਕਰ ਬਦਕਿਸਮਤੀ ਨਾਲ ਕੰਮ ਤੇ ਜਾਂਦੇ ਦਾ ਐਕਸੀਡੈਂਟ ਹੋ ਜਾਵੇ ਤਾਂ ਇਨਸ਼ੋਰੈਂਸ ਕਾਰਪੋਰੇਸ਼ਨ ਇਨਸ਼ੋਰੈਂਸ ਨੂੰ ਠੀਕ ਨਹੀਂ ਮੰਨਦੀ।

ਉਹਨਾਂ ਕਿਹਾ ਕਿ ਆਈ. ਸੀ. ਬੀ. ਸੀ. ਇਨਸ਼ੋਰੈਂਸ ਤੋਂ ਜੁਆਬ ਵੀ ਦੇ ਸਕਦੀ ਹੈ ਜੇਕਰ ਪਤਾ ਲੱਗ ਜਾਵੇ ਕਿ ਆਦਮੀ ਕੰਮ ਤੇ ਕਾਰ ਲੈ ਕੇ ਜਾਂਦਾ ਹੈ। ਉਨ੍ਹਾਂ ਆਈ. ਸੀ. ਬੀ. ਸੀ. ਦੇ ਪ੍ਰਧਾਨ, ਮੀਤ-ਪ੍ਰਧਾਨ ਵੱਲੋਂ ਦੱਸੀ ਗਈ ਗੱਲ ਦੁਹਰਾਈ ਕਿ ਇੱਕ ਡਾਕ ਕਰਮਚਾਰੀ ਦੀ ਕਾਰ ਪਾਰਕਿੰਗ ਲਾਟ ਵਿੱਚੋਂ ਚੋਰੀ ਹੋ ਗਈ। ਉਸ ਦੀ ਇਨਸ਼ੋਰੈਂਸ 'ਪਲੱਈਅਰ' ਲਈ ਸੀ ਪਰ ਉਹ ਕੰਮ ਤੇ ਚੋਰੀ ਹੋਈ ਜਿਸ ਕਾਰਨ ਇਨਸ਼ੋਰੈਂਸ ਨੇ ਕਾਰ ਦੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ।

ਕੈਨੇਡਾ ਸਰਕਾਰ ਵੱਲੋਂ ਇਮੀਗਰੇਸ਼ਨ ਵਿੱਚ ਲਚਕ

ਔਟਵਾ - ਪਤਾ ਲੱਗਾ ਹੈ ਕਿ ਇਮੀਗਰੇਸ਼ਨ ਮਨਿਸਟਰ ਜੋਨ ਰਾਬਟਰਸ ਨੇ ਕਿਹਾ ਕਿ ਜਿੰਨ੍ਹਾਂ ਦਾ ਇੱਕ 21 ਸਾਲ ਤੋਂ ਵੱਧ ਉਮਰ ਦਾ ਲੜਕਾ ਜਾਂ ਲੜਕੀ ਪਰਿਵਾਰ ਨਾਲੋਂ ਦੂਜੇ ਦੇਸ਼ ਵਿੱਚ ਵੱਖ ਰਹਿ ਗਿਆ ਹੋਵੇ, ਤਾਂ ਇਮੀਗਰੇਸ਼ਨ ਮਹਿਕਮਾ ਉਸ ਦੇ ਕੇਸ ਤੇ ਹਮਦਰਦੀ ਨਾਲ ਵਿਚਾਰ ਕਰੇਗਾ। ਪ੍ਰਵਾਰਾਂ ਨੂੰ ਇਕੱਠੇ ਰਹਿਣ ਦੀ ਮੱਦ ਅਧੀਨ ਇਹ ਕਾਰਵਾਈ ਕੀਤੀ ਜਾ ਰਹੀ ਹੈ।

ਟਰਾਂਟੋ ਵਿੱਚ ਪੰਜਾਬੀ ਕਵਿਤਾ-ਪਾਠ

ਮੈਟਰੋਪੌਲੀਟਨ ਟਰਾਂਟੋ ਲਾਇਬਰੇਰੀ ਬੋਰਡ ਵੱਲੋਂ ਕੈਨੇਡਾ ਦੇ ਤਿੰਨ ਪੰਜਾਬੀ ਕਵੀ ਇਕਬਾਲ ਰਾਮੂਵਾਲੀਆ, ਸੁਖਿੰਦਰ ਅਤੇ ਸੁਰਿੰਦਰ ਧੰਜਲ ਪੰਜਾਬੀ ਕਵਿਤਾਵਾਂ 8 ਸਤੰਬਰ 1984 ਨੂੰ ਸ਼ਾਮ ਦੇ ਤਿੰਨ ਵਜੇ ਪੜ੍ਹ ਰਹੇ ਹਨ। ਬੋਰਡ ਵੱਲੋਂ ਸਭ ਸਰੋਤਿਆਂ ਨੂੰ ਸੱਦਾ ਪੱਤਰ ਦਿੱਤਾ ਗਿਆ ਹੈ।

ਕਵਿਤਾ ਪਾਠ ਦਾ ਸਥਾਨ - ਮੈਟਰੋਪੌਲੀਟਨ ਟਰਾਂਟੋ ਲਾਇਬਰੇਰੀ 789 Younge St., Toronto Meeting Room D

ਹੋਰ ਜਾਣਕਾਰੀ ਲਈ 928-5351 ਜਾਂ 918-5316

ਡਾ: ਹਰਿਭਜਨ ਸਿੰਘ

ਚਲ ਬਲ੍ਹਿਆ
ਤੈਨੂੰ ਪਿੰਡੋਂ ਬਾਹਰ ਛਡ ਆਵਾਂ

ਏਸ ਪਿੰਡ ਵਿਚ ਭੈਣ ਭਰਾਵਾਂ
ਸਿਰ ਕਾਵਾਂ ਦੀਆਂ ਛਾਵਾਂ
ਕਾਲੀ ਜੀਭ ਨੇ ਸੂਲੀ ਗੱਡੀ
ਭੋਗਣ ਲੋਕ ਸਜ਼ਾਵਾਂ
ਘਰ ਘਰ ਤਾਲੇ ਮਾਰ ਕੇ ਲੋਕੀਂ
ਬੈਠੇ ਵਿਚ ਸਰਾਵਾਂ
ਹਰ ਕੋਈ ਸੌਂਚੇ ਲੋਕੀਂ ਜਾਵਣ
ਤਾਂ ਮੈਂ ਘਰ ਨੂੰ ਜਾਵਾਂ

ਭੀੜਾਂ ਵਿੱਚ ਗੁਆਚ ਗਿਆ ਹੈ
ਸਭ ਦਾ ਨਾਂ-ਸਿਰਨਾਵਾਂ
ਜੀਵਣ ਵਿੱਚ ਹਨੇਰੇ ਡੁਬੀਆਂ
ਕੁਲ ਰੁੱਖਾਂ ਦੀਆਂ ਛਾਵਾਂ

ਘੁਪ ਹਨੇਰੀ ਚੁਪ 'ਚ 'ਚ ਗੁੰਮੀਆਂ
ਘਰ ਨੂੰ ਜਾਂਦੀਆਂ ਰਾਹਵਾਂ
ਏਸ ਪਿੰਡ ਵਿਚ ਕੋਈ ਨਾ ਜਿੱਥੋਂ
ਬਲਦੇ ਬੋਲ ਲਿਆਵਾਂ

ਕੋਈ ਨ ਮੇਰਾ ਬੋਲ ਪਛਾਣੇ
ਕਿਸ ਨੂੰ ਕੂਕ ਸੁਣਾਵਾਂ
ਮੈਂ ਹਾਂ ਜੀਵਣ ਹੋਰ ਕਿਸੇ ਦਾ
ਭਟਕ ਰਿਹਾ ਪਰਛਾਵਾਂ

ਮਰਨ-ਲਿਸਟ ਵਿਚ ਤੂੰ
ਤੇਰੇ ਤੇ ਗੋਲੀ ਦੀਆਂ ਨਿਗਾਹਵਾਂ
ਜੀਉਣ-ਲਿਸਟ ਵਿਚ, ਬੁਲ੍ਹਿਆ
ਤੇਰਾ ਕੀਵਣ ਨਾਉਂ ਲਿਖਾਵਾਂ

ਏਸ ਪਿੰਡ ਤੇਰਾ ਕੋਈ ਨ ਮਹਿਰਮ
ਕਿਸ ਤੋਂ ਮੁੱਲ ਕਰਾਵਾਂ
ਏਸ ਪਿੰਡ ਤੋਂ ਚੰਗੀਆਂ ਬੁਲ੍ਹਿਆ
ਓਬੜ ਔਝੜ ਥਾਵਾਂ

ਚਲ ਬੁਲ੍ਹਿਆ
ਤੈਨੂੰ ਪਿੰਡੋਂ ਬਾਹਰ ਛੱਡ ਆਵਾਂ

੦ ਦਰਵਾਜ਼ਾ

ਇਕ ਰੋਗੀ ਨੇ ਨਰਸ ਨੂੰ ਕਿਹਾ–"ਮੈਂ ਮੌਤ ਦੇ ਦਰ–ਵਾਜ਼ੇ ਤੇ ਖਲੋਤਾ ਹਾਂ।"
ਨਰਸ ਨੇ ਕਿਹਾ– "ਤੁਸੀਂ ਪਰੇਸ਼ਾਨ ਨਾ ਹੋਵੋ। ਡਾਕਟਰ ਤੁਹਾਨੂੰ ਇਸ ਦਰਵਾਜ਼ੇ ਚੋਂ ਆਸਾਨੀ ਨਾਲ ਪਾਰ ਕਰ ਦੇਵੇਗਾ।"

੦ ਜ਼ਿੰਦਗੀ ਦੀ ਸ਼ਰਤ


ਇਕ ਨਾਈ, ਜਿਹੜਾ ਬਹੁਤ ਹੀ ਤੇਜ਼ ਉਸਤਰੇ ਨਾਲ ਸ਼ੇਵ ਕਰ ਰਿਹਾ ਸੀ, ਨੇ ਗਾਹਕ ਨੂੰ ਪੁੱਛਿਆ "ਤੁਸੀਂ ਕਿੰਨੇ ਭਰਾ ਹੋ ?"
ਗਾਹਕ ਨੇ ਜਵਾਬ ਦਿਤਾ "ਤੇਰੇ ਉਸਤਰੇ ਤੋਂ ਬਚ ਗਿਆ ਤਾਂ ਚਾਰ ਹੋਵਾਂਗੇ, ਨਹੀਂ ਤਾਂ ਤਿੰਨ ਹੀ ਸਮਝੋ।"

੦ ਸਿਆਸਤਦਾਨ

ਸਿਆਸਤਦਾਨ ਉਹ ਹੈ, ਜਿਹਨੂੰ ਆਪਣਾ ਪਤਨੀ ਦਾ ਜਨਮ ਦਿਨ ਤਾਂ ਚੇਤੇ ਹੋਵੇ, ਪਰ ਉਹਦਾ ਉਮਰ ਯਾਦ ਨਾ ਹੋਵੇ।

GOYAL THE VIDEO KING


4160 FRASER ST., VANCOUVER, B.C. V5V 4E8. Ph. 873-8308



ਰਾਜਿੰਦਰ ਗੋਇਲ

Proudly Announces a Grand Sale On Panasonic® Products

Panasonic®
just slightly ahead of our time




$549.95

WORLD'S MOST ADVANCE
PORTABLE MACHINE
PV 6600 K



Now or only $1349.95



$675.00

Mail Orders Accepted

We Sell TV's, Microwave Ovens, Stereos, Calculators, Radios and Samsonite Luggage at VERY REASONABLE PRICES

JUST ARRIVED
PANASONIC'S
Irons, Toasters & Food Processors for Canadian Voltage

PANASONIC ALL-STAR VIDEO VALUES



Released or Releasing :

ਦੇਵ ਆਨੰਦ ਦੀ ਫਿਲਮ
ਅਨੰਦ ਔਰ ਅਨੰਦ

ਭਾਰਤੀ ਪੰਜਾਬੀ ਫਿਲਮ
ਵਹੁਟੀ ਹੱਥ ਸੋਟੀ

ਧਰਮਿੰਦਰ ਅਤੇ ਰਾਜੇਸ਼ ਖੰਨਾ ਦੀ ਫਿਲਮ
ਧਰਮ ਔਰ ਕਾਨੂੰਨ

ਰਾਜ ਬੱਬਰ ਅਤੇ ਰਤੀ ਅਗਨੀਹੋਤਰੀ
ਉਲਟਾ ਸੀਧਾ ਵਿੱਚ

ਅਸ਼ੋਕ ਕੁਮਾਰ
ਰਾਜਾ ਔਰ ਰਾਣਾ ਵਿੱਚ

ਏਕ ਔਰ ਅਨੇਕ ਫਿਲਮ ਦੇ ਗੀਤ ਗਾਏ
ਮੁਕੇਸ਼

and many more new and old Video Films
We've the biggest and best selection of Hindi/Punjabi Video Movies from India Pakistan.

ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਫੋਨ ਕਰੋ (604) 873-8308